front add page-1.qxd 5/25/2025 9:14 PM Page 1


ਸੋਮਵਾਰ, 26 ਮਈ, 2025

13 ਜੇਠ { ਨਾਨਕਸ਼ਾਹੀ 557
ਬਿਕਰਮੀ 2082

ਜਿਲਦ/VOL. : 73
ਅੰਕ/NO. : 355

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 26 MAY, 2025

ਜਲੰਧਰ


**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV


ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12



GOVT. OF PUNJAB

# ਈਜ਼ੀ ਰਜਿਸਟਰੀ

## ਨਾ ਦੇਰੀ, ਨਾ ਭ੍ਰਿਸ਼ਟਾਚਾਰ

(ਜ਼ਿਲ੍ਹਾ ਮੁਹਾਲੀ ਵਿੱਚ ਸ਼ੁਰੂ)

easyregistry.punjab.gov.in

## ਭਾਰਤ ਵਿੱਚ ਪਹਿਲੀ ਵਾਰ

- ਆਪਣੇ ਜ਼ਿਲ੍ਹੇ ਦੇ ਕਿਸੇ ਵੀ ਸਬ-ਰਜਿਸਟਰਾਰ ਦਫ਼ਤਰ ਵਿੱਚ ਆਪਣੀ ਡੀਡ ਕਰਵਾਓ ਰਜਿਸਟਰ
- 48 ਘੰਟਿਆਂ ਵਿੱਚ ਪੂਰੀ ਆਨਲਾਈਨ ਜਾਂਚ
- ਹੁਣ ਤਹਿਸੀਲਦਾਰਾਂ ਵੱਲੋਂ ਨਹੀਂ ਲੱਗਣਗੇ ਕੋਈ ਵੀ ਬੇਬੁਨਿਆਦ ਇਤਰਾਜ਼
- ਹੁਣ ਆਪਣੀ ਡੀਡ ਆਨਲਾਈਨ ਬਣਵਾਓ- 1076 'ਤੇ ਕਾਲ ਕਰੋ ਜਾਂ ਆਪਣੇ ਸਬ-ਰਜਿਸਟਰਾਰ ਦਫ਼ਤਰ ਦੇ ਸੇਵਾ ਕੇਂਦਰ ਵਿੱਚ ਜਾਓ
- ਰਿਸ਼ਵਤ ਮੰਗੇ ਜਾਣ 'ਤੇ ਵੱਟਸਐਪ 'ਤੇ ਸ਼ਿਕਾਇਤ ਦਰਜ ਕਰਵਾਓ- ਡੀ.ਸੀ. ਇਹ ਯਕੀਨੀ ਬਣਾਉਣਗੇ ਕਿ ਤੁਹਾਡੀ ਰਜਿਸਟਰੀ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਹੋ ਜਾਵੇ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# ਸਰਕਾਰੀ ਦਾਅਵਿਆਂ ਦੀ ਪੋਲ ਖੋਲ੍ਹ ਰਿਹੈ ਸਿਵਲ ਹਸਪਤਾਲ ਨਾਭਾ

- ਘੰਟਿਆਂਬੱਧੀ ਲਾਈਨਾਂ 'ਚ ਇੰਤਜ਼ਾਰ ਕਰਨ ਵਾਲੇ ਮਰੀਜ਼ਾਂ ਲਈ ਨਾ ਹੀ ਪੀਣ ਵਾਲੇ ਪਾਣੀ ਤੇ ਨਾ ਹੀ ਕੋਈ ਪੱਖੇ ਦਾ ਹੈ ਇੰਤਜ਼ਾਮ
- ਡਾਕਟਰਾਂ ਤੇ ਮੈਡੀਕਲ ਸਟਾਫ ਦੀ ਪਾਈ ਜਾ ਰਹੀ ਹੈ ਵੱਡੀ ਘਾਟ




**ਨਾਭਾ (ਵਰਿੰਦਰ ਵਰਮਾ)**-ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣ ਦੇ ਦਾਅਵੇ ਕਰਦੀ ਹੈ ਕਿ ਪੰਜਾਬ ਦੇ ਸਰਕਾਰੀ ਹਸਪਤਾਲ ਪ੍ਰਾਈਵੇਟ ਹਸਪਤਾਲਾਂ ਤੋਂ ਬਿਹਤਰ ਸਹੂਲਤਾਂ ਦੇ ਰਹੇ ਹਨ। ਇਨ੍ਹਾਂ ਝੂਠੇ ਦਾਅਵਿਆਂ ਦੀ ਪੋਲ ਉਸ ਸਮੇਂ ਖੁੱਲ੍ਹਦੀ ਦੇਖੀ ਗਈ, ਜਦੋਂ ਸਿਵਲ ਹਸਪਤਾਲ ਨਾਭਾ ਵਿਖੇ 45 ਡਿਗਰੀ ਤਾਪਮਾਨ ਦੇ ਬਾਵਜੂਦ ਬਿਨਾਂ ਪੱਖੇ ਤੇ ਬਿਨਾਂ ਪੀਣ ਵਾਲੇ ਪਾਣੀ ਤੋਂ ਲੋਕ ਲਾਈਨਾਂ ਵਿੱਚ ਲੱਗ ਕੇ ਦਵਾਈ ਲੈਣ ਦਾ ਇੰਤਜ਼ਾਰ ਕਰਦੇ ਦਿਖਾਈ ਦਿੱਤੇ। ਇਹ ਸਮੱਸਿਆ ਇੱਕ ਦਿਨ ਦੀ ਨਹੀਂ, ਬਲਕਿ ਰੋਜ਼ਾਨਾ ਦੀ ਹੈ, ਜਦੋਂ ਕਈ ਕਈ ਘੰਟੇ ਇੰਤਜ਼ਾਰ ਕਰਕੇ ਪਹਿਲਾਂ ਓਪੀਡੀ ਸੇਵਾਵਾਂ ਡਾਕਟਰਾਂ ਦੀ ਕਮੀ ਕਰਕੇ ਇੰਤਜ਼ਾਰ ਕਰਨਾ ਪੈਂਦਾ ਹੈ ਅਤੇ ਬਾਅਦ ਵਿੱਚ ਫਰੀ ਦਵਾਈ ਲੈਣ ਲਈ ਕਈ ਕਈ ਘੰਟੇ ਧੁੱਪ ਵਿੱਚ ਇੰਤਜ਼ਾਰ ਕਰਨਾ ਪੈਂਦਾ ਹੈ। ਹਾਲਾਤ ਇਹ ਹਨ ਕਿ ਸਿਹਤ ਪ੍ਰਸ਼ਾਸਨ ਵੱਲੋਂ ਇਨ੍ਹਾਂ ਮਰੀਜ਼ਾਂ ਲਈ ਨਾ ਤਾਂ ਗਰਮੀ ਤੋਂ ਬਚਣ ਲਈ ਕੋਈ ਪੱਖੇ ਦਾ ਇੰਤਜ਼ਾਮ ਕੀਤਾ ਗਿਆ ਹੈ, ਨਾ ਹੀ ਪੀਣ ਵਾਲੇ ਪਾਣੀ ਦਾ ਦੇਖਣ ਤੇ ਪਤਾ ਲੱਗਿਆ ਕਿ ਪੀਣ ਵਾਲੇ ਪਾਣੀ ਦੀ ਥਾਂ ਜ਼ਰੂਰ ਬਣਾਈ ਗਈ ਹੈ, ਪਰ ਉਥੋਂ ਟੂਟੀਆਂ ਹੀ ਗਾਇਬ ਹਨ, ਜਿਸ ਕਰਕੇ ਇੰਨੀ ਗਰਮੀ ਦੇ ਬਾਵਜੂਦ ਬਿਨਾਂ ਪਾਣੀ ਤੋਂ ਬਜ਼ੁਰਗ ਲੋਕ ਪ੍ਰੇਸ਼ਾਨ ਹੋ ਰਹੇ ਹਨ।ਇਸ ਤੋਂ ਇਲਾਵਾ ਸਿਵਲ ਹਸਪਤਾਲ ਨਾਭਾ ਵਿਖੇ ਬਹੁਤ ਸਾਰੇ ਸਰਕਾਰੀ ਡਾਕਟਰਾਂ ਦੀ ਘਾਟ ਹੈ ਨਾ ਤਾਂ ਐਮਰਜੈਂਸੀ ਵਿੱਚ ਈਐੱਮਓ ਦੇ ਪਦ ਭਰੇ ਗਏ ਹਨ, ਜਿਸ ਕਰਕੇ ਸਪੈਸ਼ਲਿਸਟ ਡਾਕਟਰ ਨੂੰ ਐਮਰਜੈਂਸੀ ਸੇਵਾਵਾਂ ਦੇਣੀਆਂ ਪੈ ਰਹੀਆਂ ਹਨ, ਜਿਸ ਦਾ ਸਿੱਧਾ ਨੁਕਸਾਨ ਰੋਜ਼ਾਨਾ ਇਲਾਜ ਕਰਵਾਉਣ ਵਾਲੇ ਲੋਕਾਂ ਨੂੰ ਉਠਾਉਣਾ ਪੈ ਰਿਹਾ। ਇਸ ਤੋਂ ਇਲਾਵਾ ਗਾਇਨੀ ਵਿਭਾਗ, ਮੈਡੀਸਨ, ਨਸ਼ਾ ਛਡਾਊ, ਅੱਖਾਂ ਵਿਭਾਗ, ਦਿਲ ਦੇ ਰੋਗਾਂ ਦੇ ਮਾਹਰ ਡਾਕਟਰਾਂ ਦੇ ਕਈ ਅਹੁਦੇ ਖਾਲੀ ਹਨ, ਕਿਉਂਕਿ ਸਰਕਾਰ ਵੱਲੋਂ ਡਾਕਟਰਾਂ ਦੀਆਂ ਅਸਾਮੀਆਂ ਭਰੀਆਂ ਨਾ ਜਾਣ ਕਾਰਨ ਡਾਕਟਰਾਂ ਦੀ ਵੱਡੀ ਘਾਟ ਮਹਿਸੂਸ ਹੋ ਰਹੀ ਹੈ।

ਇਸ ਸਬੰਧੀ ਇਲਾਜ ਕਰਵਾਉਣ ਵਾਲੇ ਮਰੀਜ਼ਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਭਾਵੇਂ ਲੱਖ ਦਾਅਵੇ ਕੀਤੇ ਜਾਣ ਕਿ ਸਰਕਾਰੀ ਹਸਪਤਾਲਾਂ ਵਿੱਚ ਇਲਾਜ ਬਿਹਤਰ ਹੈ, ਪਰ ਹਕੀਕਤ ਵਿੱਚ ਉਹ ਬਹੁਤ ਪ੍ਰੇਸ਼ਾਨ ਹਨ, ਜਿੱਥੇ ਸਰਕਾਰੀ ਡਾਕਟਰਾਂ ਦੀ ਘਾਟ ਕਰਕੇ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ, ਉੱਥੇ ਹੀ ਗਰਮੀ ਦੇ ਮੌਸਮ ਦੌਰਾਨ ਨਾ ਪੀਣ ਵਾਲਾ ਪਾਣੀ ਹੈ ਅਤੇ ਨਾ ਹੀ ਉਨ੍ਹਾਂ ਲਈ ਪੱਖੇ ਲਗਾਏ ਗਏ ਹਨ ਅਤੇ ਨਾ ਹੀ ਬੈਠਣ ਲਈ ਕੋਈ ਜਗ੍ਹਾ ਹੈ, ਜਿਸ ਕਾਰਨ ਇਲਾਜ ਕਰਵਾਉਣ ਆਏ ਖਾਸ ਕਰ ਬਜ਼ੁਰਗ ਤੇ ਬੱਚਿਆਂ ਨੂੰ ਅੱਤ ਦੀ ਗਰਮੀ ਵਿੱਚ ਕਈ ਕਈ ਘੰਟੇ ਲਾਈਨਾਂ ਵਿੱਚ ਖੜ ਕੇ ਬਿਨਾਂ ਪੱਖੇ ਤੇ ਬਿਨਾਂ ਪੀਣ ਵਾਲੇ ਪਾਣੀ ਤੋਂ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਾਰੀ ਸਮੱਸਿਆ ਸਬੰਧੀ ਜਦੋਂ ਸੀਨੀਅਰ ਮੈਡੀਕਲ ਅਫਸਰ ਸਿਵਲ ਹਸਪਤਾਲ ਨਾਭਾ ਡਾਕਟਰ ਵੀਨੂੰ ਗੋਇਲ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਸਮੇਂ ਸਮੇਂ ਸਿਰ ਸਿਹਤ ਵਿਭਾਗ ਨੂੰ ਖਾਲੀ ਪਈਆਂ ਅਸਾਮੀਆਂ ਸਬੰਧੀ ਜਾਣੂ ਕਰਵਾਇਆ ਗਿਆ ਹੈ, ਮਰੀਜ਼ਾਂ ਨੂੰ ਗਰਮੀ ਦੇ ਮੌਸਮ ਦੌਰਾਨ ਪੀਣ ਵਾਲੇ ਪਾਣੀ ਤੇ ਪੱਖਿਆਂ ਦੀ ਕਮੀ ਸਬੰਧੀ ਉਨ੍ਹਾਂ ਕਿਹਾ ਕਿ ਦਵਾਈ ਲੈਣ ਆਏ ਮਰੀਜ਼ਾਂ ਲਈ ਪੱਖੇ ਲਗਾਏ ਗਏ ਸਨ, ਪਰ ਸ਼ਰਾਰਤੀ ਅਨਸਰਾਂ ਨੇ ਪੱਖੇ ਚੋਰੀ ਕਰ ਲਏ। ਉਨ੍ਹਾਂ ਕਿਹਾ ਕਿ ਹੁਣ ਵਿਭਾਗ ਜਲਦ ਹੀ ਫਰਾਟੇ ਪੱਖੇ ਲਗਾ ਕੇ ਲੋਕਾਂ ਨੂੰ ਗਰਮੀ ਤੋਂ ਬਚਾਵੇਗਾ ਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰੇਗਾ।

## ਪੰਜਾਬੀ 'ਵਰਸਿਟੀ ਵਿਖੇ ਡਾ. ਰਤਨ ਸਿੰਘ ਜੱਗੀ ਨੂੰ ਦਿੱਤੀ ਸ਼ਰਧਾਂਜਲੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਬੀਤੇ ਦਿਨ ਸਦੀਵੀ ਵਿਛੋੜਾ ਦੇ ਗਏ ਉੱਘੇ ਵਿਦਵਾਨ ਤੇ ਖੋਜੀ ਡਾ. ਰਤਨ ਸਿੰਘ ਜੱਗੀ ਨੂੰ ਸ਼ਰਧਾਂਜਲੀ ਦੇਣ ਹਿੱਤ ਪੰਜਾਬੀ ਯੂਨੀਵਰਸਿਟੀ ਵਿਖੇ ਸ਼ੋਕ ਸਭਾ ਕਰਵਾਈ ਗਈ।ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਵੱਲੋਂ ਇਸ ਮੌਕੇ ਸ਼ੋਕ ਮਤਾ ਪੜ੍ਹਦਿਆਂ ਉਨ੍ਹਾਂ ਦੇ ਇਸ ਅਕਹਿ ਵਿਛੋੜੇ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ।ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਹੋਣਹਾਰ ਵਿਦਵਾਨ ਡਾ. ਜੱਗੀ ਨੂੰ ਨਿੱਘੀ ਸ਼ਰਧਾਂਜਲੀ ਭੇਟ ਕਰਦਿਆਂ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਤੇ ਉਨ੍ਹਾਂ ਦੇ ਸਮੂਹ ਪਾਠਕਾਂ ਨਾਲ ਦੁੱਖ ਵਿੱਚ ਸ਼ਰੀਕ ਹੈ।ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਨੂੰ ਮਾਣ ਹੈ ਕਿ ਡਾ. ਜੱਗੀ ਜਿਹੀਆਂ ਉੱਚ ਦੁਮਾਲੜੇ ਕੱਦ ਵਾਲੀਆਂ ਸ਼ਖ਼ਸੀਅਤਾਂ ਯੂਨੀਵਰਸਿਟੀ ਨਾਲ ਜੁੜੀਆਂ ਹੋਈਆਂ ਹਨ।ਅਜਿਹਾ ਹੋਣਾ ਪੰਜਾਬੀ ਯੂਨੀਵਰਸਿਟੀ ਦੀ ਮਹਾਨ ਵਿਰਾਸਤ ਦਾ ਪ੍ਰਮਾਣ ਪੇਸ਼ ਕਰਦਾ ਹੈ।ਜ਼ਿਕਰਯੋਗ ਹੈ ਕਿ ਯੂਨੀਵਰਸਿਟੀ ਵੱਲੋਂ ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ ਤੇ ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਉਨ੍ਹਾਂ ਦੇ ਅੰਤਿਮ ਸੰਸਕਾਰ ਦੀ ਰਸਮ ਮੌਕੇ ਵੀ ਹਾਜ਼ਰ ਹੋਏ।ਸ਼ੋਕ ਸਭਾ ਮੌਕੇ ਯੂਨੀਵਰਸਿਟੀ ਦੇ ਵੱਖ-ਵੱਖ ਅਧਿਕਾਰੀਆਂ ਤੋਂ ਇਲਾਵਾ ਅਧਿਆਪਨ ਤੇ ਗੈਰ-ਅਧਿਆਪਨ ਅਮਲੇ ਦੇ ਮੈਂਬਰ ਹਾਜ਼ਰ ਸਨ।ਜ਼ਿਕਰਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਲੰਬਾ ਸਮਾਂ ਡਾ. ਜੱਗੀ ਦੀ ਕਰਮਭੂਮੀ ਰਹੀ ਹੈ।ਖੋਜ, ਸਮੀਖਿਆ ਤੇ ਚਿੰਤਨ ਦੇ ਵਧੇਰੇ ਕਾਰਜ ਉਨ੍ਹਾਂ ਪੰਜਾਬੀ ਯੂਨੀਵਰਸਿਟੀ ਨਾਲ ਜੁੜ ਕੇ ਹੀ ਸੰਪੰਨ ਕੀਤੇ ਹਨ।ਪੰਜਾਬੀ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਲਾਈਫ ਫੈਲੋਸ਼ਿਪ ਪ੍ਰਦਾਨ ਕੀਤੀ ਗਈ ਸੀ।

## ਨਾਬਾਰਡ ਦੇ ਦਫ਼ਤਰ ਦਾ ਡਿਪਟੀ ਕਮਿਸ਼ਨਰ ਵੱਲੋਂ ਉਦਘਾਟਨ



**ਮਾਨਸਾ (ਆਤਮਾ ਸਿੰਘ ਪਮਾਰ)**-ਰਾਸ਼ਟਰੀ ਖੇਤੀਬਾੜੀ ਤੇ ਪੇਂਡੂ ਵਿਕਾਸ ਬੈਂਕ (ਨਾਬਾਰਡ), ਜੋ ਕਿ ਇੱਕ ਸਿਖਰਲੀ ਵਿਕਾਸ ਅਤੇ ਵਿੱਤੀ ਸੰਸਥਾ ਹੈ, ਨੇ ਮਾਨਸਾ ਵਿਖੇ ਆਪਣਾ ਦਫ਼ਤਰ ਖੋਲ੍ਹ ਲਿਆ ਹੈ, ਜਿਸ ਦਾ ਉਦਘਾਟਨ ਡਿਪਟੀ ਕਮਿਸ਼ਨਰ ਮਾਨਸਾ ਸ੍ਰੀ ਕੁਲਵੰਤ ਸਿੰਘ ਆਈ ਏ ਐੱਸ ਵੱਲੋਂ ਕੀਤਾ ਗਿਆ।ਇਸ ਮੌਕੇ ਉਨ੍ਹਾਂ ਕਿਹਾ ਕਿ ਨਾਬਾਰਡ ਕੋਲ ਪਹਿਲਾਂ ਬਠਿੰਡਾ ਵਿਖੇ ਇੱਕ ਕਲਸਟਰ ਦਫ਼ਤਰ ਸੀ, ਜੋ ਮਾਨਸਾ ਜ਼ਿਲ੍ਹੇ ਦੀਆਂ ਸੇਵਾਵਾਂ ਵੀ ਨਾਲੋਂ ਨਾਲ ਨਿਭਾਉਂਦਾ ਸੀ।ਉਨ੍ਹਾਂ ਦੱਸਿਆ ਕਿ ਹੁਣ ਨਾਬਾਰਡ ਵੱਲੋਂ ਆਪਣਾ ਦਫ਼ਤਰ ਮਾਨਸਾ ਵਿਖੇ ਬਣਾਇਆ ਗਿਆ ਹੈ।ਉਨ੍ਹਾਂ ਦੱਸਿਆ ਕਿ ਇਸ ਨਵੀਂ ਵਿਵਸਥਾ ਦਾ ਉਦੇਸ਼ ਮਾਨਸਾ ਜ਼ਿਲ੍ਹੇ ਦੇ ਪੇਂਡੂ ਖੇਤਰਾਂ ਵਿੱਚ ਖੇਤੀਬਾੜੀ ਤੇ ਹੋਰ ਵਿਕਾਸ ਦੀਆਂ ਜ਼ਰੂਰਤਾਂ 'ਤੇ ਧਿਆਨ ਕੇਂਦਰਤ ਕਰਨਾ ਹੈ।ਜਨਰਲ ਮੈਨੇਜਰ ਨਾਬਾਰਡ ਸ੍ਰੀ ਮਨੋਹਰ ਲਾਲ ਨੇ ਦੱਸਿਆ ਕਿ ਮਾਨਸਾ ਜ਼ਿਲ੍ਹੇ ਲਈ ਸ੍ਰੀ ਵਿਵੇਕ ਗੁਪਤਾ ਨੂੰ ਜ਼ਿਲ੍ਹਾ ਵਿਕਾਸ ਪ੍ਰਬੰਧਕ ਵਜੋਂ ਨਿਯੁਕਤ ਕੀਤਾ ਗਿਆ ਹੈ, ਜੋ ਨਾਬਾਰਡ ਦਫ਼ਤਰ ਨਾਲ ਸਬੰਧਤ ਕੰਮਾਂ ਨੂੰ ਮਾਨਸਾ ਜ਼ਿਲ੍ਹੇ ਅੰਦਰ ਦੇਖਣਗੇ।ਇਸ ਮੌਕੇ ਸ੍ਰੀ ਵਿਵੇਕ ਗੁਪਤਾ ਜ਼ਿਲ੍ਹਾ ਵਿਕਾਸ ਪ੍ਰਬੰਧਕ ਨੇ ਨਾਬਾਰਡ ਦੇ ਕੰਮਕਾਜ ਤੇ ਜ਼ਿਲ੍ਹੇ ਵਿੱਚ ਵੱਖ-ਵੱਖ ਵਿਕਾਸੀ ਪਹਿਲੂਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਤੇ ਜ਼ਿਲ੍ਹੇ ਵਿੱਚ ਲਾਗੂ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਵਿਕਾਸ ਪਹਿਲਕਦਮੀਆਂ 'ਤੇ ਵੀ ਚਾਨਣਾ ਪਾਇਆ।ਇਸ ਮੌਕੇ ਭੁਪਿੰਦਰ ਸਿੰਘ ਐੱਲ.ਡੀ.ਐੱਮ. ਮਾਨਸਾ, ਤੇਜਿੰਦਰ ਸਿੰਘ ਡਾਇਰੈਕਟਰ ਮੱਛੀ ਪਾਲਣ ਵਿਭਾਗ, ਫੰਕਸ਼ਨ ਮੈਨੇਜਰ ਉਦਯੋਗ ਕੇਂਦਰ ਅਮਰਜੀਤ ਸਿੰਘ, ਫੰਕਸ਼ਨ ਮੈਨੇਜਰ ਪਰਮਿੰਦਰ ਸਿੰਘ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਭਰਤੀ ਮੁਹਿੰਮ ਨੂੰ ਲੈ ਕੇ ਲੋਕਾਂ 'ਚ ਭਾਰੀ ਉਤਸ਼ਾਹ : ਜਗਸੀਰ ਭੋਲਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸ੍ਰੀ ਅਕਾਲ ਤਖਤ ਸਾਹਿਬ ਤੋਂ ਐਲਾਨੀ ਪੰਜ ਮੈਂਬਰੀ ਕਮੇਟੀ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ੁਰੂ ਕੀਤੀ ਭਰਤੀ ਮੁਹਿੰਮ ਤਹਿਤ ਪਿੰਡ ਛੀਨੀਵਾਲ ਕਲਾਂ ਵਿਖੇ ਭਰਤੀ ਕੀਤੀ ਗਈ।ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਉੱਘੇ ਆਗੂ ਜਗਸੀਰ ਸਿੰਘ ਭੋਲਾ ਛੀਨੀਵਾਲ ਨੇ ਦੱਸਿਆ ਕਿ ਇਸ ਭਾਰਤੀ ਮੁਹਿੰਮ ਨੂੰ ਹਰ ਵਰਗ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਬਾਦਲ ਦਲ ਤੋਂ ਤੰਗ ਆਏ ਲੋਕ ਹੁਣ ਸ੍ਰੀ ਅਕਾਲ ਤਖਤ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜ ਮੈਂਬਰੀ ਕਮੇਟੀ ਵੱਲੋਂ ਪੂਰੇ ਪੰਜਾਬ ਤੇ ਹਰ ਇਲਾਕੇ ਵਿੱਚ ਕੀਤੀ ਜਾ ਰਹੀ ਭਰਤੀ ਮੁਹਿੰਮ ਨੂੰ ਪੂਰਾ ਤਨ, ਮਨ, ਧਨ ਨਾਲ ਸਹਿਯੋਗ ਦੇਣ ਦਾ ਪ੍ਰਣ ਕਰ ਰਹੇ ਹਨ।ਇਸ ਮੌਕੇ ਹੈੱਡ ਗ੍ਰੰਥੀ ਗੁਰਦੁਆਰਾ ਜੰਡਸਰ ਸਾਹਿਬ ਗਿਆਨੀ ਪ੍ਰੀਤਮ ਸਿੰਘ ਛੀਨੀਵਾਲ, ਜਸਵੰਤ ਸਿੰਘ, ਕੁਲਵੰਤ ਸਿੰਘ, ਗੁਰਸੇਵਕ ਸਿੰਘ ਭੋਲਾ, ਗੁਰਮੀਤ ਸਿੰਘ, ਪਾਲਾ ਸਿੰਘ, ਮੇਜਰ ਸਿੰਘ, ਦੇਵ ਸਿੰਘ ਹਾਕਮ ਸਿੰਘ, ਦੇਵ ਸਿੰਘ ਬਾਬੇ ਕੇ, ਬਲਰਾਜ ਸਿੰਘ , ਦਰਸ਼ਨ ਸਿੰਘ, ਜੋਗਾ ਸਿੰਘ, ਸਾਧੂ ਸਿੰਘ, ਅਰਮਾਨ ਸਿੰਘ ਆਦਿ ਹਾਜ਼ਰ ਸਨ।

## ਮਾਨ ਦਲ ਨੇ ਸਾਂਸਦ ਘੁਬਾਇਆ ਨੂੰ ਸੌਂਪਿਆ ਮੰਗ ਪੱਤਰ



**ਜਲਾਲਾਬਾਦ (ਜੀਤ ਕੁਮਾਰ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਗੁਰਚਰਨ ਸਿੰਘ ਭੁੱਲਰ ਤੇ ਯੂਥ ਪ੍ਰਧਾਨ ਤੇਜਿੰਦਰ ਸਿੰਘ ਦਿਉਲ ਵੱਲੋਂ ਫਿਰੋਜ਼ਪੁਰ ਲੋਕ ਸਭਾ ਹਲਕੇ ਦੇ ਮੈਂਬਰ ਪਾਰਲੀਮੈਂਟ ਸ੍ਰ. ਸ਼ੇਰ ਸਿੰਘ ਘੁਬਾਇਆ ਨੂੰ ਦਿੱਤਾ ਗਿਆ, ਜਿਸ ਵਿੱਚ ਮੰਗ ਕੀਤੀ ਗਈ ਕਿ ਅਪ੍ਰੇਸ਼ਨ ਸਿੰਧੂਰ ਦੇ ਦੌਰਾਨ ਬਣੇ ਤਨਾਅ ਵਾਲੇ ਮਾਹੌਲ ਦੇ ਪੰਜਾਬ ਦੇ ਖੇਤਰ ਵਿੱਚ ਪ੍ਰਭਾਵਿਤ ਨਾਗਰਿਕਾਂ ਨੂੰ ਮੁਆਵਜ਼ਾ ਪ੍ਰਦਾਨ ਕਰਨ ਲਈ, ਖਾਈ ਫੇਮੇ ਕੇ ਪਿੰਡ ਦੀ ਔਰਤ ਦੀ ਮੌਤ ਹੋਣ ਤੇ ਪਰਵਾਰ ਦੇ ਜੀਆਂ ਦੇ ਹੋਏ ਨੁਕਸਾਨ, ਮਿਜ਼ਾਈਲ ਤੇ ਡਰੋਨ ਹਮਲੇ ਦੌਰਾਨ ਹੋਏ ਨੁਕਸਾਨ ਦੀ ਭਰਪਾਈ ਲਈ ਸਹਾਇਤਾ ਰਾਸ਼ੀ ਦਿੱਤੀ ਜਾਵੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਇਕਬਾਲ ਸਿੰਘ ਵਰਕਿੰਗ ਕਮੇਟੀ ਮੈਂਬਰ, ਵੀਰ ਸਿੰਘ ਜਰਨਲ ਸਕੱਤਰ ਯੂਥ ਵਿੰਗ ਫਾਜ਼ਿਲਕਾ, ਜਸਵਿੰਦਰ ਸਿੰਘ, ਜੋਗਿੰਦਰ ਸਿੰਘ, ਨਿਰਮਲ ਸਿੰਘ ਘਬਾਇਆ ਆਦਿ ਹਾਜ਼ਰ ਸਨ।

## ਚੇਅਰਮੈਨ ਘੁੱਲੀ ਵੱਲੋਂ ਸਕੂਲ ਦੇ ਨਵੀਨੀਕਰਨ ਪ੍ਰੋਜੈਕਟ ਲੋਕ ਅਰਪਿਤ



**ਸੰਗਰੂਰ/ਧੂਰੀ (ਪ੍ਰਵੀਨ ਸਿੰਘ/ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰ ਅੰਦੇਸ਼ੀ ਸੋਚ ਸਦਕਾ ਚਲਾਈ ਜਾ ਰਹੀ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਸੂਬਾ ਸਰਕਾਰ ਦੀ ਇੱਕ ਅਜਿਹੀ ਪਹਿਲ-ਕਦਮੀ ਹੈ, ਜਿਸ ਨਾਲ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕੀਤੀ ਜਾ ਰਹੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਵੱਲੋਂ ਸਰਕਾਰੀ ਹਾਈ ਸਕੂਲ, ਕਿਲ੍ਹਾ ਹਕੀਮਾਂ ਵਿਖੇ ਕਰੀਬ 12.50 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਆਧੁਨਿਕ ਵਿਗਿਆਨ ਲੈਬ ਤੇ ਸਕੂਲ ਦੇ ਨਵੀਨੀਕਰਨ ਦੇ ਪ੍ਰੋਜੈਕਟ ਮੁਕੰਮਲ ਹੋਣ ਉਪਰੰਤ ਲੋਕ ਅਰਪਿਤ ਕਰਨ ਮੌਕੇ ਕੀਤਾ।ਇਸ ਮੌਕੇ ਸ੍ਰ. ਘੁੱਲੀ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਨੂੰ ਤਰਜੀਹੀ ਖੇਤਰ ਮੰਨਦੇ ਹੋਏ ਨਿਰੰਤਰ ਇਤਿਹਾਸਕ ਫੈਸਲੇ ਕਰ ਰਹੀ ਹੈ, ਜਿਸ ਸਦਕਾ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਬਿਹਤਰ, ਸੁਰੱਖਿਅਤ ਤੇ ਆਧੁਨਿਕ ਵਿਦਿਅਕ ਮਾਹੌਲ ਉਪਲਬਧ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਕ੍ਰਾਂਤੀਕਾਰੀ ਫੈਸਲਿਆਂ ਨੂੰ ਵੇਖਦੇ ਹੋਏ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਹੀ ਦਾਖਲ ਕਰਵਾਉਣ।

## ਗੁਰੂ ਨਾਨਕ ਸਕੂਲ ਵਿਖੇ ਗੋਆ ਬੀਚ ਪਾਰਟੀ




**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਜੂਨੀਅਰ ਸਕੂਲ ਲਈ 'ਗੋਆ ਬੀਚ ਪਾਰਟੀ' ਦਾ ਆਯੋਜਨ ਕੀਤਾ ਗਿਆ।ਪੂਲ ਸਾਈਟ ਨੂੰ ਆਕਰਸ਼ਕ ਢੰਗ ਨਾਲ ਸਜਾਇਆ ਗਿਆ।ਸਕੂਲ ਵੱਲੋਂ ਬੱਚਿਆਂ ਲਈ ਕਈ ਤਰ੍ਹਾਂ ਦੇ ਖਿਡੌਣਿਆਂ ਦਾ ਇੰਤਜ਼ਾਮ ਕੀਤਾ ਗਿਆ, ਜਿਨ੍ਹਾਂ ਨਾਲ ਬੱਚਿਆਂ ਦੁਆਰਾ ਭਰਪੂਰ ਮਨੋਰੰਜਨ ਕੀਤਾ ਗਿਆ।ਸੰਗੀਤਕ ਧੁਨਾਂ ਦਾ ਅਨੰਦ ਮਾਣਦੇ ਹੋਏ ਬੱਚਿਆਂ ਨੇ ਬੀਚ ਪਾਰਟੀ ਦਾ ਖ਼ੂਬ ਮਜ਼ਾ ਲਿਆ।ਅਧਿਆਪਕਾਂ ਵੱਲੋਂ ਬੱਚਿਆਂ ਦੀ ਪੂਰੀ ਨਿਗਰਾਨੀ ਕੀਤੀ ਗਈ ਤੇ ਕਈ ਪਾਣੀ ਵਾਲੀਆਂ ਗਤੀਵਿਧੀਆਂ ਵੀ ਕਰਵਾਈਆਂ ਗਈਆਂ। ਬੱਚਿਆਂ ਲਈ ਮੌਕਟੇਲ ਦਾ ਪ੍ਰਬੰਧ ਕੀਤਾ ਗਿਆ।ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ ਤੇ ਮੀਤ ਪ੍ਰਧਾਨ ਪਵਿੱਤਰਪਾਲ ਸਿੰਘ ਪਾਂਗਲੀ ਨੇ ਇਸ ਪ੍ਰੋਗਰਾਮ ਦੇ ਸਫ਼ਲਤਾਪੂਰਵਕ ਨੇਪਰੇ ਚੜ੍ਹਨ 'ਤੇ ਜੂਨੀਅਰ ਸਕੂਲ ਹੈੱਡ ਮਿਸਟਰੈੱਸ ਮਨਪ੍ਰੀਤ ਕੌਰ ਭੱਠਲ, ਜੂਨੀਅਰ ਸਕੂਲ ਵਾਈਸ ਹੈੱਡ ਮਿਸਟਰੈੱਸ ਪੂਰਵੀ ਮਹਿਤਾ ਤੇ ਸਮੂਹ ਸਟਾਫ ਦੀ ਪ੍ਰਸੰਸਾ ਕੀਤੀ।ਸੀਨੀਅਰ ਸਕੂਲ ਪ੍ਰਿੰਸੀਪਲ ਡੀ. ਪੀ. ਠਾਕੁਰ ਨੇ ਇਸ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬੱਚਿਆਂ ਦੇ ਸਰੀਰਕ ਵਿਕਾਸ ਲਈ ਅਜਿਹੀਆਂ ਸਰਗਰਮੀਆਂ ਲਾਜ਼ਮੀ ਹਨ।ਸਾਰੀ ਮਸਤੀ ਤੇ ਰੌਣਕ ਦੇ ਵਿਚਕਾਰ ਜੂਨੀਅਰ ਸਕੂਲ ਦੇ ਹੈੱਡ ਮਿਸਟਰੈੱਸ ਮਨਪ੍ਰੀਤ ਕੌਰ ਭੱਠਲ ਦੁਆਰਾ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਿੱਖਿਆ ਦੇ ਨਾਲ-ਨਾਲ ਅਜਿਹੀਆਂ ਗਤੀਵਿਧੀਆਂ ਮਾਨਸਿਕ ਤੇ ਸਰੀਰਕ ਤਾਲਮੇਲ ਵਧਾਉਂਦੀਆਂ ਹਨ।

# ਔਰਤਾਂ ਨੇ 'ਅਪ੍ਰੇਸ਼ਨ ਸਿੰਧੂਰ' ਦੀ ਸ਼ਾਨਦਾਰ ਜਿੱਤ 'ਤੇ ਕੱਢੀ ਵਿਸ਼ਾਲ ਰੈਲੀ




**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਸ਼ਹਿਰ ਦੀਆਂ ਔਰਤਾਂ ਨੇ ਐੱਸ.ਐੱਸ.ਐੱਮ. ਡੀ ਆਯੁਰਵੈਦਿਕ ਕਾਲਜ, ਮੋਗਾ ਦੇ ਵਾਈਸ ਪ੍ਰਿੰਸੀਪਲ ਡਾ. ਰਜਨੀ ਸਿੰਗਲਾ ਦੀ ਅਗਵਾਈ ਹੇਠ ਆਪ੍ਰੇਸ਼ਨ ਸਿੰਦੂਰ ਦੀ ਸ਼ਾਨਦਾਰ ਜਿੱਤ ਦੇ ਮੌਕੇ 'ਤੇ ਭਾਰਤੀ ਫੌਜ ਨੂੰ ਵਧਾਈ ਦੇਣ ਤੇ ਧੰਨਵਾਦ ਕਰਨ ਲਈ ਵੱਡੀ ਗਿਣਤੀ ਵਿੱਚ ਔਰਤਾਂ ਦੀ ਇੱਕ ਰੈਲੀ ਦਾ ਆਯੋਜਨ ਕੀਤਾ, ਜਿਸ ਵਿੱਚ ਸਾਰੀਆਂ ਔਰਤਾਂ ਨੇ ਮੋਗਾ ਸ਼ਹਿਰ ਦੇ ਬੱਸ ਸਟੈਂਡ ਤੋਂ ਸ਼ੁਰੂਆਤ ਕੀਤੀ ਤੇ ਪੂਰੇ ਬਾਜ਼ਾਰ ਵਿੱਚ ਪੈਦਲ ਰੈਲੀ ਕੱਢੀ। ਰੈਲੀ ਦੌਰਾਨ ਸਮੂਹ ਔਰਤਾਂ ਨੇ ਹੱਥਾਂ ਵਿੱਚ ਭਾਰਤੀ ਝੰਡੇ ਫੜ ਕੇ ਭਾਰਤ ਮਾਤਾ ਦੀ ਜੈ, ਵੰਦੇ ਮਾਤਰਮ, ਭਾਰਤੀ ਫੌਜ ਜ਼ਿੰਦਾਬਾਦ, ਪੰਜਾਬ ਕੀ ਬੇਟੀ ਰਹੀ ਪੁਕਾਰ, ਭਾਰਤ ਮਾਤਾ ਦੀ ਜੈ ਦੇ ਨਾਅਰੇ ਬੁਲੰਦ ਕਰਕੇ ਸ਼ਹਿਰ ਅਤੇ ਇਲਾਕਾ ਨਿਵਾਸੀਆਂ ਨੂੰ ਦੇਸ਼ ਭਗਤੀ ਨਾਲ ਭਰ ਦਿੱਤਾ। ਬਾਜ਼ਾਰ ਵਿੱਚ ਮੌਜੂਦ ਲੋਕਾਂ ਨੇ ਵੀ ਪੂਰੇ ਉਤਸ਼ਾਹ ਨਾਲ ਭਾਰਤ ਮਾਤਾ ਕੀ ਜੈ ਦੇ ਨਾਅਰੇ ਲਗਾਏ। ਪੂਰਾ ਸ਼ਹਿਰ ਰਾਸ਼ਟਰੀ ਏਕਤਾ ਦੀ ਝੀਲ ਜਾਪਦਾ ਸੀ। ਔਰਤਾਂ ਆਪਣੇ ਹੱਥਾਂ ਵਿੱਚ ਤਖ਼ਤੀਆਂ ਲਹਿਰਾ ਰਹੀਆਂ ਸਨ ਜਿਵੇਂ ਕਿ ਅੱਤਵਾਦ ਮੁਰਦਾਬਾਦ, ਆਪ੍ਰੇਸ਼ਨ ਸਿੰਦੂਰ ਭਾਰਤ ਦਾ ਮਾਣ, ਨਾਰੀ ਸ਼ਕਤੀ ਦੇਸ਼ ਦੀ ਸ਼ਕਤੀ ਹੈ। ਇੰਝ ਲੱਗ ਰਿਹਾ ਸੀ ਜਿਵੇਂ ਪੂਰਾ ਮੋਗਾ ਸ਼ਹਿਰ ਆਪ੍ਰੇਸ਼ਨ ਸਿੰਦੂਰ ਦੀ ਜਿੱਤ ਦਾ ਜਸ਼ਨ ਬੜੇ ਉਤਸ਼ਾਹ ਨਾਲ ਮਨਾ ਰਿਹਾ ਹੋਵੇ। ਰੈਲੀ ਤੋਂ ਬਾਅਦ, ਸਾਰੀਆਂ ਔਰਤਾਂ ਮੋਗਾ ਦੇ ਨੇਚਰ ਪਾਰਕ ਵਿੱਚ ਇਕੱਠੀਆਂ ਹੋਈਆਂ ਤੇ ਭਾਰਤ ਸਰਕਾਰ ਅਤੇ ਭਾਰਤੀ ਫੌਜ ਦੀ ਬਹਾਦਰੀ ਦੀ ਪ੍ਰਸ਼ੰਸਾ ਕੀਤੀ। ਰਿਧਿਕਾ ਜੈਸਵਾਲ, ਅੰਕਿਤਾ ਸਿੰਘ, ਭਗਤੀ ਅਤੇ ਸਿਮਰਨ ਪੁਜਾਰਾ ਨੇ ਆਪਣੇ-ਆਪਣੇ ਤਰੀਕੇ ਨਾਲ ਭਾਰਤ ਸਰਕਾਰ ਤੇ ਭਾਰਤੀ ਫੌਜ ਨੂੰ ਵਧਾਈ ਦਿੱਤੀ ਅਤੇ ਇਸ ਜਿੱਤ ਦੀ ਗਾਥਾ 'ਤੇ ਉਨ੍ਹਾਂ ਨੂੰ ਸਲਾਮ ਕੀਤਾ। ਰੈਲੀ ਦੌਰਾਨ, ਤਿੰਨ ਔਰਤਾਂ, ਜਿਨ੍ਹਾਂ ਵਿੱਚੋਂ ਇੱਕ ਨੇ ਹਵਾਈ ਸੈਨਾ ਦੀ ਵਰਦੀ ਪਾਈ ਹੋਈ ਸੀ, ਇੱਕ ਫੌਜ ਦੀ ਸੀ ਤੇ ਇੱਕ ਨੇਵੀ ਅਫਸਰ ਦੀ ਸੀ, ਇੱਕ ਖੁੱਲ੍ਹੀ ਜੀਪ ਵਿੱਚ ਸਵਾਰ ਦਿਖਾਈ ਦਿੱਤੀਆਂ। ਅੰਤ ਵਿੱਚ, ਰੈਲੀ ਦੇ ਸਾਰੇ ਭਾਗੀਦਾਰਾਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਇਸ ਰੈਲੀ ਦੇ ਪ੍ਰਬੰਧਕ ਡਾ. ਰਜਨੀ ਸਿੰਗਲਾ ਦਾ ਸਾਰਿਆਂ ਦੇ ਮਨੋਬਲ ਨੂੰ ਵਧਾਉਣ ਤੇ ਰਾਸ਼ਟਰੀ ਏਕਤਾ ਦੀ ਭਾਵਨਾ ਨੂੰ ਮਜ਼ਬੂਤ ਕਰਨ ਦੇ ਉਨ੍ਹਾਂ ਦੇ ਯਤਨਾਂ ਲਈ ਧੰਨਵਾਦ ਕੀਤਾ ਗਿਆ।

## ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਵਿਚੋਲੇ ਨੇ ਮਾਰੀ 13 ਲੱਖ ਦੀ ਠੱਗੀ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੁਲਸ ਥਾਣਾ ਮਹਿਲ ਕਲਾਂ ਵਿਖੇ ਇੱਕ ਨੌਜਵਾਨ ਦੇ ਬਿਆਨਾਂ 'ਤੇ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 13 ਲੱਖ ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਦਰਜ ਕੀਤਾ ਹੈ।ਮਿਲੀ ਜਾਣਕਾਰੀ ਅਨੁਸਾਰ ਪੀੜਤ ਨੌਜਵਾਨ ਜਸਪ੍ਰੀਤ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਚੰਨਣਵਾਲ ਨੇ ਪੁਲਸ ਥਾਣਾ ਮਹਿਲ ਕਲਾਂ ਵਿਖੇ ਦਰਜ ਕਰਵਾਏ ਬਿਆਨਾਂ 'ਚ ਦੱਸਿਆ ਕਿ ਉਸ ਦੇ ਵਿਚੋਲੇ ਲਖਵੀਰ ਸਿੰਘ ਲੋਹਟਬੱਧੀ ਨੇ ਕੁਲਾਰ ਇਮੀਗਰੇਸ਼ਨ ਰਾਹੀਂ ਵਿਦੇਸ਼ ਭੇਜਣ ਦੀ ਗੱਲ ਕਰਕੇ ਅਕਤੂਬਰ 2023 ਵਿੱਚ 13 ਲੱਖ ਰੁਪਏ ਲੈ ਲਏ ਤੇ ਕਿਹਾ ਕਿ ਸਾਰੀ ਜ਼ਿੰਮੇਵਾਰੀ ਉਸ ਦੀ ਹੈ, ਤੂੰ ਕੋਈ ਫਿਕਰ ਨਾ ਕਰ, ਪਰ ਦੋ ਸਾਲ ਬੀਤ ਜਾਣ 'ਤੇ ਵੀ ਉਸ ਨੇ ਨਾ ਤਾਂ ਉਸ ਨੂੰ ਵਿਦੇਸ਼ ਭੇਜਿਆ, ਨਾ ਦਿੱਤੇ ਪੈਸੇ 13 ਲੱਖ ਰੁਪਏ ਵਾਪਸ ਕੀਤੇ।ਪੁਲਸ ਥਾਣਾ ਮਹਿਲ ਕਲਾਂ ਵਿਖੇ ਇਸ ਮਾਮਲੇ ਦੀ ਪੜਤਾਲ ਕਰਨ ਉਪਰੰਤ ਇੰਦਰਜੀਤ ਕੌਰ ਜਮਾਲਪੁਰਾ (ਲੁਧਿਆਣਾ) ਤੇ ਲਖਬੀਰ ਸਿੰਘ ਵਾਸੀ ਲੋਹਟਬੱਧੀ ਖਿਲਾਫ ਧਾਰਾ 420, 120 ਬੀ ਤਹਿਤ ਪਰਚਾ ਦਰਜ ਕਰਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਲੋਕ ਅਦਾਲਤ 'ਚ 7029 ਕੇਸਾਂ ਦਾ ਨਿਪਟਾਰਾ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਦਿੱਲੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਰੇ ਭਾਰਤ ਵਿੱਚ ਕੌਮੀ ਲੋਕ ਅਦਾਲਤ ਲਗਾਈ ਗਈ।ਇਨ੍ਹਾਂ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਿਸਟਰ ਜਸਟਿਸ ਸ੍ਰੀ ਦੀਪਕ ਸਿੱਬਲ ਜੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ ਸਹਿਤ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਵੀਰਇੰਦਰ ਅਗਰਵਾਲ, ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਸਾਹਿਬ ਫਰੀਦਕੋਟ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਿਸ ਗੁਰਪ੍ਰੀਤ ਕੌਰ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਸਹਿਤ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਰੀਦਕੋਟ ਵੱਲੋਂ ਇਸ ਜ਼ਿਲ੍ਹੇ ਦੀਆਂ ਅਦਾਲਤਾਂ ਵਿੱਚ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ, ਜਿਸ ਤਹਿਤ ਜ਼ਿਲ੍ਹਾ ਫਰੀਦਕੋਟ ਦੀਆਂ ਅਦਾਲਤਾਂ ਵਿੱਚ 9 ਬੈਂਚ, ਸਥਾਈ ਲੋਕ ਅਦਾਲਤ ਵਿਖੇ 1 ਬੈਂਚ, ਸਬ ਡਵੀਜ਼ਨ ਜੈਤੋ ਵਿਖੇ 2 ਬੈਂਚ ਬਣਾਇਆ ਗਿਆ।ਇਸ ਤੋਂ ਇਲਾਵਾ ਰੈਵੇਨਿਊ ਅਦਾਲਤਾਂ ਦੇ ਵੀ ਬੈਂਚ ਲਗਾਏ ਗਏ।ਇਸ ਲੋਕ ਅਦਾਲਤ ਵਿੱਚ 9744 ਕੇਸਾਂ ਵਿੱਚੋਂ 7029 ਕੇਸਾਂ ਦਾ ਨਿਪਟਾਰਾ ਕਰਕੇ 15,46,93,492/-ਰੁਪਏ ਦਾ ਤੇ ਇਸ ਵਿੱਚੋਂ ਪ੍ਰੀ ਲਿਟੀਗੇਸ਼ਨ ਸਟੇਜ 'ਤੇ 7874 ਕੇਸਾਂ ਵਿੱਚੋਂ 5923 ਕੇਸਾਂ ਦਾ ਨਿਪਟਾਰਾ ਕਰਕੇ 28.67,064/-ਰੁਪਏ ਦਾ ਅਵਾਰਡ ਪਾਸ ਕੀਤਾ ਗਿਆ।ਇਸ ਲੋਕ ਅਦਾਲਤ ਵਿੱਚ ਵੱਖ ਵੱਖ ਤਰ੍ਹਾਂ ਦੇ ਕੇਸਾਂ ਦਾ ਜਿਵੇਂ ਕਿ ਦੀਵਾਨੀ ਕੇਸ, ਰਾਜ਼ੀਨਾਮਾ ਹੋਣ ਯੋਗ ਫੌਜਦਾਰੀ ਕੇਸ, ਚੈੱਕ ਬਾਊਂਸ, ਰਿਕਵਰੀ ਦੇ ਕੇਸ, ਟ੍ਰੈਫਿਕ ਚਲਾਨ ਤੇ ਘਰੇਲੂ ਝਗੜਿਆਂ ਦੇ ਕੇਸ ਤੇ ਪ੍ਰੀ ਲਿਟੀਗੇਟਿਵ ਕੇਸਾਂ ਦਾ ਨਿਪਟਾਰਾ ਧਿਰਾਂ ਦੀ ਆਪਸੀ ਸਹਿਮਤੀ ਦੇ ਨਾਲ ਕੀਤਾ ਗਿਆ।ਇਸ ਮੌਕੇ ਸੈਸ਼ਨਜ਼ ਜੱਜ ਸਾਹਿਬ ਨੇ ਸੰਬੋਧਨ ਕਰਦਿਆਂ ਹੋਇਆ ਦੱਸਿਆ ਕਿ ਲੋਕ ਅਦਾਲਤ ਵਿੱਚ ਫੈਸਲਾ ਹੋਏ ਕੇਸਾਂ ਦੀ ਕੋਈ ਅਪੀਲ ਦਲੀਲ ਨਹੀਂ ਹੈ।ਲੋਕ ਅਦਾਲਤ ਵਿੱਚ ਹੋਏ ਫੈਸਲੇ ਨੂੰ ਡਿਕਰੀ ਦੀ ਮਾਨਤਾ ਪ੍ਰਾਪਤ ਹੈ ਤੇ ਇਹ ਫੈਸਲੇ ਤਸੱਲੀਬਖਸ਼ ਹੁੰਦੇ ਹਨ ਅਤੇ ਧਿਰਾਂ ਨੂੰ ਮੁੱਕਦਮੇ ਬਾਜ਼ੀ ਤੋਂ ਮੁਕਤੀ ਮਿਲਦੀ ਹੈ ਤੇ ਹੋਰ ਕਈ ਮਾਨਸਿਕ ਪ੍ਰੇਸ਼ਾਨੀਆਂ ਤੋਂ ਧਿਰਾਂ ਨੂੰ ਮੁਕਤੀ ਮਿਲਦੀ ਹੈ।ਇਸ ਤੋਂ ਇਲਾਵਾ ਜੱਜ ਸਾਹਿਬ ਨੇ ਮਿਡੀਏਸ਼ਨ ਸੈਂਟਰ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਮਿਡੀਏਸ਼ਨ ਸੈਂਟਰ ਵਿਖੇ ਲੋਕ ਆਪਣੇ ਕੇਸਾਂ ਫੈਸਲਾ ਆਪਸੀ ਰਾਜ਼ੀਨਾਮੇ ਨਾਲ ਕਰਵਾ ਸਕਦੇ ਹਨ ਤੇ ਜੋ ਲੋਕ ਅਦਾਲਤ ਵਿੱਚ ਕੇਸ ਕਰਨ ਤੋਂ ਅਸਮਰਥ ਉਹ ਵੀ ਮਿਡੀਏਸ਼ਨ ਸੈਂਟਰ ਵਿੱਚ ਦਰਖਾਸਤ ਦੇ ਕੇ ਅਪਣੇ ਕੇਸ ਦੀ ਸੁਣਵਾਈ ਕਰਵਾ ਸਕਦੇ ਹਨ ਅਤੇ ਆਪਸੀ ਰਾਜ਼ੀਨਾਮੇ ਨਾਲ ਆਪਣੇ ਝਗੜੇ ਨੂੰ ਖਤਮ ਕਰ ਸਕਦੇ ਹਨ। ਮਿਡੀਏਸ਼ਨ ਵਿੱਚ ਫੈਸਲਾ ਹੋਏ ਕੇਸਾਂ ਵਿਚ ਧਿਰਾਂ ਦਾ ਆਪਸੀ ਭਾਈਚਾਰਾ ਬਣਿਆ ਰਹਿੰਦਾ ਹੈ।

ਇਸ ਦੇ ਨਾਲ ਹੀ ਮਾਨਯੋਗ ਸੀ. ਜੇ. ਐੱਮ. ਮਿਸ ਗੁਰਪ੍ਰੀਤ ਕੌਰ ਵੱਲੋਂ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਰੀਦਕੋਟ ਵੱਲੋਂ ਦਿੱਤੀਆਂ ਜਾਂਦੀਆਂ ਸੁਵਿਧਾਵਾਂ ਬਾਰੇ ਵੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ।ਅੰਤ ਵਿੱਚ ਜੱਜ ਸਾਹਿਬਾਨ ਨੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ 'ਝਗੜੇ ਮੁਕਾਓ ਪਿਆਰ ਵਧਾਓ, ਲੋਕ ਅਦਾਲਤਾਂ ਰਾਹੀਂ ਸਸਤਾ ਤੇ ਛੇਤੀ ਨਿਆ ਪਾਓ।'

# ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਲੋਕਾਂ ਦਾ ਪੂਰਨ ਸਹਿਯੋਗ ਮਿਲ ਰਿਹੈ : ਦਹੀਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਤੇ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਸਿਹਤਮੰਦ ਪੰਜਾਬ ਬਣਾਉਣ ਲਈ ਵਿੱਢੀ ਗਈ ਮੁਹਿੰਮ ਯੁੱਧ ਨਸ਼ਿਆ ਵਿਰੁੱਧ ਨੂੰ ਸਫਲ ਬਣਾਉਣ ਲਈ ਲੋਕਾਂ ਦਾ ਪੂਰਨ ਸਹਿਯੋਗ ਮਿਲ ਰਿਹਾ ਹੈ, ਜਿਸ ਕਰਕੇ ਇਹ ਮੁਹਿੰਮ ਹੁਣ ਦਿਨ ਪ੍ਰਤੀ ਦਿਨ ਕਾਮਯਾਬ ਹੋ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਫਿਰੋਜ਼ਪੁਰ ਦਿਹਾਤੀ ਰਜਨੀਸ਼ ਕੁਮਾਰ ਦਹੀਆ ਵੱਲੋਂ ਹਲਕੇ ਦੇ ਪਿੰਡ ਭੰਬਾ ਹਾਜ਼ੀ, ਚੱਕ ਰੁਹੇਲਾ ਹਾਜ਼ੀ ਤੇ ਸੁੰਦਰ ਵਾਲੇ ਝੁੱਗੇ ਵਿਖੇ ਕਰਵਾਏ ਗਏ ਵੱਖ ਵੱਖ ਸਮਾਗਮਾਂ ਵਿੱਚ ਸ਼ਿਰਕਤ ਕਰਨ ਸਮੇਂ ਕੀਤਾ ਗਿਆ। ਇਸ ਮੌਕੇ ਵਿਧਾਇਕ ਦਹੀਆ ਨੇ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸੂਬਾ ਸਰਕਾਰ ਦੀ ਇਹ ਅਜਿਹੀ ਪਹਿਲ ਕਦਮੀ ਹੈ, ਜਿਸ ਰਾਹੀਂ ਲੋਕਾਂ ਨਾਲ ਸਿੱਧਾ ਰਾਬਤਾ ਰੱਖਿਆ ਜਾ ਰਿਹਾ ਹੈ ਅਤੇ ਇਸ ਨਾਲ ਸੂਬੇ ਵਿਚੋਂ ਨਸ਼ਿਆਂ ਦਾ ਮੁਕੰਮਲ ਖਾਤਮਾ ਕਰਨ ਵਿੱਚ ਵੱਡੇ ਪੱਧਰ ਉੱਤੇ ਮਦਦ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜਿੱਥੇ ਨਸ਼ਾ ਤਸਕਰਾਂ ਵਿਰੁੱਧ ਸਖਤ ਕਾਰਵਾਈ ਕਰਕੇ ਸੂਬੇ ਵਿੱਚੋਂ ਨਸ਼ਿਆਂ ਦਾ ਮੁਕੰਮਲ ਤੌਰ 'ਤੇ ਖਾਤਮਾ ਕਰ ਰਹੀ ਹੈ, ਉੱਥੇ ਹੀ ਨਸ਼ਿਆਂ ਦੀ ਗ੍ਰਿਫਤ ਵਿੱਚ ਫਸੇ ਨੌਜਵਾਨਾਂ ਦਾ ਨਸ਼ਾ ਵੀ ਛੁਡਵਾ ਰਹੀ, ਤਾਂ ਜੋ ਉਹ ਸਮਾਜ ਵਿੱਚ ਬਿਹਤਰ ਜ਼ਿੰਦਗੀ ਬਤੀਤ ਕਰ ਸਕਣ ਤੇ ਪੰਜਾਬ ਨੂੰ ਮੁੜ ਤੋਂ ਸਿਹਤਮੰਦ ਪੰਜਾਬ ਬਣਨ ਬਣਾਇਆ ਜਾ ਸਕੇ। ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਵੀ ਅਪੀਲ ਕੀਤੀ ਕਿ ਨਸ਼ਿਆਂ ਦੇ ਆਦੀ ਵਿਅਕਤੀਆਂ ਦਾ ਨਸ਼ਾ ਛੁਡਵਾਉਣ ਲਈ ਉਨ੍ਹਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾਇਆ ਜਾਵੇ। ਉਨ੍ਹਾਂ ਪਿੰਡ ਵਾਸੀਆਂ ਨੂੰ ਇਹ ਅਪੀਲ ਵੀ ਕੀਤੀ ਕਿ ਕਿਸੇ ਵੀ ਨਸ਼ਾ ਤਸਕਰ ਦਾ ਕੋਈ ਵੀ ਸਾਥ ਨਾ ਦੇਵੇ ਤੇ ਜੇਕਰ ਇਸ ਤਰ੍ਹਾਂ ਦਾ ਕੋਈ ਵੀ ਅਜਿਹਾ ਕੇਸ ਸਾਹਮਣੇ ਆਉਂਦਾ ਹੈ ਤਾਂ, ਉਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਜਾਵੇ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਸਹੁੰ ਵੀ ਚੁਕਵਾਈ ਕਿ ਪਿੰਡ ਵਿੱਚ ਨਸ਼ਾ ਤਸਕਰਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਿਸੇ ਵੀ ਨਸ਼ਾ ਤਸਕਰ ਦਾ ਕਿਸੇ ਵੱਲੋਂ ਵੀ ਸਾਥ ਨਹੀਂ ਦਿੱਤਾ ਜਾਵੇਗਾ। ਇਸ ਮੌਕੇ ਪ੍ਰਸ਼ਾਸਨਕ ਅਧਿਕਾਰੀਆਂ, ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ/ਵਰਕਰਾਂ, ਪਿੰਡਾਂ ਦੇ ਸਰਪੰਚਾਂ, ਪੰਚਾਂ, ਗਰਾਮ ਸੁਰੱਖਿਆ ਕਮੇਟੀਆਂ ਦੇ ਮੈਂਬਰਾਂ ਸਮੇਤ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਲੋਕ ਹਾਜ਼ਰ ਸਨ।

## ਪੁਲਸ ਵੱਲੋਂ ਮੈਡੀਕਲ ਦੁਕਾਨਾਂ ਦੀ ਚੈਕਿੰਗ

**ਬੋਹਾ (ਨਿਰੰਜਣ ਬੋਹਾ)**-ਬੋਹਾ ਖੇਤਰ ਅੰਦਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸਫਲਤਾ ਵੱਲ ਵੱਧ ਰਹੀ ਹੈ।ਖੇਤਰ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਥਾਣਾ ਮੁਖੀ ਬੋਹਾ ਅਮਰੀਕ ਸਿੰਘ ਵੱਲੋਂ ਪੁਲਸ ਪਾਰਟੀ ਨਾਲ ਸ਼ਹਿਰ ਦੇ ਮੈਡੀਕਲ ਦੁਕਾਨਾਂ 'ਤੇ ਚੈਕਿੰਗ ਕੀਤੀ ਗਈ।ਇਸ ਮੌਕੇ ਥਾਣਾ ਮੁਖੀ ਬੋਹਾ ਅਮਰੀਕ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ ਨੂੰ ਸਫਲ ਬਣਾਉਣ ਲਈ ਬੋਹਾ ਪੁਲਸ ਪੂਰੀ ਤਰ੍ਹਾਂ ਸਰਗਰਮ ਹੈ ਅਤੇ ਕਿਸੇ ਵੀ ਕਿਸਮ ਦਾ ਨਸ਼ਾ ਵੇਚਣ ਵਾਲਾ ਕੋਈ ਵੀ ਵਿਅਕਤੀ ਬਖਸ਼ਿਆ ਨਹੀਂ ਜਾਵੇਗਾ।ਇਸ ਮੌਕੇ ਉਨ੍ਹਾਂ ਸਮਾਜ ਸੇਵੀ ਲੋਕਾਂ ਗ੍ਰਾਮ ਪੰਚਾਇਤਾਂ ਯੂਥ ਕਲੱਬਾਂ ਨੂੰ ਅਪੀਲ ਕੀਤੀ ਕਿ ਉਹ ਖੇਤਰ ਵਿੱਚੋਂ ਨਸ਼ੇ ਦੇ ਖਾਤਮੇ ਲਈ ਪੁਲਸ ਪ੍ਰਸ਼ਾਸਨ ਦਾ ਸਾਥ ਦੇਣ।ਇਸ ਮੌਕੇ ਸਮੂਹ ਮੈਡੀਕਲ ਦੁਕਾਨਾਂ ਦੇ ਮਾਲਕਾਂ ਨੇ ਪੁਲਸ ਪ੍ਰਸ਼ਾਸਨ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਨਸ਼ਾ ਰੋਕੂ ਮੁਹਿੰਮ ਨੂੰ ਸਫਲ ਬਣਾਉਣ ਲਈ ਪੂਰੀ ਤਰ੍ਹਾਂ ਪੁਲਸ ਪ੍ਰਸ਼ਾਸਨ ਦਾ ਸਾਥ ਦੇਣਗੇ।ਇਸ ਮੌਕੇ ਏ ਐੱਸ ਆਈ ਮਨੋਹਰ ਸਿੰਘ ਹੌਲਦਾਰ, ਅਮਰਜੀਤ ਸਿੰਘ ਤੇ ਗੁਰਦੇਵ ਸਿੰਘ ਆਦਿ ਮੌਜੂਦ ਸਨ।

## ਪੰਜਾਬੀ 'ਵਰਸਿਟੀ 'ਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਵਸ ਨੂੰ ਸਮਰਪਤ ਸਮਾਗਮ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੀ ਸ਼ਹੀਦ ਕਰਤਾਰ ਸਿੰਘ ਸਰਾਭਾ ਚੇਅਰ ਵੱਲੋਂ ਵਰਲਡ ਪੰਜਾਬੀ ਸੈਂਟਰ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਮੁੱਖ ਬੁਲਾਰੇ ਵਜੋਂ ਪੁੱਜੇ ਡਾ. ਸੁਰਿੰਦਰ ਧੰਜਲ, ਪ੍ਰੋਫੈਸਰ ਅਮੈਰੀਟਸ, ਥਾਮਸਨ ਰਿਵਰਜ਼ ਯੂਨੀਵਰਸਿਟੀ, ਕੈਮਲੂਪਸ, ਕੈਨੇਡਾ ਨੇ ਗ਼ਦਰ ਲਹਿਰ ਦੇ ਅਜ਼ਾਦੀ ਸੰਗਰਾਮ ਵਿਚ ਪਾਏ ਯੋਗਦਾਨ ਬਾਰੇ ਚਰਚਾ ਕਰਦਿਆਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਅਦੁੱਤੀ ਸ਼ਹੀਦੀ ਨੂੰ ਪੰਜਾਬ ਦੀ ਇਕਨਲਾਬੀ ਵਿਰਾਸਤ ਨਾਲ ਜੋੜ ਕੇ ਵਿਚਾਰ ਪ੍ਰਗਟਾਏ। ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਦੀਆਂ ਵੱਖ-ਵੱਖ ਘਟਨਾਵਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਦੱਸਿਆ ਕਿ ਸਰਾਭਾ ਨੇ ਬਹੁਤ ਛੋਟੀ ਉਮਰ ਵਿਚ ਹੀ ਗ਼ਦਰ ਲਹਿਰ ਨਾਲ ਜੁੜ ਕੇ ਦੇਸ਼ ਨੂੰ ਸਾਮਰਾਜਵਾਦ ਤੋਂ ਆਜ਼ਾਦ ਕਰਵਾਉਣ ਦਾ ਟੀਚਾ ਮਿੱਥ ਲਿਆ ਸੀ। ਇਸ ਟੀਚੇ ਨੂੰ ਉਨ੍ਹਾਂ ਆਪਣੇ ਸਾਥੀਆਂ ਸਮੇਤ ਫ਼ਾਂਸੀ 'ਤੇ ਚੜ੍ਹ ਕੇ ਪ੍ਰਾਪਤ ਕਰਨ ਦੇ ਯਤਨ ਕੀਤੇ ਜਿੰਨ੍ਹਾਂ ਨੂੰ ਬਾਅਦ ਵਿਚ ਸ਼ਹੀਦੇ ਆਜ਼ਮ ਭਗਤ ਸਿੰਘ ਤੇ ਊਧਮ ਸਿੰਘ ਵਰਗੇ ਯੋਧਿਆਂ ਨੇ ਜਾਰੀ ਰੱਖਿਆ।ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਡਾ. ਰਜਿੰਦਰਪਾਲ ਸਿੰਘ ਬਰਾੜ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਇਨਕਲਾਬੀ ਸਿਆਸਤ ਦੀਆਂ ਕਈ ਗੰਭੀਰ ਸਮੱਸਿਆਵਾਂ ਬਾਰੇ ਗੱਲ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਡਾ. ਸੁਰਜੀਤ ਸਿੰਘ ਭੱਟੀ ਨੇ ਕਿਹਾ ਕਿ ਅੱਜ ਸਾਨੂੰ ਲੋੜ ਹੈ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਤੋਂ ਸੇਧ ਲੈ ਕੇ ਅੱਗੇ ਵਧਿਆ ਜਾਵੇ।

ਉਨ੍ਹਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਤੇ ਵਿਚਾਰਾਂ ਬਾਰੇ ਗੱਲ ਕਰਦਿਆਂ ਬਾਬਾ ਸੋਹਨ ਸਿੰਘ ਭਕਨਾ ਅਤੇ ਗ਼ਦਰ ਪਾਰਟੀ ਦੇ ਕੰਮਾਂ ਬਾਰੇ ਚਾਨਣਾ ਪਾਇਆ। ਸ਼ਹੀਦ ਕਰਤਾਰ ਸਿੰਘ ਸਰਾਭਾ ਚੇਅਰ ਦੇ ਕੋਆਰਡੀਨੇਟਰ ਡਾ. ਭੀਮ ਇੰਦਰ ਸਿੰਘ ਵੱਲੋਂ ਮੰਚ ਸੰਚਾਲਨ ਕੀਤਾ ਗਿਆ। ਇਸ ਸਮਾਗਮ ਦੇ ਸ਼ੁਰੂ ਵਿਚ ਸੰਗੀਤ ਵਿਭਾਗ ਦੇ ਅਧਿਆਪਕ ਰਾਜਿੰਦਰ ਸਿੰਘ ਅਤੇ ਡਾ. ਨਿਰਮਲ ਨਿੰਮਾ ਵੱਲੋਂ ਇਨਕਲਾਬੀ ਗੀਤਾਂ ਦਾ ਗਾਇਨ ਕੀਤਾ ਗਿਆ। ਸਮਾਗਮ ਵਿਚ ਆਏ ਮਹਿਮਾਨਾਂ ਦਾ ਰਸਮੀ ਧੰਨਵਾਦ ਦਿਆਲ ਸਿੰਘ ਗਿੱਲ ਐਸ.ਡੀ.ਓ. ਵੱਲੋਂ ਕੀਤਾ ਗਿਆ।ਇਸ ਸਮਾਗਮ ਵਿਚ ਡਾ. ਚਰਨਜੀਤ ਕੌਰ, ਡਾ. ਵੀਰਪਾਲ ਕੌਰ, ਡਾ. ਜਸਪਾਲ ਦਿਓਲ, ਬਲੀਜੀਤ ਸਿੰਘ ਕਲਾਕਾਰ, ਅਰਵਿੰਦਰ ਕੌਰ, ਨਰਿੰਦਰ ਪਾਲ ਸਿੰਘ ਅਤੇ ਹੋਰ ਵੱਡੀ ਗਿਣਤੀ ਵਿਚ ਖੋਜਾਰਥੀ ਤੇ ਵਿਦਿਆਰਥੀ ਸ਼ਾਮਲ ਹੋਏ।

## ਅਕਾਲੀ ਦਲ ਵਾਰਸ ਪੰਜਾਬ ਦੇ ਦੀ ਗੁਰਦੁਆਰਾ ਸੁਲੀਸਰ ਸਾਹਿਬ ਵਿਖੇ ਅਹਿਮ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਅਕਾਲੀ ਦਲ ਵਾਰਸ ਪੰਜਾਬ ਦੇ ਜ਼ਿਲ੍ਹਾ ਆਬਜ਼ਰਵਰ ਗੁਰਪ੍ਰੀਤ ਸਿੰਘ ਬੱਲ੍ਹੋ, ਜ਼ਿਲ੍ਹਾ ਕਾਰਜਕਾਰਨੀ ਕਮੇਟੀ ਮਾਨਸਾ ਦੇ ਮੈਂਬਰ ਅਰਸ਼ਦੀਪ ਸਿੰਘ ਝੰਡਾ ਕਲਾਂ, ਰਮਿੰਦਰ ਸਿੰਘ ਝੱਬਰ ਅਤੇ ਮਿਸਰਾ ਸਿੰਘ ਘਰਾਂਗਣਾਂ ਦੀ ਅਗਵਾਈ ਵਿੱਚ ਇੱਕ ਅਹਿਮ ਮੀਟਿੰਗ ਗੁਰਦੁਆਰਾ ਸੂਲੀਸਰ ਸਾਹਿਬ ਵਿਖੇ ਹੋਈ। ਮੀਟਿੰਗ ਦੌਰਾਨ ਮਾਨਸਾ ਜ਼ਿਲ੍ਹੇ ਦੀ ਕਾਰਜਕਾਰਨੀ ਕਮੇਟੀ ਤੋਂ ਇਲਾਵਾ ਬਲਾਕ ਕਾਰਜਕਾਰਨੀ ਦੇ ਮੈਂਬਰਾਂ ਨੇ ਵੀ ਭਾਗ ਲਿਆ।ਮੀਟਿੰਗ ਵਿੱਚ ਪਾਰਟੀ ਹਾਈਕਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਮੈਂਬਰ ਪਾਰਲੀਮੈਂਟ ਸ੍ਰੀ ਖਡੂਰ ਸਾਹਿਬ ਅਤੇ ਕਾਰਜਕਾਰੀ ਪ੍ਰਧਾਨ ਅਕਾਲੀ ਦਲ ਵਾਰਸ ਪੰਜਾਬ ਦੇ ਦੀ ਮੰਗੇ ਦੀਆਂ ਸਰਕਾਰਾਂ ਵੱਲੋਂ ਐਨ ਐਸ ਏ ਦੇ ਅਧੀਨ ਵਧਾਈ ਗਈ ਨਜ਼ਰਬੰਦੀ ਦੇ ਖ਼ਿਲਾਫ਼ ਸ਼ਹਿਰ 'ਚ ਰੋਸ ਮਾਰਚ ਕਰਕੇ ਡਿਪਟੀ ਕਮਿਸ਼ਨਰ ਮਾਨਸਾ ਨੂੰ ਰਾਜਪਾਲ ਪੰਜਾਬ ਦੇ ਨਾਂ ਇੱਕ ਮੰਗ ਪੱਤਰ 27 ਮਈ ਨੂੰ ਸਵੇਰੇ 10 ਵਜੇ ਸੌਂਪਿਆ ਜਾਵੇਗਾ। ਆਗੂਆਂ ਨੇ ਜ਼ਿਲ੍ਹਾ ਮਾਨਸਾ ਦੀ ਸਮੁੱਚੀ ਸਿੱਖ ਸੰਗਤ ਨੂੰ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਵੀ ਕੀਤੀ ਗਈ, ਤਾਂ ਜੋ ਸਰਕਾਰਾਂ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਨਾਲ ਕੀਤੀ ਜਾ ਰਹੀ ਬੇਇਨਸਾਫੀ ਵਿਰੁੱਧ ਜ਼ੋਰਦਾਰ ਅਵਾਜ਼ ਉਠਾਈ ਜਾ ਸਕੇ।ਮੀਟਿੰਗ 'ਚ ਐਡਵੋਕੇਟ ਹਰਪਾਲ ਸਿੰਘ ਖਾਰਾ, ਨਿਰਭੈ ਸਿੰਘ ਝੱਬਰ, ਰਮਨਦੀਪ ਸਿੰਘ ਜਟਾਣਾਂ, ਸੁਖਵਿੰਦਰ ਸਿੰਘ, ਗੁਰਨੀਤ ਸਿੰਘ, ਮਿੰਟੂ ਸਿੰਘ ਅਰਸ਼ਦੀਪ ਸਿੰਘ, ਜਸਵੀਰ ਸਿੰਘ ਆਦਿ ਵੀ ਹਾਜ਼ਰ ਸਨ।

## ਮਾਤਾ ਗੁਜਰੀ ਜੀ ਭਲਾਈ ਕੇਂਦਰ ਨੇ ਬਜ਼ੁਰਗਾਂ ਤੇ ਅੰਗਹੀਣਾਂ ਨੂੰ ਸਹਾਇਕ ਸਮੱਗਰੀ ਵੰਡੀ



**ਬੁਢਲਾਡਾ (ਅਸ਼ੋਕ ਲਾਕੜਾ)**-ਸਥਾਨਕ ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਵਲੋਂ ਇੱਕ ਸ਼ਲਾਘਾਯੋਗ ਉਪਰਾਲਾ ਕਰਦੇ ਹੋਏ ਲੋੜਵੰਦ ਬਜ਼ੁਰਗਾਂ ਅਤੇ ਦਿਵਿਆਂਗ ਵਿਅਕਤੀਆਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਬੈਟਰੀ ਵਾਲੇ ਮੋਟਰਸਾਈਕਲ, ਟ੍ਰਾਈ ਸਾਈਕਲ, ਵ੍ਹੀਲ ਚੇਅਰ, ਕੰਨ ਦੀਆਂ ਮਸ਼ੀਨਾਂ, ਗੋਡਿਆਂ ਦੇ ਕੈਪ, ਸਟਿਕਾਂ, ਕਮਰ ਬੈਲਟਾਂ ਆਦਿ ਸਮਾਨ ਵੰਡਿਆ ਗਿਆ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਆਗੂ ਮਾਸਟਰ ਕੁਲਵੰਤ ਸਿੰਘ ਅਤੇ ਕੁਲਦੀਪ ਸਿੰਘ ਅਨੇਜਾ ਨੇ ਦੱਸਿਆ ਕਿ 27 ਅਪ੍ਰੈਲ ਨੂੰ ਅਸੈਸਮੈਂਟ ਕੈਂਪ ਲਗਾ ਕੇ ਲੋੜਵੰਦ ਦਿਵਿਆਂਗ ਅਤੇ ਸੀਨੀਅਰ ਸਿਟੀਜ਼ਨਾਂ ਦੇ ਲੋੜ ਅਨੁਸਾਰ ਉਪਰੋਕਤ ਵਸਤਾਂ ਦੇ ਫ਼ਾਰਮ ਭਰੇ ਗਏ ਸਨ। ਉਹਨਾਂ ਵਿੱਚੋਂ ਯੋਗ ਫਾਰਮਾਂ ਵਾਲੇ ਲੋੜਵੰਦਾਂ ਨੂੰ ਇਹ ਸਮਾਨ ਵੰਡਿਆ ਗਿਆ। ਇਸ ਦੇ ਨਾਲ ਹੀ ਨਵੇਂ ਲੋੜਵੰਦਾਂ ਦੇ ਫ਼ਾਰਮ ਭਰੇ ਗਏ। ਇਸ ਸਮਾਨ ਨੂੰ ਲਿਆਉਣ ਵਿੱਚ ਬਿੱਗ ਹੌਪ ਫਾਊਂਡੇਸ਼ਨ ਬਰੇਟਾ ਦੇ ਮਨਿੰਦਰ ਸਿੰਗਲਾ ਦਾ ਬਹੁਤ ਵੱਡਾ ਯੋਗਦਾਨ ਰਿਹਾ।ਇਸ ਮੌਕੇ ਸੰਬੋਧਨ ਕਰਦੇ ਹੋਏ ਡੀ ਐੱਸ ਪੀ ਸਿਕੰਦਰ ਸਿੰਘ ਚੀਮਾ, ਤਹਿਸੀਲਦਾਰ ਹਿਰਦੇਪਾਲ ਸਿੰਘ, ਸਮਾਜ ਸੇਵੀ ਚਿਰੰਜੀ ਲਾਲ ਜੈਨ, ਅਮਰਿੰਦਰ ਸਿੰਘ ਦਾਤੇਵਾਸ, ਆੜ੍ਹਤੀ ਸ਼ਾਮ ਧਲੇਵਾਂ, ਜ਼ਿਲ੍ਹਾ ਰੂਰਲ ਯੂਥ ਕਲੱਬਜ਼ ਐਸੋਸੀਏਸ਼ਨ ਮਾਨਸਾ ਦੇ ਰਜਿੰਦਰ ਵਰਮਾ ਨੇ ਸੰਸਥਾ ਦੇ ਸਮਾਜ ਭਲਾਈ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਕੀਤੇ ਜਾਣ ਵਾਲੇ ਕੰਮਾਂ ਬਾਰੇ ਵੀ ਚਾਨਣਾ ਪਾਇਆ। ਸੰਸਥਾ ਆਗੂ ਜਸਵਿੰਦਰ ਸਿੰਘ ਵਿਰਕ ਅਤੇ ਇੰਦਰਜੀਤ ਸਿੰਘ ਟੋਨੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਇਸ ਮੌਕੇ ਉਪਰੋਕਤ ਤੋਂ ਇਲਾਵਾ ਟਿੰਕੂ ਪੰਜਾਬ, ਕੁਲਦੀਪ ਸਿੰਘ ਅਨੇਜਾ,ਵਿਜੈ ਗੋਇਲ, ਅਵਤਾਰ ਸਿੰਘ ਬਛੁਆਣਾ, ਬਲਬੀਰ ਸਿੰਘ ਕੈਂਥ, ਗੁਰਤੇਜ ਸਿੰਘ ਕੈਂਥ, ਦਵਿੰਦਰਪਾਲ ਸਿੰਘ ਲਾਲਾ, ਸੁਰਜੀਤ ਸਿੰਘ ਟੀਟਾ, ਸੋਹਣ ਸਿੰਘ, ਨਰੇਸ਼ ਕੁਮਾਰ ਬੰਸੀ, ਦਰਬਾਰਾ ਸਿੰਘ ਦਾਰਾ ਸਮੇਤ ਅਨੇਕਾਂ ਮੈਂਬਰ ਹਾਜ਼ਰ ਸਨ।

## ਮਦਰ ਇੰਡੀਆ ਪਬਲਿਕ ਸਕੂਲ ਵਿਖੇ ਵਿਦਿਆਰਥੀ ਕੌਂਸਲ ਦੀ ਤਾਜਪੋਸ਼ੀ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਮਦਰ ਇੰਡੀਆ ਪਬਲਿਕ ਸਕੂਲ ਵਿਖੇ ਚੇਅਰਮੈਨ ਰਾਕੇਸ਼ ਗਰਗ ਤੇ ਡਾਇਰੈਕਟਰ ਮੈਡਮ ਵੀਨਾ ਰਾਣੀ ਦੀ ਰਹਿਨੁਮਾਈ ਹੇਠ ਸਕੂਲ ਦੀ ਵਿਦਿਆਰਥੀ ਕੌਂਸਲ ਦੀ ਚੋਣ ਕੀਤੀ ਗਈ, ਜਿਸ ਵਿੱਚ ਬਾਰਵੀਂ ਕਲਾਸ ਦੇ ਵਿਦਿਆਰਥੀ ਜਸਕਰਨ ਸਿੰਘ ਨੂੰ ਹੈੱਡ ਬੁਆਏ ਤੇ ਲਵਦੀਪ ਕੌਰ ਨੂੰ ਸਕੂਲ ਦੀ ਹੈੱਡ ਗਰਲ ਨਿਯੁਕਤ ਕੀਤਾ ਗਿਆ।ਸਕੂਲ ਨਾਲ ਸਬੰਧਤ ਚਾਰ ਹਾਊਸਾਂ (ਸਵਾਮੀ ਵਿਵੇਕਾਨੰਦ, ਚਾਣਕਯ, ਰਾਬਿੰਦਰ ਨਾਥ ਟੈਗੋਰ, ਐੱਸ ਰਾਧਾਕ੍ਰਿਸ਼ਨਨ) ਦੇ ਕਪਤਾਨ ਤੇ ਉਪ ਕਪਤਾਨਾਂ ਦੀ ਚੋਣ ਸਕੂਲ ਵਿੱਚ ਵਿਦਿਆਰਥੀਆਂ ਦੁਆਰਾ ਵੋਟਾਂ ਪਾ ਕੇ ਨਿਰਪੱਖ ਤਰੀਕੇ ਨਾਲ ਕੀਤੀ ਗਈ, ਜਿਸ ਵਿੱਚ ਕੈਪਟਨ ਅਰਸ਼ਦੀਪ ਕੌਰ, ਪ੍ਰਭਜੋਤ ਸਿੰਘ, ਅਰਸ਼ਪ੍ਰੀਤ ਕੌਰ, ਨਕੁਲ ਬਾਂਸਲ ਤੇ ਵਾਈਸ ਕੈਪਟਨ ਅੰਸ਼ਵਤਨ, ਸੁਖਵੀਰ ਸਿੰਘ, ਸੁਖਮਨਦੀਪ ਕੌਰ ਤੇ ਕਸ਼ਿਸ਼ਪ੍ਰੀਤ ਕੌਰ ਨੂੰ ਚੁਣਿਆ ਗਿਆ।ਇਸ ਗਤੀਵਿਧੀ ਤਹਿਤ ਸਕੂਲ ਦੇ ਈਕੋ ਕਲੱਬ ਦਾ ਪ੍ਰੈਜ਼ੀਡੈਂਟ ਰਿਸ਼ਭਜੋਤ ਸਿੰਘ, ਲਿਟਰੇਰੀ ਕਲੱਬ ਦਾ ਮਨਦੀਪ ਸਿੰਘ, ਹੈਲਥ ਐਂਡ ਵੈੱਲਨੈੱਸ ਕਲੱਬ ਦੀ ਪ੍ਰੈਜ਼ੀਡੈਂਟ ਰੰਜਨ, ਆਰਟ ਕਲੱਬ ਦਾ ਮਨਜੋਤ ਸ਼ਰਮਾ ਤੇ ਬਾਕੀ ਅਹੁਦੇਦਾਰਾਂ ਤੇ ਐਗਜ਼ੀਕਿਊਟਿਵ ਮੈਂਬਰਾਂ ਦੀ ਵੀ ਚੋਣ ਕੀਤੀ ਗਈ।ਚੋਣ ਪ੍ਰਕਿਰਿਆ ਉਪਰੰਤ ਸਾਰੇ ਅਹੁਦੇਦਾਰਾਂ ਨੂੰ ਡਾਇਰੈਕਟਰ ਮੈਡਮ ਵੀਨਾ ਤੇ ਪ੍ਰਿੰਸੀਪਲ ਡਾ. ਨੀਤਿਕਾ ਗੁਪਤਾ ਨੇ ਸੈਸ਼ੇ ਤੇ ਬੈਚ ਲਗਾ ਕੇ ਸਨਮਾਨਤ ਕੀਤਾ।ਸਾਰੇ ਅਹੁਦੇਦਾਰਾਂ ਨੇ ਡਿਊਟੀ ਜ਼ਿੰਮੇਵਾਰੀ ਨਾਲ ਨਿਭਾਉਣ ਲਈ ਸਹੁੰ ਚੁੱਕੀ।ਸਮਾਗਮ ਦੇ ਅੰਤ ਵਿੱਚ ਪ੍ਰਿੰਸੀਪਲ ਡਾ. ਨੀਤਿਕਾ ਗੁਪਤਾ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਉਨ੍ਹਾਂ ਆਪਣੇ ਸੰਬੋਧਨ ਦੌਰਾਨ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦੇਣ ਦੇ ਨਾਲ ਹੀ ਉਨ੍ਹਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਤੇ ਉਨ੍ਹਾਂ ਨੂੰ ਕਲੱਬਾਂ ਦੀ ਮਹੱਤਤਾ ਬਾਰੇ ਵੀ ਦੱਸਿਆ ਅਤੇ ਸ਼ੁੱਭ-ਕਾਮਨਾਵਾਂ ਵੀ ਦਿੱਤੀਆ।

## ਸਿੱਖਿਆ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ : ਵਿਧਾਇਕ ਬੁੱਧ ਰਾਮ



**ਬੁਢਲਾਡਾ (ਅਸ਼ੋਕ ਲਾਕੜਾ)**-ਸਿੱਖਿਆ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ ਅਤੇ ਜਦੋਂ ਬੱਚੇ ਬਿਹਤਰ ਵਾਤਾਵਰਣ ਵਿਚ ਪੜ੍ਹਾਈ ਕਰਨ, ਤਾਂ ਉਨ੍ਹਾਂ ਦਾ ਆਤਮਵਿਸ਼ਵਾਸ ਅਤੇ ਸਿੱਖਣ ਦੀ ਸਮਰੱਥਾ ਦੋਵੇਂ ਵਧਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਹਲਕਾ ਬੁਢਲਾਡਾ ਪ੍ਰਿੰਸੀਪਲ ਬੁੱਧ ਰਾਮ ਨੇ ਹਲਕੇ ਦੇ ਸਰਕਾਰੀ ਸਕੂਲਾਂ 'ਚ 42.91 ਲੱਖ ਰੁਪਏ ਦੇ ਵੱਖ ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸਕੂਲਾਂ ਵਿਚ ਸਮਾਰਟ ਕਲਾਸਾਂ, ਲਾਇਬ੍ਰੇਰੀ, ਸਾਫ਼ ਪੀਣ ਵਾਲਾ ਪਾਣੀ, ਪਖਾਨੇ ਅਤੇ ਬੈਠਣ ਦੇ ਢੁਕਵੇਂ ਪ੍ਰਬੰਧ ਯਕੀਨੀ ਬਣਾਏ ਜਾ ਰਹੇ ਹਨ ਤਾਂ ਜੋ ਸਰਕਾਰੀ ਸਕੂਲ ਕਿਸੇ ਵੀ ਪ੍ਰਾਈਵੇਟ ਸਕੂਲ ਤੋਂ ਘੱਟ ਨਾ ਦਿਖਾਈ ਦੇਣ। ਉਨ੍ਹਾ ਅਧਿਆਪਕਾਂ ਅਤੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਕੂਲਾਂ ਦੀ ਦੇਖਭਾਲ ਵਿਚ ਸਹਿਯੋਗ ਕਰਨ ਅਤੇ ਵੱਧ ਤੋਂ ਵੱਧ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਦਾਖ਼ਲ ਕਰਵਾਉਣ।ਵਿਧਾਇਕ ਨੇ ਸਕੂਲ ਆਫ ਐਮੀਨੈਂਸ ਬੋਹਾ ਵਿਖੇ 18.90 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਸੈਦੇਵਾਲਾ ਵਿਖੇ 7.91 ਲੱਖ, ਸਰਕਾਰੀ ਸੈਕੰਡਰੀ ਸਕੂਲ ਸੈਦੇਵਾਲਾ ਵਿਖੇ 16.10 ਲੱਖ ਰੁਪਏ ਦੀ ਲਾਗਤ ਨਾਲ ਵੱਖ ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਉਨ੍ਹਾਂ ਦੱਸਿਆ ਕਿ ਸਕੂਲ ਆਫ ਐਮੀਨੈਂਸ ਬੋਹਾ ਵਿਖੇ ਕੰਟੀਨ, ਸ਼ੈੱਡ, ਸਕਿਊਰਟੀ ਰੂਮ ਅਤੇ ਸਕੂਲ ਦੀ ਰੈਨੋਵੇਸ਼ਨ ਲਈ 1 ਕਰੋੜ 97 ਲੱਖ ਰੁਪਏ ਜਾਰੀ ਹੋਏ ਹਨ, ਜਿਸ ਦਾ ਕੰਮ ਸ਼ੁਰੂ ਹੋ ਚੁੱਕਾ ਹੈ।ਇਸ ਮੌਕੇ ਸਕੂਲ ਮੁਖੀ ਪਵਿੰਦਰ ਕੁਮਾਰ, ਕਰਮਜੀਤ ਸਿੰਘ ਤੇ ਹਰਿੰਦਰ ਭੁੱਲਰ, ਚੇਅਰਮੈਨ ਐਸ.ਐਮ.ਸੀ. ਕੁਲਦੀਪ ਸਿੰਘ, ਹਰਜਿੰਦਰ ਸਿੰਘ ਤੇ ਹਰੀ ਨਰਾਇਣ, ਕਮਲਜੀਤ ਬਾਵਾ, ਰਣਜੀਤ ਫਰੀਦਕੇ, ਕਰਮਜੀਤ ਫੌਜੀ ਸ਼ਹਿਰੀ ਪ੍ਰਧਾਨ, ਦਰਸ਼ਨ ਘਾਰੂ, ਜੱਗਾ ਸਿੰਘ ਐਮ ਸੀ, ਪ੍ਰਿੰਸੀਪਲ ਗੁਰਮੀਤ ਸਿੱਧੂ, ਪਿਆਰਾ ਸਿੰਘ ਗੁਰਨੇ, ਸ਼ਹੀਦ ਜਗਸੀਰ ਸਿੰਘ ਦੇ ਪਤਨੀ ਬਲਵੀਰ ਕੌਰ ਤੇ ਪਿਤਾ ਤੇਜਾ ਸਿੰਘ ਆਦਿ ਹਾਜ਼ਰ ਸਨ।

## ਕੈਮਿਸਟ ਯੂਨੀਅਨ ਤਲਵੰਡੀ ਸਾਬੋ ਦੀ ਚੋਣ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਲੰਘੇ ਦਿਨ ਸਥਾਨਕ ਕੈਮਿਸਟ ਯੂਨੀਅਨ ਦੀ ਇਕੱਤਰਤਾ ਤਲਵੰਡੀ ਸਾਬੋ ਵਿਖੇ ਹੋਈ, ਜਿਸ ਵਿੱਚ ਯੂਨੀਅਨ ਦੀ ਚੋਣ ਕੀਤੀ ਗਈ।ਸਰਵਸੰਮਤੀ ਨਾਲ ਕੀਤੀ ਗਈ ਇਸ ਚੋਣ ਵਿੱਚ ਮਨਦੀਪ ਸਿੰਘ ਨੂੰ ਪ੍ਰਧਾਨ, ਰਾਜਨ ਗੋਇਲ ਨੂੰ ਜਨਰਲ ਸੈਕਟਰੀ ਤੇ ਪਰਸਦੀਪ ਨੂੰ ਖ਼ਜ਼ਾਨਚੀ ਚੁਣ ਲਿਆ ਗਿਆ।ਇਸੇ ਤਰ੍ਹਾਂ ਇਸ ਚੋਣ ਵਿੱਚ ਲਖਵੀਰ ਸਿੰਘ ਨੂੰ ਵਾਈਸ ਪ੍ਰਧਾਨ ਚੁਣੇ ਜਾਣ ਦੀ ਖ਼ਬਰ ਹੈ।ਇਸ ਮੌਕੇ ਵਰਿੰਦਰ ਮਹੇਸ਼ਵਰੀ, ਚੌਧਰੀ ਵਿਜੇ ਨਾਲ, ਸੰਜੀਵ ਕੁਮਾਰ, ਕਾਲ਼ਾ, ਰਜਿੰਦਰ ਸ਼ਰਮਾ, ਅਸ਼ਵਨੀ, ਤਰਸੇਮ ਕੁਮਾਰ, ਭੋਲਾ ਸਿੰਘ, ਅਜੇ ਕੁਮਾਰ, ਮਨਿੰਦਰ ਸਿੰਘ, ਗੁਰਵਿੰਦਰ ਸਿੰਘ, ਵਿਸ਼ਵਜੀਤ, ਸੁਨੀਲ ਕੁਮਾਰ, ਪ੍ਰਿੰਸ, ਸੁਖਚੈਨ ਸਿੰਘ ਤੇ ਗੁਰਮੀਤ ਸਿੰਘ ਆਦਿ ਕੈਮਿਸਟ ਹਾਜ਼ਰ ਸਨ।

ਸੋਮਵਾਰ, 26 ਮਈ, 2025
13 ਜੇਠ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 73
ਅੰਕ/NO. : 355

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 26 MAY, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in

## ਲਾਲੂ ਵੱਲੋਂ ਵੱਡਾ ਮੁੰਡਾ ਬੇਦਖਲ



**ਪਟਨਾ** : ਰਾਸ਼ਟਰੀ ਜਨਤਾ ਦਲ ਦੇ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਨੇ ਐਤਵਾਰ ਆਪਣੇ ਵੱਡੇ ਪੁੱਤਰ ਤੇਜ ਪ੍ਰਤਾਪ ਯਾਦਵ ਨੂੰ ਉਸ ਦੇ 'ਗੈਰ-ਜ਼ਿੰਮੇਵਾਰਾਨਾ ਵਿਹਾਰ' ਕਾਰਨ ਪਾਰਟੀ 'ਚੋਂ ਕੱਢ ਦਿੱਤਾ ਅਤੇ ਉਸ ਨਾਲ ਪਰਵਾਰਕ ਸੰਬੰਧ ਵੀ ਤੋੜ ਲਏ।

ਲਾਲੂ ਪ੍ਰਸਾਦ ਨੇ ਦੁਪਹਿਰ ਸਮੇਂ ਸੋਸ਼ਲ ਮੀਡੀਆ ਪਲੇਟਫਾਰਮ 'ਐੱਕਸ' 'ਤੇ ਇੱਕ ਪੋਸਟ ਵਿੱਚ ਇਹ ਐਲਾਨ ਕਰਦਿਆਂ ਕਿਹਾ, 'ਨਿੱਜੀ ਜੀਵਨ ਵਿੱਚ ਨੈਤਿਕ ਕਦਰਾਂ-ਕੀਮਤਾਂ ਦੀ ਅਣਦੇਖੀ ਸਮਾਜੀ ਨਿਆਂ ਲਈ ਸਾਡੇ ਸਮੂਹਕ ਸੰਘਰਸ਼ ਨੂੰ ਕਮਜ਼ੋਰ ਕਰਦੀ ਹੈ। ਵੱਡੇ ਪੁੱਤਰ ਦੀਆਂ ਗਤੀਵਿਧੀਆਂ, ਜਨਤਕ ਆਚਰਨ ਅਤੇ ਗੈਰ-ਜ਼ਿੰਮੇਵਾਰਾਨਾ ਵਿਹਾਰ ਸਾਡੀਆਂ ਪਰਵਾਰਕ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਮੁਤਾਬਕ ਨਹੀਂ ਹਨ। ਉਪਰੋਕਤ ਹਰਕਤਾਂ ਕਾਰਨ ਮੈਂ ਉਸ ਨੂੰ ਪਾਰਟੀ ਅਤੇ ਪਰਵਾਰ ਤੋਂ ਕੱਢਦਾ ਹਾਂ। ਹੁਣ ਤੋਂ ਉਸ ਦੀ ਪਾਰਟੀ ਅਤੇ ਪਰਵਾਰ ਵਿੱਚ ਕਿਸੇ ਕਿਸਮ ਦੀ ਕੋਈ ਭੂਮਿਕਾ ਨਹੀਂ ਹੋਵੇਗੀ। ਉਸ ਨੂੰ ਛੇ ਸਾਲਾਂ ਲਈ ਪਾਰਟੀ ਵਿੱਚੋਂ ਕੱਢਿਆ ਜਾਂਦਾ ਹੈ।' ਇਹ ਕਦਮ ਬਿਹਾਰ ਦੇ ਸਾਬਕਾ ਮੰਤਰੀ ਤੇਜ ਪ੍ਰਤਾਪ ਯਾਦਵ ਵੱਲੋਂ ਇੱਕ ਫੇਸਬੁਕ ਪੋਸਟ 'ਤੇ ਇਹ ਕਹਿਣ ਮਗਰੋਂ ਚੁੱਕਿਆ ਗਿਆ ਕਿ ਉਹ ਇੱਕ ਔਰਤ ਨਾਲ 'ਰਿਲੇਸ਼ਨਸ਼ਿਪ ਵਿੱਚ' ਹੈ, ਪਰ ਬਾਅਦ ਵਿੱਚ ਉਸ ਨੇ ਦਾਅਵਾ ਕੀਤਾ ਕਿ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਉਸ ਦਾ ਖਾਤਾ 'ਹੈਕ' ਕੀਤਾ ਗਿਆ ਸੀ। ਹਾਲਾਂਕਿ, ਇਹ ਸੋਸ਼ਲ ਮੀਡੀਆ 'ਤੇ ਲੋਕਾਂ ਨੂੰ ਚੰਗਾ ਨਹੀਂ ਲੱਗਿਆ ਅਤੇ ਕਈ ਲੋਕਾਂ ਨੇ ਤੇਜ ਪ੍ਰਤਾਪ (37) ਨੂੰ ਉਸ ਦੇ ਸ਼ਾਦੀਸ਼ੁਦਾ ਹੋਣ ਬਾਰੇ ਯਾਦ ਕਰਵਾਇਆ, ਜੋ 2018 ਵਿੱਚ ਕਾਫੀ ਧੂਮਧਾਮ ਨਾਲ ਹੋਈ ਸੀ। ਤੇਜ ਪ੍ਰਤਾਪ ਨੇ ਸਨਿੱਚਰਵਾਰ ਰਾਤ ਨੂੰ ਸੋਸ਼ਲ ਮੀਡੀਆ ਪਲੇਟਫਾਰਮ 'ਐੱਕਸ' 'ਤੇ ਜਾਰੀ ਇੱਕ ਪੋਸਟ ਵਿੱਚ ਕਿਹਾ, 'ਮੇਰੇ ਸੋਸ਼ਲ ਮੀਡੀਆ ਪਲੇਟਫਾਰਮ ਨੂੰ ਹੈਕ ਕਰ ਕੇ ਮੇਰੀਆਂ ਤਸਵੀਰਾਂ ਗਲਤ ਢੰਗ ਨਾਲ ਐਡਿਟ ਕਰ ਕੇ ਮੈਨੂੰ ਅਤੇ ਮੇਰੇ ਪਰਵਾਰਕ ਮੈਂਬਰਾਂ ਨੂੰ ਪ੍ਰੇਸ਼ਾਨ ਅਤੇ ਬਦਨਾਮ ਕੀਤਾ ਜਾ ਰਿਹਾ ਹੈ। ਮੈਂ ਆਪਣੇ ਸ਼ੁਭਚਿੰਤਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਸਾਵਧਾਨ ਰਹਿਣ ਅਤੇ ਕਿਸੇ ਵੀ ਅਫਵਾਹ ਵੱਲ ਧਿਆਨ ਨਾ ਦੇਣ।'

## ਲੁਧਿਆਣਾ ਪੱਛਮੀ ਹਲਕੇ 'ਚ 19 ਨੂੰ ਵੋਟਿੰਗ

**ਚੰਡੀਗੜ੍ਹ** : ਪੰਜਾਬ ਦੇ ਅਸੈਂਬਲੀ ਹਲਕਾ ਲੁਧਿਆਣਾ ਪੱਛਮੀ ਤੋਂ ਜ਼ਿਮਨੀ ਚੋਣ ਲਈ ਵੋਟਿੰਗ 19 ਜੂਨ ਨੂੰ ਹੋਵੇਗੀ। ਇਹ ਐਲਾਨ ਭਾਰਤੀ ਚੋਣ ਕਮਿਸ਼ਨ ਨੇ ਐਤਵਾਰ ਚਾਰ ਰਾਜਾਂ ਵਿੱਚ ਪੰਜ ਅਸੈਂਬਲੀ ਹਲਕਿਆਂ ਦੀ ਜ਼ਿਮਨੀ ਚੋਣ ਦਾ ਐਲਾਨ ਕਰਨ ਵੇਲੇ ਕੀਤਾ। ਨਾਮਜ਼ਦਗੀਆਂ 26 ਮਈ ਤੋਂ 2 ਜੂਨ ਤੱਕ ਭਰੀਆਂ ਜਾਣਗੀਆਂ। ਤਿੰਨ ਜੂਨ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਹੋਵੇਗੀ ਅਤੇ 5 ਜੂਨ ਨੂੰ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਣਗੇ। ਵੋਟਾਂ ਦੀ ਗਿਣਤੀ 23 ਜੂਨ ਨੂੰ ਕੀਤੀ ਜਾਵੇਗੀ।

'ਆਪ' ਵਿਧਾਇਕ ਗੁਰਪ੍ਰੀਤ ਸਿੰਘ ਗੋਗੀ ਦੇ ਦੇਹਾਂਤ ਤੋਂ ਬਾਅਦ ਇਹ ਸੀਟ ਖਾਲੀ ਹੋ ਗਈ ਸੀ। 'ਆਪ' ਨੇ ਇਸ ਚੋਣ ਲਈ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਉਮੀਦਵਾਰ ਬਣਾਇਆ ਹੈ।

ਕਾਂਗਰਸ ਵੱਲੋਂ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ, ਜਦਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਰਉਪਕਾਰ ਸਿੰਘ ਘੁੰਮਣ ਉਮੀਦਵਾਰ ਹਨ। ਭਾਜਪਾ ਨੇ ਹਾਲੇ ਤੱਕ ਆਪਣੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ। ਚੋਣ ਕਮਿਸ਼ਨ ਨੇ ਪੰਜਾਬ ਦੇ ਨਾਲ-ਨਾਲ ਗੁਜਰਾਤ ਦੀਆਂ ਦੋ ਸੀਟਾਂ, ਕੇਰਲਾ ਤੇ ਪੱਛਮੀ ਬੰਗਾਲ ਦੀ ਇੱਕ-ਇੱਕ ਸੀਟ 'ਤੇ ਜ਼ਿਮਨੀ ਚੋਣ 19 ਜੂਨ ਨੂੰ ਹੀ ਕਰਵਾਉਣ ਦਾ ਐਲਾਨ ਕੀਤਾ ਹੈ।

## ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡਣ ਵਾਲੀ ਮੋਦੀ ਸਰਕਾਰ ਨੂੰ ਜੜ੍ਹੋਂ ਉਖਾੜ ਸੁੱਟਣ ਦਾ ਸਮਾਂ ਆ ਗਿਆ : ਬੰਤ ਬਰਾੜ



**ਲੁਧਿਆਣਾ** : ਦੇਸ਼ ਦੀ ਏਕਤਾ, ਅਖੰਡਤਾ ਦੀ ਰਾਖੀ ਲਈ ਸ਼ਹੀਦ ਹੋਏ ਭਾਰਤੀ ਕਮਿਊਨਿਸਟ ਪਾਰਟੀ ਦੇ ਸਿਰਕੱਢ ਆਗੂ ਸ਼ਹੀਦ ਗੁਰਮੇਲ ਸਿੰਘ ਹੂੰਝਣ ਅਤੇ ਜੋਗਿੰਦਰ ਸਿੰਘ ਦੀ 36ਵੀਂ ਬਰਸੀ ਮੌਕੇ ਸ਼ਹੀਦੀ ਸਮਾਗਮ 'ਤੇ ਹਾਜ਼ਰ ਸੈਂਕੜੇ ਲੋਕਾਂ ਨੇ ਦੇਸ਼ ਦੇ ਸੰਵਿਧਾਨ ਦੀ ਰਾਖੀ ਕਰਨ ਦਾ ਪ੍ਰਣ ਲਿਆ। ਇਸ ਮੌਕੇ ਤੇ ਬੋਲਦਿਆਂ ਪ੍ਰਮੁੱਖ ਬੁਲਾਰੇ ਸੀ ਪੀ ਆਈ ਦੇ ਪੰਜਾਬ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਮੌਜੂਦਾ ਕੇਂਦਰ ਸਰਕਾਰ ਹਰ ਪਾਸਿਓਂ ਫੇਲ੍ਹ ਹੋ ਚੁੱਕੀ ਹੈ। ਲੋਕਾਂ ਦੇ ਮਸਲੇ ਤਾਂ ਵਧਦੇ ਹੀ ਜਾ ਰਹੇ ਹਨ। ਬੇਰੁਜ਼ਗਾਰੀ ਵਧ ਰਹੀ ਹੈ, ਸਿੱਖਿਆ ਤੇ ਸਿਹਤ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ, ਇਸਤਰੀਆਂ ਤੇ ਦਲਿਤਾਂ 'ਤੇ ਅੱਤਿਆਚਾਰ ਵਧ ਰਹੇ ਹਨ। ਇਹਨਾਂ ਹਾਲਾਤ ਵਿੱਚ ਲੋਕ ਅੰਦੋਲਨ ਉਭਰ ਰਹੇ ਹਨ, ਪਰ ਆਰ ਐੱਸ ਐੱਸ ਦੀ ਥਾਪੜੀ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲੋਕਾਂ ਦਾ ਧਿਆਨ ਹਟਾਉਣ ਲਈ ਬਕਾਇਦਾ ਯੋਜਨਾਬੱਧ ਢੰਗ ਨਾਲ ਫਿਰਕੂ ਲੀਹਾਂ 'ਤੇ ਸਮਾਜ ਵਿੱਚ ਵੰਡ ਪਾਈ ਜਾ ਰਹੀ ਹੈ। ਘੱਟ ਗਿਣਤੀਆਂ 'ਤੇ ਹਮਲੇ ਹੋ ਰਹੇ ਹਨ, ਵਿਸ਼ੇਸ਼ ਕਰ ਮੁਸਲਮਾਨਾਂ ਖਿਲਾਫ ਲਗਾਤਾਰ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ। ਸੂਬਿਆਂ ਦੇ ਅਧਿਕਾਰਾਂ 'ਤੇ ਸੱਟ ਮਾਰੀ ਜਾ ਰਹੀ ਹੈ। ਕਾਮਿਆਂ ਅਤੇ ਕਿਸਾਨਾਂ ਦੇ ਹੱਕਾਂ ਦਾ ਪੂਰੀ ਤਰ੍ਹਾਂ ਘਾਣ ਕੀਤਾ ਜਾ ਰਿਹਾ ਹੈ। ਮਜ਼ਦੂਰਾਂ ਦੇ ਸੰਘਰਸ਼ ਕਰਕੇ ਪ੍ਰਾਪਤ ਕੀਤੇ ਹੋਏ ਹੱਕਾਂ ਨੂੰ ਖੋਹਿਆ ਜਾ ਰਿਹਾ ਹੈ, ਇਥੋਂ ਤੱਕ ਕਿ ਉਹਨਾਂ ਦੇ ਯੂਨੀਅਨ ਬਣਾਉਣ ਦੇ ਅਧਿਕਾਰਾਂ ਨੂੰ ਵੀ ਚਾਰ ਕੋਡਾਂ ਰਾਹੀਂ ਸਮਾਪਤ ਕਰਨ ਦੀ ਪੂਰੀ ਸਾਜ਼ਿਸ਼ ਚੱਲ ਰਹੀ ਹੈ। ਵਿਸ਼ਾਲ ਕਿਸਾਨ ਅੰਦੋਲਨ ਦੇ ਦਬਾਅ ਹੇਠ ਕਿਸਾਨ ਵਿਰੋਧੀ ਬਿੱਲ ਵਾਪਸ ਲੈਣ ਤੋਂ ਬਾਅਦ ਸਰਕਾਰ ਪੂਰੀ ਤਰ੍ਹਾਂ ਮੁੱਕਰ ਗਈ ਹੈ ਤੇ ਕਿਸਾਨੀ ਮੰਗਾਂ ਦੀ ਪੂਰੀ ਤਰ੍ਹਾਂ ਅਣਦੇਖੀ ਕੀਤੀ ਜਾ ਰਹੀ ਹੈ। ਦੇਸ਼ ਦਾ ਸਾਰਾ ਧਨ ਕੌਡੀਆਂ ਦੇ ਭਾਅ ਚੰਦ ਘਰਾਣਿਆਂ ਨੂੰ ਵੇਚਿਆ ਜਾ ਰਿਹਾ ਹੈ ਦੂਜੇ ਪਾਸੇ ਆਮ ਲੋਕਾਂ 'ਤੇ ਜੀ ਐੱਸ ਟੀ ਤੇ ਹੋਰ ਟੈਕਸਾਂ ਰਾਹੀਂ ਬੋਝ ਪਾਇਆ ਜਾ ਰਿਹਾ ਹੈ। ਵਿਦੇਸ਼ ਨੀਤੀ ਪੱਖੋਂ ਸਰਕਾਰ ਪੂਰੀ ਤਰ੍ਹਾਂ ਅਸਫਲ ਰਹੀ ਹੈ। ਜਿੱਥੇ ਸਾਡੇ ਜਾਂਬਾਜ਼ ਫੌਜੀਆਂ ਨੇ ਸਿਰ ਤਲੀ 'ਤੇ ਧਰ ਕੇ ਪਾਕਿਸਤਾਨ ਦੇ ਅੰਦਰ ਅੱਤਵਾਦੀ ਟਿਕਾਣਿਆਂ 'ਤੇ ਹਮਲੇ ਕੀਤੇ, ਉਥੇ ਵਿਸ਼ਵ ਪੱਧਰ 'ਤੇ ਕੂਟਨੀਤਕ ਤੌਰ 'ਤੇ ਮੋਦੀ ਸਰਕਾਰ ਪੂਰੀ ਤਰ੍ਹਾਂ ਅਸਫਲ ਰਹੀ ਹੈ, ਕਿਉਂਕਿ ਦੁਨੀਆ ਦਾ ਕੋਈ ਵੀ ਦੇਸ਼ ਕੇਵਲ ਇਜ਼ਰਾਇਲ ਤੇ ਤਾਲਿਬਾਨ ਨੂੰ ਛੱਡ ਕੇ ਭਾਰਤ ਦੇ ਹੱਕ ਵਿੱਚ ਨਹੀਂ ਬੋਲਿਆ। ਹੁਣ ਸਫਾਈਆਂ ਦੇਣ ਲਈ ਟੀਮਾਂ ਵਿਦੇਸ਼ਾਂ ਨੂੰ ਭੇਜੀਆਂ ਜਾ ਰਹੀਆਂ ਹਨ, ਜਿਹੜੀਆਂ ਕਿ ਬੇਲੋੜੀਆਂ ਹਨ। ਸਰਕਾਰ ਨੂੰ ਪਹਿਲਾਂ ਹੀ ਪਹਿਲਗਾਮ ਵਿੱਚ ਸੁਰੱਖਿਆ ਦੀ ਘਾਟ ਨਹੀਂ ਸੀ ਹੋਣ ਦੇਣੀ ਚਾਹੀਦੀ ਅਤੇ ਉਥੇ ਹੱਤਿਆਵਾਂ ਵਿੱਚ ਸ਼ਾਮਲ ਅੱਤਵਾਦੀਆਂ ਨੂੰ ਪੂਰੀ ਤਰ੍ਹਾਂ ਨੰਗਾ ਕਰਕੇ ਪ੍ਰਮਾਣ ਦੇਣੇ ਚਾਹੀਦੇ ਸਨ ਕਿ ਉਹ ਪਾਕਿਸਤਾਨ ਤੋਂ ਆਏ ਹਨ। ਮੁੰਬਈ ਵਿੱਚ ਹੋਟਲ ਤਾਜ 'ਤੇ ਹਮਲੇ ਤੋਂ ਬਾਅਦ ਡਾਕਟਰ ਮਨਮੋਹਨ ਸਿੰਘ ਵੇਲੇ ਕਸਾਬ ਨੂੰ ਫਾਂਸੀ ਦੀ ਸਜ਼ਾ ਦੇਣ ਤੋਂ ਪਹਿਲਾਂ ਸਾਰੀ ਦੁਨੀਆ ਨੂੰ ਪ੍ਰਮਾਣ ਦਿੱਤੇ ਗਏ, ਜਿਸ ਕਰਕੇ ਸਾਰੀ ਦੁਨੀਆ ਸਾਡੇ ਨਾਲ ਖੜੀ ਹੋਈ, ਪਰ ਅੱਜ ਪ੍ਰਧਾਨ ਮੰਤਰੀ ਫਿਲਮੀ ਅੰਦਾਜ਼ ਵਿੱਚ ਥੋਥੇ ਭਾਸ਼ਣ ਦੇ ਕੇ ਕਿ ਮੇਰੀਆਂ ਰਗਾਂ ਵਿੱਚ ਸਿੰਧੂਰ ਦੌੜ ਰਿਹਾ ਹੈ, ਵਰਗੀਆਂ ਹੋਛੀਆਂ ਗੱਲਾਂ ਕਰਕੇ ਲੋਕਾਂ ਨੂੰ ਵਰਗਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇੱਕ ਵਾਰੀ ਵੀ ਉਹਨਾ ਅੱਤਵਾਦੀ ਹਿੰਸਾ ਵਿੱਚ ਮਾਰੇ ਗਏ ਪਰਵਾਰ ਜਨਾਂ ਨਾਲ ਕੋਈ ਹਮਦਰਦੀ ਨਹੀਂ ਜਤਾਈ। ਜਦੋਂ ਹਿਮਾਂਸ਼ੀ ਨਰਵਾਲ, ਜਿਸ ਦਾ ਕਿ ਜਲ ਸੈਨਾ ਦਾ ਲੈਫਟੀਨੈਂਟ ਪਤੀ ਸ਼ਹੀਦ ਹੋਇਆ ਸੀ, ਦੀ ਆਰ ਐੱਸ ਐੱਸ ਤੇ ਭਾਜਪਾ ਦੀਆਂ ਸਹਿਯੋਗੀ ਇਕਾਈਆਂ ਵੱਲੋਂ ਟਰੋਲਿੰਗ ਹੋਣ ਲੱਗੀ, ਉਸ ਬਾਰੇ ਵੀ ਪ੍ਰਧਾਨ ਮੰਤਰੀ ਨੇ ਕੁਝ ਨਹੀਂ ਕਿਹਾ। ਜਦੋਂ ਫੇਰ ਵਿਦੇਸ਼ ਮੰਤਰਾਲੇ ਦੇ ਪ੍ਰਮੁੱਖ ਸਕੱਤਰ ਮਿਸਰੀ ਦੀ ਟਰੋਲਿੰਗ ਹੋਈ, ਉਦੋਂ ਵੀ ਪ੍ਰਧਾਨ ਮੰਤਰੀ ਚੁੱਪ ਰਹੇ। ਇਸ ਤੋਂ ਸਾਫ ਦਿਖਦਾ ਹੈ ਕਿ ਪ੍ਰਧਾਨ ਮੰਤਰੀ ਦੀ ਦੇਸ਼ ਦੀ ਸੁਰੱਖਿਆ ਵਿੱਚ ਜਾਂ ਦੇਸ਼ ਦੀ ਸੁਰੱਖਿਆ ਵਿੱਚ ਲੱਗੇ ਜਾਂਬਾਜ਼ ਲੋਕਾਂ ਲਈ ਕੋਈ ਹਮਦਰਦੀ ਨਹੀਂ।

ਕੇਂਦਰੀ ਕਾਰਜਕਾਰਨੀ ਦੇ ਮੈਂਬਰ ਗੁਲਜ਼ਾਰ ਸਿੰਘ ਗੋਰੀਆ ਨੇ ਸਾਰੇ ਆਏ ਹੋਏ ਸਾਥੀਆਂ ਦਾ ਸੁਆਗਤ ਕਰਦੇ ਹੋਏ ਅਜੋਕੇ ਹਾਲਾਤ ਵਿੱਚ ਪੇਂਡੂ ਗਰੀਬ ਜਨਤਾ ਦੀ ਕਮਜ਼ੋਰ ਹੋਣ ਦੀ ਹਾਲਤ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ। ਉਹਨਾਂ ਛੱਤੀਸਗੜ੍ਹ ਵਿੱਚ ਭਾਜਪਾ ਸਰਕਾਰ ਵੱਲੋਂ ਲਗਾਤਾਰ ਮਾਓਵਾਦੀਆਂ ਦੇ ਬਹਾਨੇ ਆਦਿਵਾਸੀਆਂ ਦੀਆਂ ਹੱਤਿਆਵਾਂ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਾ ਕੀਤੀ। ਉਹਨਾ ਮੰਗ ਕੀਤੀ ਕਿ ਇਹਨਾਂ ਹਤਿਆਵਾਂ ਦੀ ਜੁਡੀਸ਼ੀਅਲ ਜਾਂਚ ਕੀਤੀ ਜਾਵੇ।

ਜ਼ਿਲ੍ਹਾ ਸਕੱਤਰ ਡੀ ਪੀ ਮੌੜ ਨੇ ਪੰਜਾਬ ਦੇ ਨਿਘਰਦੇ ਹਾਲਾਤ 'ਤੇ ਡੂੰਘੀ ਚਿੰਤਾ ਜਤਾਈ। ਉਹਨਾ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਵਿਗੜਦੀ ਜਾ ਰਹੀ ਹੈ, ਨਸ਼ੇ ਉਵੇਂ ਹੀ ਚੱਲ ਰਹੇ ਹਨ, ਰੇਤ ਤੇ ਜ਼ਮੀਨੀ ਮਾਫ਼ੀਆ ਉਵੇਂ ਹੀ ਭਾਰੀ ਹੈ। ਜ਼ਿਲ੍ਹਾ ਪਾਰਟੀ ਦੇ ਵਿੱਤ ਸਕੱਤਰ ਐੱਮ ਐੱਸ ਭਾਟੀਆ ਨੇ ਕਿਹਾ ਕਿ ਹੁਣ ਪੰਜਾਬ ਸਰਕਾਰ 24 ਹਜ਼ਾਰ ਏਕੜ ਜ਼ਮੀਨ ਐਕਵਾਇਰ ਕਰਕੇ ਖੁਦ ਹੀ ਕਲੋਨਾਈਜ਼ਰ ਬਣਨ ਜਾ ਰਹੀ ਹੈ ਤੇ ਉਪਜਾਊ ਜ਼ਮੀਨ ਨੂੰ ਉਜਾੜਨ ਵਿੱਚ ਲੱਗੀ ਹੋਈ ਹੈ। ਇਹਨਾਂ ਸਭ ਵਿਸ਼ਿਆਂ 'ਤੇ ਵੱਡੇ ਸੰਘਰਸ਼ਾਂ ਦੀ ਲੋੜ ਹੈ। ਇਹ ਦੁੱਖ ਦੀ ਗੱਲ ਹੈ ਕਿ ਵਿਦੇਸ਼ ਨੀਤੀ ਵਿੱਚ ਅਸੀਂ ਇਜ਼ਰਾਇਲ ਦੇ ਨਾਲ ਖੜੇ ਹਾਂ, ਜਦੋਂ ਕਿ ਇਜ਼ਰਾਇਲ ਵੱਲੋਂ ਹਜ਼ਾਰਾਂ ਲੋਕਾਂ ਦੀ, ਸਣੇ ਛੋਟੇ ਬੱਚਿਆਂ ਦੀ, ਹੱਤਿਆ ਕੀਤੀ ਗਈ ਤੇ ਹੁਣ ਉਹ ਭੁੱਖਮਰੀ ਨਾਲ ਉਹਨਾਂ ਨੂੰ ਮਾਰਨ 'ਤੇ ਤੁਲਿਆ ਹੋਇਆ ਹੈ। ਭਾਰਤ ਸਰਕਾਰ ਨੂੰ ਇਜ਼ਰਾਇਲ 'ਤੇ ਦਬਾਅ ਪਾ ਕੇ ਅਜੋਕੇ ਮਨੁੱਖੀ ਸੰਕਟ ਨੂੰ ਜੋ ਕਿ ਗਾਜ਼ਾ ਵਿੱਚ ਫੈਲਿਆ ਹੋਇਆ ਹੈ, ਰੋਕਣ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਯੂਕਰੇਨ ਤੇ ਰੂਸ ਦੇ ਵਿਚਾਲੇ ਯੁੱਧ ਤੇ ਹੋਰ ਦੁਨੀਆਂ ਦੇ ਇਲਾਕਿਆਂ ਵਿੱਚ ਚੱਲ ਰਹੇ ਤਣਾਅ ਦੇ ਕਾਰਨ ਪ੍ਰਮਾਣੂ ਹਥਿਆਰਾਂ ਦਾ ਖਤਰਾ ਬਹੁਤ ਬਣਿਆ ਹੋਇਆ ਹੈ।

ਸਮਾਗਮ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਰਮੇਸ਼ ਰਤਨ ਚੇਅਰਮੈਨ ਕੰਟਰੋਲ ਕਮਿਸ਼ਨ ਸੀ ਪੀ ਆਈ ਪੰਜਾਬ, ਡਾਕਟਰ ਰਜਿੰਦਰ ਪਾਲ ਸਿੰਘ ਔਲਖ, ਨਵਲ ਛਿੱਬੜ ਅਤੇ ਆਲ ਇੰਡੀਆ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਸਵੀਰ ਝੱਜ ਵੀ ਸਨ। ਮੰਚ ਸੰਚਾਲਨ ਗੁਲਜ਼ਾਰ ਪੰਧੇਰ ਨੇ ਕੀਤਾ। ਭਗਵਾਨ ਸਿੰਘ ਬਲਾਕ ਸਕੱਤਰ ਨੇ ਸਾਰੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ।

ਇਸ ਮੌਕੇ ਇਲਾਕੇ ਦੇ ਸਿਰਕੱਢ ਪਾਰਟੀ ਆਗੂ, ਜਿਨ੍ਹਾਂ ਆਪਣੇ ਜੀਵਨ ਵਿੱਚ ਵੱਡੇ ਵੱਡੇ ਸੰਘਰਸ਼ ਕੀਤੇ, ਦੇ ਪਰਵਾਰਾਂ ਨੂੰ ਬੁਲਾ ਕੇ ਸਨਮਾਨਤ ਕੀਤਾ ਗਿਆ। ਬੱਚਿਆਂ ਨੂੰ ਉਹਨਾਂ ਦੇ ਪੜ੍ਹਾਈ ਵਿੱਚ ਚੰਗੇ ਨੰਬਰ ਲਿਆਉਣ 'ਤੇ ਉਤਸ਼ਾਹਤ ਕਰਨ ਲਈ ਕਾਮਰੇਡ ਗੁਰਮੇਲ ਸਿੰਘ ਹੂੰਝਣ ਦੀ ਪਤਨੀ ਸ਼ਰਨਜੀਤ ਕੌਰ ਵੱਲੋਂ ਹੌਸਲਾ-ਅਫ਼ਜ਼ਾਈ ਦੇ ਰੂਪ ਵਿੱਚ ਇਨਾਮ ਵੰਡਣ ਲਈ ਸਹਿਯੋਗ ਰਾਸ਼ੀ ਦਿੱਤੀ ਗਈ। ਇਨਾਮ ਵੰਡ ਦਾ ਕਾਰਜ ਪ੍ਰਿੰਸੀਪਲ ਜਗਜੀਤ ਸਿੰਘ ਵੱਲੋਂ ਕੀਤਾ ਗਿਆ। ਇਸ ਮੌਕੇ ਕਵੀਸ਼ਰੀ ਜੱਥਿਆਂ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਸਮਾਗਮ ਦੀ ਪ੍ਰਧਾਨਗੀ ਗੁਰਮੇਲ ਸਿੰਘ ਹੂੰਝਣ ਦੇ ਭਰਾ ਕੁਲਵੰਤ ਸਿੰਘ ਅਤੇ ਜੋਗਿੰਦਰ ਸਿੰਘ ਦੀ ਪਤਨੀ ਹਰਬੰਸ ਕੌਰ ਨੇ ਕੀਤੀ। ਉਪਰੋਕਤ ਤੋਂ ਇਲਾਵਾ ਚਮਕੌਰ ਸਿੰਘ, ਵਿਜੇ ਕੁਮਾਰ, ਅਵਤਾਰ ਛਿੱਬੜ, ਗੁਰਮੇਲ ਮੈਲਡੇ, ਕੁਲਵੰਤ ਕੌਰ ਸਿੱਧੂ, ਅਵਤਾਰ ਸਿੰਘ ਗਗੜਾ, ਕਾਮੇਸ਼ਵਰ ਯਾਦਵ, ਨਿਰੰਜਨ ਸਿੰਘ, ਗੁਰਮੇਲ ਸਿੰਘ ਮੇਹਲੀ, ਚਰਨ ਸਰਾਭਾ ਅਤੇ ਮਲਕੀਤ ਮਾਲੜਾ ਆਦਿ ਮੌਜੂਦ ਸਨ।

## ਹਿੰਦੂ ਸਮਾਜ ਦੀ ਮਜ਼ਬੂਤੀ ਨਾਲ ਹੀ ਦੇਸ਼ ਦੀ ਸ਼ਾਨ ਵਧੇਗੀ : ਭਾਗਵਤ

**ਨਵੀਂ ਦਿੱਲੀ** : ਰਾਸ਼ਟਰੀ ਸਵੈਮਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਹੈ ਕਿ ਭਾਰਤ ਕੋਲ ਸ਼ਕਤੀਸ਼ਾਲੀ ਬਣਨ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ। ਸੰਘ ਨਾਲ ਸੰਬੰਧਤ ਰਸਾਲੇ 'ਆਰਗੇਨਾਈਜ਼ਰ' ਨਾਲ ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਭਾਗਵਤ ਨੇ ਸਪੱਸ਼ਟ ਕੀਤਾ ਕਿ ਸੁਰੱਖਿਆ ਸਮਾਜ ਤੋਂ ਸ਼ੁਰੂ ਹੁੰਦੀ ਹੈ, ਸਿਰਫ ਰਾਜ ਤੋਂ ਨਹੀਂ। ਹਿੰਦੂ ਸਮਾਜ ਦੀ ਏਕਤਾ 'ਤੇ ਜ਼ੋਰ ਦਿੰਦੇ ਹੋਏ ਉਨ੍ਹਾ ਕਿਹਾ ਕਿ ਭਾਰਤ ਦੀ ਏਕਤਾ ਹਿੰਦੂਆਂ ਦੀ ਸੁਰੱਖਿਆ ਦੀ ਗਰੰਟੀ ਹੈ। ਉਨ੍ਹਾ ਕਿਹਾ ਕਿ ਹਿੰਦੂ ਸਮਾਜ ਅਤੇ ਭਾਰਤ ਇੱਕ-ਦੂਜੇ ਨਾਲ ਡੂੰਘੇ ਜੁੜੇ ਹੋਏ ਹਨ ਅਤੇ ਜਦੋਂ ਹਿੰਦੂ ਸਮਾਜ ਮਜ਼ਬੂਤ ਹੋਵੇਗਾ, ਤਾਂ ਹੀ ਭਾਰਤ ਵੀ ਸ਼ਾਨ ਪ੍ਰਾਪਤ ਕਰੇਗਾ।

## ਭਾਰਤ ਜਾਪਾਨ ਨੂੰ ਪਿੱਛੇ ਛੱਡ ਕੇ ਚੌਥਾ ਸਭ ਤੋਂ ਵੱਡਾ ਅਰਥਚਾਰਾ ਬਣਿਆ

**ਨਵੀਂ ਦਿੱਲੀ** : ਨੀਤੀ ਆਯੋਗ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਬੀ ਵੀ ਆਰ ਸੁਬਰਾਮਨੀਅਮ ਨੇ ਕੌਮਾਂਤਰੀ ਮੁਦਰਾ ਫੰਡ ਦੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਜਾਪਾਨ ਨੂੰ ਪਿੱਛੇ ਛੱਡ ਕੇ ਭਾਰਤ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਅਰਥਚਾਰਾ ਬਣ ਗਿਆ ਹੈ। ਉਨ੍ਹਾ ਕਿਹਾ, 'ਭਾਰਤ ਦਾ ਅਰਥਚਾਰਾ ਚਾਰ ਖਰਬ ਅਮਰੀਕੀ ਡਾਲਰ ਦੇ ਅੰਕੜੇ ਤੱਕ ਪਹੁੰਚ ਗਿਆ ਹੈ। ਭਾਰਤ ਨਾਲੋਂ ਵੱਡੇ ਅਰਥਚਾਰਿਆਂ ਵਿੱਚ ਸਿਰਫ ਅਮਰੀਕਾ, ਚੀਨ ਤੇ ਜਰਮਨੀ ਸ਼ਾਮਲ ਹਨ ਅਤੇ ਜੇ ਅਸੀਂ ਆਪਣੀ ਯੋਜਨਾ ਅਤੇ ਸੋਚ-ਵਿਚਾਰ 'ਤੇ ਟਿਕੇ ਰਹਿੰਦੇ ਹਾਂ, ਤਾਂ ਇਹ ਅਗਲੇ ਦੋ-ਢਾਈ ਤੋਂ ਲੈ ਕੇ ਤਿੰਨ ਸਾਲਾਂ ਦੀ ਗੱਲ ਹੈ, ਅਸੀਂ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣ ਜਾਵਾਂਗੇ।'

## ਤਾਊ ਜਾਂਗੜਾ ਦੇ ਬਿਆਨ 'ਤੇ ਪ੍ਰਧਾਨ ਮੰਤਰੀ ਮੁਆਫੀ ਮੰਗਣ : ਆਪੋਜ਼ੀਸ਼ਨ

**ਨਵੀਂ ਦਿੱਲੀ** : ਹਰਿਆਣਾ ਤੋਂ ਭਾਜਪਾ ਦੇ ਰਾਜ ਸਭਾ ਮੈਂਬਰ ਰਾਮ ਚੰਦਰ ਜਾਂਗੜਾ ਵੱਲੋਂ ਪਹਿਲਗਾਮ ਕਾਂਡ ਬਾਰੇ ਦਿੱਤੇ ਬਿਆਨ 'ਤੇ ਆਪੋਜ਼ੀਸ਼ਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਨਾ ਸਿਰਫ ਮੁਆਫੀ ਮੰਗਣ, ਸਗੋਂ ਜਾਂਗੜਾ ਨੂੰ ਭਾਜਪਾ ਵਿੱਚੋਂ ਬਾਹਰ ਕੱਢਣ ਦੀ ਮੰਗ ਕੀਤੀ ਹੈ। 75 ਸਾਲਾ ਜਾਂਗੜਾ ਨੇ ਸਨਿੱਚਰਵਾਰ ਭਿਵਾਨੀ 'ਚ ਮਾਲਵਾ ਸਾਮਰਾਜ ਦੀ ਮਹਾਰਾਣੀ ਅਹਿਲਿਆਬਾਈ ਹੋਲਕਰ ਦੀ ਜੈਅੰਤੀ 'ਤੇ ਭਾਜਪਾ ਵੱਲੋਂ ਕਰਵਾਈ ਗਈ ਗੋਸ਼ਟੀ ਵਿੱਚ ਕਿਹਾ, 'ਜੇ ਇਨ੍ਹਾਂ ਸੈਲਾਨੀਆਂ ਨੂੰ ਉਹ ਟਰੇਨਿੰਗ ਮਿਲੀ ਹੁੰਦੀ, ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਣਾ ਚਾਹੁੰਦੇ ਹਨ ਤਾਂ ਤਿੰਨ ਦਹਿਸ਼ਤਗਰਦ 26 ਲੋਕਾਂ ਨੂੰ ਮਾਰ ਨਹੀਂ ਸਕਦੇ ਸਨ। ਸਾਡੀਆਂ ਬਹਾਦਰ ਭੈਣਾਂ ਦੇ ਪਤੀਆਂ ਨੂੰ ਉਨ੍ਹਾਂ ਦੇ ਸਾਹਮਣੇ ਨਹੀਂ ਮਾਰਿਆ ਜਾ ਸਕਦਾ ਸੀ, ਜੇ ਉਨ੍ਹਾਂ ਅਹਿਲਿਆਬਾਈ ਦਾ ਇਤਿਹਾਸ ਪੜ੍ਹਿਆ ਹੁੰਦਾ। ਉਹ ਹੱਥ ਜੋੜ ਕੇ ਆਪਣੇ ਪਤੀਆਂ ਦੀ ਜਾਨ ਦੀ ਭੀਖ ਮੰਗਦੀਆਂ ਰਹੀਆਂ, ਕਿਉਂਕਿ ਉਨ੍ਹਾਂ ਵਿੱਚ ਵੀਰਾਂਗਣਾਂ ਵਾਲਾ ਜਜ਼ਬਾ ਨਹੀਂ ਸੀ।' ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਇਸ • ਬਾਕੀ ਸਫਾ 10 'ਤੇ

## ਗੁਰਦੁਆਰਾ ਹੇਮਕੁੰਟ ਸਾਹਿਬ ਦੇ ਕਿਵਾੜ ਖੁੱਲ੍ਹੇ



**ਦੇਹਰਾਦੂਨ** : ਉੱਤਰਾਖੰਡ 'ਚ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਐਤਵਾਰ ਸੰਗਤ ਵਾਸਤੇ ਖੋਲ੍ਹ ਦਿੱਤੇ ਗਏ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਪਹਿਲੇ ਦਿਨ ਲਗਭਗ 5 ਹਜ਼ਾਰ ਸ਼ਰਧਾਲੂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਨਤਮਸਤਕ ਹੋਏ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਆਲੇ ਦੁਆਲੇ ਫਿਲਹਾਲ ਬਰਫ ਜੰਮੀ ਹੋਈ ਹੈ, ਪਰ ਸੰਗਤਾਂ ਨੇ ਸ਼ਰਧਾ ਭਾਵ ਨਾਲ ਸਰੋਵਰ ਵਿੱਚ ਇਸ਼ਨਾਨ ਕੀਤਾ। ਫਿਲਹਾਲ ਮੌਜੂਦਾ ਸਥਿਤੀ ਵਿੱਚ ਛੋਟੇ ਬੱਚਿਆਂ ਅਤੇ ਬਜ਼ੁਰਗਾਂ ਨੂੰ ਯਾਤਰਾ 'ਤੇ ਆਉਣ ਤੋਂ ਸੰਕੋਚ ਕਰਨ ਲਈ ਕਿਹਾ ਗਿਆ ਹੈ।

## ਬਲੋਚ ਪੱਤਰਕਾਰ ਦੀ ਹੱਤਿਆ

**ਕਰਾਚੀ** : ਪਾਕਿਸਤਾਨ ਦੇ ਸੂਬਾ ਬਲੋਚਿਸਤਾਨ 'ਚ ਸਨਿੱਚਰਵਾਰ ਕੁਝ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਨੇ ਪੱਤਰਕਾਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪੁਲਸ ਅਧਿਕਾਰੀ ਨੇ ਕਿਹਾ ਕਿ ਹਥਿਆਰਬੰਦ ਵਿਅਕਤੀਆਂ ਨੇ ਪੱਤਰਕਾਰ ਅਬਦੁੱਲ ਲਤੀਫ ਬਲੋਚ, ਜੋ ਕੋਇਟਾ ਅਧਾਰਤ ਅਖਬਾਰ 'ਡੇਲੀ ਇੰਤੇਖਾਬ' ਲਈ ਕੰਮ ਕਰਦਾ ਸੀ, ਦੇ ਘਰ 'ਚ ਦਾਖਲ ਹੋ ਕੇ ਉਸ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਵਿਰੋਧ ਕਰਨ 'ਤੇ ਗੋਲੀ ਮਾਰ ਦਿੱਤੀ। ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਕੁਝ ਮਹੀਨੇ ਪਹਿਲਾਂ ਇਸ ਪੱਤਰਕਾਰ ਦੇ ਵੱਡੇ ਬੇਟੇ ਨੂੰ ਵੀ ਅਗਵਾ ਕਰ ਲਿਆ ਗਿਆ ਸੀ, ਜਿਸ ਦੀ ਬਾਅਦ 'ਚ ਲਾਸ਼ ਮਿਲੀ ਸੀ।

## ਪੰਜਾਬ 'ਚ ਪਹਿਲਾ ਕੇਸ

**ਮੁਹਾਲੀ** : ਪੰਜਾਬ ਵਿੱਚ ਕੋਰੋਨਾ ਵਾਇਰਸ ਦਾ ਪਹਿਲਾ ਮਾਮਲਾ ਸਾਹਮਣੇ ਆਇਆ ਹੈ। ਮਰੀਜ਼ ਹਰਿਆਣਾ ਦੇ ਯਮੁਨਾਨਗਰ ਜ਼ਿਲ੍ਹੇ ਦਾ ਹੈ, ਜੋ ਮੁਹਾਲੀ 'ਚ ਇੱਕ ਧਾਰਮਿਕ ਸਮਾਗਮ ਵਿਚ ਹਿੱਸਾ ਲੈਣ ਆਇਆ ਸੀ। ਉਸ ਦੀ ਤਬੀਅਤ ਖਰਾਬ ਹੋਣ ਕਾਰਨ ਉਸ ਨੂੰ ਇਕ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿੱਥੇ ਉਸ ਦੀ ਕੋਰੋਨਾ ਟੈਸਟ ਰਿਪੋਰਟ ਪਾਜ਼ੀਟਿਵ ਆਈ ਹੈ।

## ਐੱਨ ਡੀ ਏ ਦੇ ਮੁੱਖ ਮੰਤਰੀਆਂ ਵੱਲੋਂ ਮੋਦੀ ਦੀ ਸ਼ਲਾਘਾ

**ਨਵੀਂ ਦਿੱਲੀ** : ਕੌਮੀ ਜਮਹੂਰੀ ਗੱਠਜੋੜ (ਐੱਨ ਡੀ ਏ) ਦੇ ਮੁੱਖ ਮੰਤਰੀਆਂ ਤੇ ਉਪ ਮੁੱਖ ਮੰਤਰੀਆਂ ਦੀ ਐਤਵਾਰ ਇੱਥੇ ਹੋਈ ਮੀਟਿੰਗ ਵਿੱਚ ਹਥਿਆਰਬੰਦ ਸੈਨਾਵਾਂ ਦੀ ਬਹਾਦਰੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦਲੇਰੀ ਭਰੀ ਅਗਵਾਈ ਦੀ ਸ਼ਲਾਘਾ ਵਾਲਾ ਮਤਾ ਪਾਸ ਕੀਤਾ ਗਿਆ। ਸ਼ਿਵ ਸੈਨਾ ਨੇਤਾ ਤੇ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਵੱਲੋਂ ਪੇਸ਼ ਮਤੇ ਵਿੱਚ ਕਿਹਾ ਗਿਆ ਕਿ 'ਅਪ੍ਰੇਸ਼ਨ ਸਿੰਧੂਰ' ਨਾਲ ਭਾਰਤੀਆਂ ਦਾ ਆਤਮ ਵਿਸ਼ਵਾਸ ਵਧਿਆ ਹੈ।

ਮੀਟਿੰਗ 'ਚ ਪ੍ਰਧਾਨ ਮੰਤਰੀ ਮੋਦੀ ਤੋਂ ਇਲਾਵਾ ਕੇਂਦਰੀ ਮੰਤਰੀ ਅਮਿਤ ਸ਼ਾਹ, ਰਾਜਨਾਥ ਸਿੰਘ ਅਤੇ ਜੇ ਪੀ ਨੱਢਾ ਵੀ ਸ਼ਾਮਲ ਹੋਏ। ਮੀਟਿੰਗ ਵਿੱਚ 19 ਮੁੱਖ ਮੰਤਰੀ ਤੇ ਕਈ ਉਪ ਮੁੱਖ ਮੰਤਰੀ ਮੌਜੂਦ ਸਨ।

## ਕੈਨੇਡਾ 'ਚ ਗੈਰ-ਕਾਨੂੰਨੀ ਰਹਿਣ ਵਾਲਿਆਂ ਦੀ ਫੜੋ-ਫੜੀ ਤੇਜ਼

**ਵੈਨਕੂਵਰ** : ਕੈਨੇਡਾ ਬਾਰਡਰ ਸਰਵਿਸ ਏਜੰਸੀ ਨੇ ਦੇਸ਼ 'ਚ ਗੈਰਕਾਨੂੰਨੀ ਰਹਿੰਦੇ ਲੋਕਾਂ ਨੂੰ ਵਾਪਸ ਭੇਜਣ (ਡਿਪੋਰਟੇਸ਼ਨ) ਲਈ ਫੜੋ-ਫੜੀ ਤੇਜ਼ ਕਰ ਦਿੱਤੀ ਹੈ। ਏਜੰਸੀ ਨੇ 30 ਹਜ਼ਾਰ ਤੋਂ ਵੱਧ ਵਾਰੰਟ ਪਿਛਲੇ ਮਹੀਨੇ ਹਾਸਲ ਕੀਤੇ ਸਨ। ਏਜੰਸੀ ਨੇ ਇਹ ਗੱਲ ਸਪੱਸ਼ਟ ਕੀਤੀ ਹੋਈ ਹੈ ਕਿ ਗੈਰਕਾਨੂੰਨੀ ਰਹਿੰਦੇ ਅਤੇ ਅਪਰਾਧਕ ਸ਼ਮੂਲੀਅਤ ਵਾਲਿਆਂ ਤੇ ਜਿਨ੍ਹਾਂ ਦੀ ਰਾਜਸੀ ਸ਼ਰਨ ਦੀ ਮੰਗ ਠੁਕਰਾਈ ਜਾ ਚੁੱਕੀ ਹੈ, ਨੂੰ ਪਹਿਲ ਦੇ ਅਧਾਰ 'ਤੇ ਵਾਪਸ ਭੇਜਿਆ ਹੀ ਜਾਣਾ ਹੈ। 30 ਹਜ਼ਾਰ ਵਾਲੀ ਸੂਚੀ ਵਿੱਚ 88 ਫੀਸਦੀ ਉਹ ਹਨ, ਜਿਨ੍ਹਾਂ ਦੀਆਂ ਰਾਜਸੀ ਸ਼ਰਨ ਦੀਆਂ ਦਰਖਾਸਤਾਂ ਰੱਦ ਹੋ ਚੁੱਕੀਆਂ ਹਨ। ਹੋਰਨਾਂ ਵਿੱਚ ਪੜ੍ਹਾਈ ਵਿਚਾਲੇ ਛੱਡਣ ਵਾਲੇ ਸਟੱਡੀ ਵੀਜ਼ਾ ਧਾਰਕ, ਸੈਲਾਨੀ ਵੀਜ਼ੇ ਦੀ ਮਿਆਦ ਟਪਾ ਚੁੱਕੇ ਅਤੇ ਅਪਰਾਧਕ ਗਤੀਵਿਧੀਆਂ ਵਿੱਚ ਸ਼ਾਮਲ ਰਹੇ ਪੀ ਆਰ ਕਾਰਡ ਧਾਰਕ ਸ਼ਾਮਲ ਹਨ। ਅਪਰਾਧਕ ਗਤੀਵਿਧੀਆਂ ਵਿੱਚ ਸ਼ਾਮਲ ਕਰੀਬ ਡੇਢ ਕੁ ਹਜ਼ਾਰ ਲੋਕਾਂ ਉੱਤੇ ਅਜੇ ਅਦਾਲਤ ਵਿੱਚ ਦੋਸ਼ ਸਾਬਤ ਨਹੀਂ ਹੋਏ, ਇਸ ਕਰਕੇ ਉਨ੍ਹਾਂ ਨੂੰ ਅਜੇ ਕਿਸੇ ਸੂਚੀ ਵਿੱਚ ਸ਼ਾਮਲ ਨਹੀਂ ਕੀਤਾ ਗਿਆ। ਏਜੰਸੀ ਅਨੁਸਾਰ ਜਿਨ੍ਹਾਂ ਲੋਕਾਂ ਦੀਆਂ ਰਾਜਸੀ ਸ਼ਰਨ ਸਮੇਤ ਕੈਨੇਡਾ ਰਹਿ ਸਕਣ ਦੇ 'ਚੋਰ ਰਸਤੇ' ਦੀਆਂ ਅਰਜ਼ੀਆਂ ਰੱਦ ਹੋ ਚੁੱਕੀਆਂ ਹਨ, ਉਨ੍ਹਾਂ ਕੋਲ ਕਿਸੇ ਤਰ੍ਹਾਂ ਦੀ ਅਪੀਲ ਦਾ ਹੱਕ ਨਹੀਂ ਰਹਿ ਗਿਆ, ਜਿਸ ਕਰਕੇ ਉਨ੍ਹਾਂ ਦੇ ਦੇਸ਼ ਨਿਕਾਲੇ ਵਿੱਚ ਤੇਜ਼ੀ ਲਿਆਂਦੀ ਜਾ ਰਹੀ ਹੈ। ਏਜੰਸੀ ਨੇ ਸਪੱਸ਼ਟ ਕੀਤਾ ਹੈ ਕਿ ਜਿਨ੍ਹਾਂ ਲੋਕਾਂ ਨੂੰ ਡਿਪੋਰਟ ਕੀਤਾ ਜਾ ਰਿਹਾ ਹੈ, ਉਨ੍ਹਾਂ 'ਚੋਂ ਜੇ ਕੋਈ ਫਿਰ ਤੋਂ ਵੀਜ਼ੇ ਲਈ ਅਰਜ਼ੀ ਭਰੇਗਾ ਤਾਂ ਉਸ ਨੂੰ ਪਹਿਲਾਂ ਉਸ ਦੇ ਵਾਪਸ ਭੇਜਣ 'ਤੇ ਸਰਕਾਰ ਵੱਲੋਂ ਕੀਤੇ ਖਰਚ ਦੀ ਰਕਮ ਵਜੋਂ 3800 ਡਾਲਰ ਦਾ ਭੁਗਤਾਨ ਕਰਨਾ ਪਏਗਾ, ਪਰ ਜੇ ਕਿਸੇ ਨੂੰ ਵਿਸ਼ੇਸ਼ (ਐਸਕੋਰਟ ਕਰਕੇ) ਸਹੂਲਤ ਨਾਲ ਵਾਪਸ ਭੇਜਿਆ ਗਿਆ ਹੋਏ ਤਾਂ ਉਸ ਨੂੰ 12,800 ਡਾਲਰ ਭਰਨੇ ਪੈਣਗੇ ਅਤੇ ਵੀਜ਼ਾ ਅਰਜ਼ੀ ਰੱਦ ਹੋਣ 'ਤੇ ਵੀ ਇਹ ਪੈਸੇ ਵਾਪਸ ਨਹੀਂ ਹੋਣਗੇ।

ਏਜੰਸੀ ਸੂਤਰਾਂ ਅਨੁਸਾਰ ਪਿਛਲੇ ਤਿੰਨ ਕੁ ਸਾਲਾਂ ਵਿੱਚ ਪਨਾਹ ਮੰਗਣ ਵਾਲਿਆਂ ਦੀ ਗਿਣਤੀ ਵਿੱਚ ਅਥਾਹ ਵਾਧਾ ਹੋਇਆ ਹੈ। 2024 ਦੌਰਾਨ 20 ਹਜ਼ਾਰ ਤੋਂ ਵੱਧ ਰਾਜਸੀ ਸ਼ਰਨ ਦੀਆਂ ਅਰਜ਼ੀਆਂ ਦਾਖਲ ਹੋਈਆਂ, ਜੋ 2019 ਸਾਲ ਦੇ ਅੰਕੜੇ ਤੋਂ 615 ਫੀਸਦੀ ਵੱਧ ਹਨ। ਚਾਲੂ ਸਾਲ ਦੀ ਪਹਿਲੀ ਤਿਮਾਹੀ ਦੌਰਾਨ ਸਾਢੇ 5 ਹਜ਼ਾਰ ਲੋਕਾਂ ਨੇ ਅਜਿਹੀਆਂ ਅਰਜ਼ੀਆਂ ਭਰ ਕੇ ਰਿਕਾਰਡ ਤੋੜ ਦਿੱਤੇ ਹਨ। ਹੁਣ ਰਾਜਸੀ ਸ਼ਰਨ ਅਰਜ਼ੀਆਂ ਦਾ ਨਿਬੇੜਾ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ, ਕਿਉਂਕਿ 98-99 ਫੀਸਦੀ ਅਰਜ਼ੀਆਂ ਦੇ ਦਾਅਵੇ ਝੂਠੇ ਸਾਬਤ ਹੋ ਰਹੇ ਹਨ। ਨਵੀਂ ਫੈਡਰਲ ਸਰਕਾਰ ਬਣਨ ਮਗਰੋਂ ਇਮੀਗ੍ਰੇਸ਼ਨ ਵਿਭਾਗ ਹੋਰ ਸਖਤ ਹੋ ਗਿਆ ਹੈ ਤੇ ਕਿਸੇ ਤਰਾਂ ਦੀ ਗਲਤੀ ਤੇ ਲਾਪ੍ਰਵਾਹੀ ਤੋਂ ਬਚਣ ਲੱਗਾ ਹੈ।

ਪਿਛਲੇ ਸਾਲਾਂ ਵਿੱਚ ਲੱਗੇ ਹੋਏ ਲੰਮੀ ਮਿਆਦ ਦੇ ਬਹੁ-ਯਾਤਰਾ ਵੀਜ਼ਿਆਂ ਨੂੰ ਸਿੰਗਲ ਯਾਤਰਾ ਵਿੱਚ ਬਦਲਿਆ ਜਾਣ ਲੱਗਾ ਹੈ। ਸਟੱਡੀ ਵੀਜ਼ੇ ਸਿਰਫ ਪੋਸਟ ਗਰੈਜੂਏਸ਼ਨ ਪੜ੍ਹਾਈ ਅਤੇ ਖਾਸ ਯੂਨੀਵਰਸਿਟੀਆਂ ਦੇ ਸੱਦਾ ਪੱਤਰਾਂ 'ਤੇ ਦਿੱਤੇ ਜਾ ਰਹੇ ਹਨ, ਜਦ ਕਿ ਭਾਰਤ ਸਮੇਤ ਕਈ ਦੇਸ਼ਾਂ ਤੋਂ ਪਲੱਸ ਦੋ ਤੋਂ ਅਗਲੇ ਸਟੱਡੀ ਪਰਮਿਟਾਂ ਦੀ ਹਾਲਤ ਪੂਰੀ ਪਾਬੰਦੀ ਵਾਲੀ ਹੈ।

## ਜੰਡਿਆਲਾ ਗੁਰੂ ਦੇ ਅਕਾਲੀ ਕੌਂਸਲਰ ਦੀ ਹੱਤਿਆ



**ਅੰਮ੍ਰਿਤਸਰ** : ਸ਼੍ਰੋਮਣੀ ਅਕਾਲੀ ਦਲ ਦੇ ਜੰਡਿਆਲਾ ਗੁਰੂ ਦੇ ਕੌਂਸਲਰ ਹਰਜਿੰਦਰ ਸਿੰਘ ਨੂੰ ਐਤਵਾਰ ਇੱਥੇ ਛੇਹਰਟਾ 'ਚ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਉਸ ਦੇ ਸਿਰ ਵਿੱਚ ਦੋ ਗੋਲੀਆਂ ਵੱਜੀਆਂ। ਹੱਤਿਆ ਦਾ ਕਾਰਨ ਪੁਰਾਣੀ ਰੰਜਿਸ਼ ਦੱਸਿਆ ਜਾ ਰਿਹਾ ਹੈ।

ਕੁਝ ਦਿਨ ਪਹਿਲਾਂ ਵੀ ਹਰਜਿੰਦਰ ਸਿੰਘ ਦੇ ਜੰਡਿਆਲਾ ਗੁਰੂ ਵਿਖੇ ਘਰ 'ਤੇ ਗੋਲੀਆਂ ਚਲਾਏ ਜਾਣ ਦੀ ਘਟਨਾ ਵਾਪਰੀ ਸੀ ਅਤੇ ਪਰਵਾਰ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਸਨ।

## ਗੁਰਬਚਨ ਸਿੰਘ ਮੰਦਰਾਂ ਵੱਲੋਂ 50 ਹਜ਼ਾਰ ਦਾ ਯੋਗਦਾਨ



**ਮਾਨਸਾ (ਆਤਮਾ ਸਿੰਘ ਪਮਾਰ)**

ਸੀ ਪੀ ਆਈ ਦੀ 25 ਵੀਂ ਪਾਰਟੀ ਕਾਂਗਰਸ ਦੀਆਂ ਤਿਆਰੀਆਂ ਲਈ ਫੰਡ ਮੁਹਿੰਮ ਨੂੰ ਮਾਨਸਾ ਜ਼ਿਲ੍ਹੇ 'ਚੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਦੀ ਅਗਵਾਈ ਹੇਠ ਮਾਸਟਰ ਗੁਰਬਚਨ ਸਿੰਘ ਮੰਦਰਾਂ, ਜੋ ਟੀਚਰਜ਼ ਹੋਮ ਬਠਿੰਡਾ ਦੇ ਮੌਜੂਦਾ ਪ੍ਰਧਾਨ ਵੀ ਹਨ, ਨੇ 50 ਹਜ਼ਾਰ ਰੁਪਏ ਦਾ ਯੋਗਦਾਨ ਪਾਇਆ ਹੈ। ਮਾਸਟਰ ਗੁਰਬਚਨ ਸਿੰਘ ਮੰਦਰਾਂ ਅਧਿਆਪਕ ਦੀ ਜ਼ਿੰਮੇਵਾਰੀ ਦੇ ਨਾਲ-ਨਾਲ ਅਧਿਆਪਕ ਜਥੇਬੰਦੀ ਦੇ ਵੱਡੇ ਕੱਦ ਦੇ ਆਗੂ ਵੀ ਰਹੇ ਹਨ, ਕਈ ਸਾਲ ਲਗਾਤਾਰ ਗੌਰਮਿੰਟ ਟੀਚਰਜ਼ ਯੂਨੀਅਨ ਬਲਾਕ ਬੁਢਲਾਡਾ ਦੇ ਪ੍ਰਧਾਨ ਰਹੇ ਹਨ। ਉਨ੍ਹਾਂ ਦਾ ਪਿੰਡ ਆਲਮਪੁਰ ਮੰਦਰਾਂ ਮੁਜ਼ਾਰਿਆਂ ਦਾ ਪਿੰਡ ਹੈ, ਇੱਥੇ ਵੀ ਲਾਲ ਪਾਰਟੀ ਦਾ ਤਕੜਾ ਪ੍ਰਭਾਵ ਹੋਣ ਕਰਕੇ ਬਿਸਵੇਦਾਰੀ ਬਟਾਈ ਪ੍ਰਥਾ ਖਤਮ ਕੀਤੀ ਗਈ। ਇਸ ਪਿੰਡ ਦੇ ਜਥੇਦਾਰ ਬਲਵੰਤ ਸਿੰਘ ਸਮੇਤ ਕਈ ਨਾਮੀ ਕਮਿਊਨਿਸਟ ਆਗੂ ਹੋਏ ਹਨ, ਜਿਨ੍ਹਾਂ ਵਿੱਚ ਮਾਸਟਰ ਬਲਵੀਰ ਸਿੰਘ ਤੇ ਮਾਸਟਰ ਗੁਰਬਚਨ ਸਿੰਘ ਦੇ ਨਾਂਅ ਚੋਣਵੇਂ ਆਗੂਆਂ 'ਚ ਸ਼ੁਮਾਰ ਹਨ। • ਬਾਕੀ ਸਫਾ 10 'ਤੇ

## ਵਪਾਰੀਆਂ ਦੇ ਹਿੱਤਾਂ ਦੀ ਸੁਰੱਖਿਆ ਲਈ ਬੋਰਡ ਦਾ ਗਠਨ ਹੋਵੇਗਾ

**ਨਾਭਾ (ਵਰਿੰਦਰ ਵਰਮਾ)**



ਜਲਦ ਹੀ ਇੱਕ ਅਜਿਹੇ ਬੋਰਡ ਦਾ ਗਠਨ ਕੀਤਾ ਜਾਏਗਾ, ਜੋ ਕਿ ਪੰਜਾਬ ਦੇ ਵਪਾਰ ਅਤੇ ਵਪਾਰੀਆਂ ਨੂੰ ਸੁਰੱਖਿਆ ਪ੍ਰਦਾਨ ਕਰੇਗਾ। ਇਹ ਐਲਾਨ ਐਤਵਾਰ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਹਲਕਾ ਨਾਭਾ ਵਿਖੇ ਅਗਰਵਾਲ ਸਭਾ ਵੱਲੋਂ ਕਰਵਾਏ ਇੱਕ ਸਮਾਰੋਹ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾ ਇਹ ਵੀ ਕਿਹਾ ਕਿ ਪੰਜਾਬ ਦੇ ਛੋਟੇ ਅਤੇ ਵੱਡੇ ਉਦਯੋਗਾਂ ਨੂੰ ਵਿਕਸਿਤ ਕਰਨ ਲਈ ਜਲਦ ਹੀ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਆਰਥਿਕ ਪੈਕੇਜ ਜਾਰੀ ਕੀਤਾ ਜਾਏਗਾ। ਉਹਨਾਂ ਅਗਰਵਾਲ ਸਮਾਜ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਵਪਾਰੀਆਂ ਨੂੰ ਸਿਰਫ ਨੋਟ ਬੈਂਕ ਨਹੀਂ ਬਲਕਿ ਵੋਟ ਬੈਂਕ ਬਣ ਕੇ ਆਪਣੇ ਮਿਆਰ ਨੂੰ ਚੁੱਕਣਾ ਚਾਹੀਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣਾ ਬਹੁਤ ਜ਼ਰੂਰੀ ਹੈ। ਇਹ ਆਉਣ ਵਾਲੀਆਂ ਪੀੜ੍ਹੀਆਂ ਦੀ ਲੜਾਈ ਹੈ ਅਤੇ ਇਸ ਦਾ ਸਮਰਥਨ ਕਰਨਾ ਹਰ ਕਿਸੇ ਦਾ ਨੈਤਿਕ ਫ਼ਰਜ਼ ਹੈ। ਇਹ ਲੜਾਈ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਨਸ਼ਿਆਂ ਦਾ ਸਰਾਪ ਖ਼ਤਮ ਨਹੀਂ ਹੋ ਜਾਂਦਾ। ਇਸ ਮੌਕੇ ਮਾਨ ਅਤੇ ਕੇਜਰੀਵਾਲ ਵੱਲੋਂ ਮਹਾਰਾਜਾ ਅਗਰਸੈਨ ਸਮਾਰਕ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਅੱਗਰਵਾਲ ਸਭਾ ਦੇ ਜ਼ਿਲ੍ਹਾ ਪ੍ਰਧਾਨ ਓਮ ਪ੍ਰਕਾਸ਼ ਗਰਗ, ਸਰਪ੍ਰਸਤ ਸੂਰਜ ਭਾਨ ਸਿੰਗਲਾ, ਚੇਅਰਮੈਨ ਅਸ਼ੋਕ ਬਾਂਸਲ, ਪ੍ਰਧਾਨ ਰਵਨੀਸ਼ ਗੋਇਲ, ਜਨਰਲ ਸਕੱਤਰ ਨਿਤਿਨ ਜੈਨ, ਕੈਸ਼ੀਅਰ ਐਡਵੋਕੇਟ ਨਰੇਸ਼ ਸਿੰਗਲਾ ਵੱਲੋਂ ਮਾਨ, ਕੇਜਰੀਵਾਲ, ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਬਰਿੰਦਰ ਗੋਇਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਲਕੀਤ ਗਰੁੱਪ ਦੇ ਐੱਮ ਡੀ ਚਰਨ ਸਿੰਘ, ਚੇਅਰਮੈਨ ਸੁਰਿੰਦਰ ਪਾਲ ਸ਼ਰਮਾ, ਕਰਮਜੀਤ ਸਿੰਘ ਭੋਲੀ, ਕੌਂਸਲਰ ਰੋਜ਼ੀ ਨਾਗਪਾਲ, ਵਿਨੇ ਗੁਪਤਾ, ਗ਼ੁਲਾਬ ਮਾਨ, ਤੇਜਿੰਦਰ ਸਿੰਘ ਖਹਿਰਾ, ਵਿਕਾਸ ਮਿੱਤਲ, ਸੁਨੀਲ ਗੁਪਤਾ ਆਦਿ ਅੱਗਰਵਾਲ ਸਮਾਜ ਦੇ ਪਰਵਾਰ ਹਾਜ਼ਰ ਸਨ।

## ਅੱਜ-ਨਾਮਾ

ਜ਼ਿਮਨੀ ਚੋਣ ਲਈ ਅੱਜ ਐਲਾਨ ਹੋਇਆ,
ਸਮਝੀਏ ਲੱਗੀ ਲੁਧਿਆਣੇ ਨੂੰ ਦੌੜ ਬੇਲੀ।
ਗਲੀ-ਮੁਹੱਲੇ ਵਿੱਚ ਆਉਣਗੇ ਫੇਰ ਆਗੂ,
ਗੂੰਜਦੀ ਹੋਵੇਗੀ ਸਿਆਸਤ ਦੀ ਕੌੜ ਬੇਲੀ।
ਓਹਲਾ ਰੱਖ ਵਰਤਾਉਣੇ ਈ ਨੋਟ ਮੁੜ ਕੇ,
ਨਿਕਲੂ ਕਈਆਂ ਦੀ ਦਾਰੂ ਦੀ ਔੜ ਬੇਲੀ।
ਡਰ ਤਾਂ ਸਾਰਿਆਂ ਦਾ ਹੋਣਾ ਬੱਸ ਇਹੀਓ,
ਹੋ ਜਾਏ ਕੰਮ ਨਾ ਕਿਤੇ ਫਿਰ ਚੌੜ ਬੇਲੀ।
ਇੱਜ਼ਤ ਦਾਅ 'ਤੇ ਲੱਗੀ ਪਈ ਲੀਡਰਾਂ ਦੀ,
ਕੋਈ ਨਹੀਂ ਦੂਜੇ ਤੋਂ ਜਾਪਦਾ ਘੱਟ ਬੇਲੀ।
ਘੜੀ ਅੱਜ ਦੀ ਆਖਣ ਪਏ ਸਭ ਲੀਡਰ,
ਅਸੀਂ ਤਾਂ ਦਿਆਂਗੇ ਕੱਢ ਸਭ ਵੱਟ ਬੇਲੀ।

-ਤੀਸ ਮਾਰ ਖਾਂ

## ਭੁੱਖਮਰੀ ਨਾਲ ਤੜਫਦੇ ਫ਼ਲਸਤੀਨੀਆਂ ਲਈ ਦੇਸ਼ ਭਗਤ ਕਮੇਟੀ ਨੇ ਉਠਾਈ ਆਵਾਜ਼

**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਨੇ ਐਤਵਾਰ ਗਦਰ ਪਾਰਟੀ ਦੇ ਇਤਿਹਾਸਕ ਵਿਰਸੇ ਦੇ ਵਰਕੇ ਫਰੋਲਦਿਆਂ ਬਹੁਤ ਹੀ ਸੰਵੇਦਨਾ ਨਾਲ ਇਹ ਮਹਿਸੂਸ ਕੀਤਾ ਕਿ ਗ਼ਦਰੀ ਦੇਸ਼ ਭਗਤਾਂ ਦੇ ਮੂਲ ਉਦੇਸ਼ਾਂ ਵਿੱਚ ਇਹ ਪ੍ਰਮੁੱਖ ਨੁਕਤਾ ਸੀ ਕਿ ਗ਼ਦਰੀਆਂ ਦੇ ਵਾਰਸਾਂ ਨੂੰ ਦੁਨੀਆ ਅੰਦਰ ਕਿਤੇ ਵੀ ਮਾਨਵੀ ਜਾਤੀ ਉਪਰ ਭੀੜ ਪਵੇ, ਕਿਤੇ ਵੀ ਲੋਕਾਂ ਨੂੰ ਦਬਾਇਆ ਜਾਵੇ ਤਾਂ ਆਵਾਜ਼ ਬੁਲੰਦ ਕਰਨ ਲਈ ਅੱਗੇ ਆਉਣ ਦੀ ਲੋੜ ਹੈ।

ਕਮੇਟੀ ਆਗੂਆਂ ਨੇ ਕਿਹਾ ਕਿ ਇਹ ਬਹੁਤ ਹੀ ਅਫ਼ਸੋਸਨਾਕ ਰੁਝਾਨ ਹੈ ਕਿ ਦੁਨੀਆ ਖਾਮੋਸ਼ੀ ਦੀ ਚਾਦਰ ਲੈ ਕੇ ਸੌਂ ਜਾਣ ਦੀ ਕਿਵੇਂ ਆਦੀ ਕੀਤੀ ਜਾ ਰਹੀ ਹੈ। ਬਿਨਾਂ ਸ਼ੱਕ ਇਨ੍ਹਾਂ ਕਾਲੀਆਂ ਰਾਤਾਂ ਵਿੱਚ ਟਿਮਟਿਮਾਉਂਦੇ ਜੁਗਨੂੰ ਵੀ ਆਪਣੇ ਨੈਤਿਕ ਫਰਜ਼ਾਂ ਦੀ ਪੂਰਤੀ ਕਰ ਰਹੇ ਨੇ, ਪਰ ਇਹ ਪਹਿਲੇ ਕਿਸੇ ਸਮੇਂ ਨਾਲੋਂ ਵੀ ਕਿਤੇ ਵਧੇਰੇ ਖਤਰਨਾਕ ਅਤੇ ਸੰਵੇਦਨਹੀਣਤਾ ਦਾ ਪ੍ਰਗਟਾਵਾ ਹੋ ਰਿਹਾ ਹੈ ਕਿ ਦੁਨੀਆ ਦੀਆਂ ਅੱਖਾਂ ਦੇ ਸਾਹਮਣੇ ਪੂਰੀ ਦੀ ਪੂਰੀ ਗਾਜ਼ਾ ਪੱਟੀ ਅੰਦਰ ਮੁਕੰਮਲ ਨਸਲਕੁਸ਼ੀ ਅਤੇ ਗਾਜ਼ਾ ਨੂੰ ਖੰਡਰ ਬਣਾ ਕੇ ਅਮਰੀਕੀ ਹੁਕਮਰਾਨਾਂ ਦੀ ਸ਼ਹਿ 'ਤੇ ਇਜ਼ਰਾਈਲ ਦੇ ਹਾਕਮ ਹਰ ਤਰ੍ਹਾਂ ਦੀ ਜੰਗ ਦਾ ਕਿਤੇ ਵਧੇਰੇ ਕਰੂਣਾਮਈ ਰੂਪ ਲੋਕਾਂ ਉਪਰ ਲੱਦ ਰਹੇ ਹਨ। ਭੁੱਖਮਰੀ ਦੀ ਜੰਗ, ਬਾਰੂਦੀ ਵਰਖਾ ਦੀ ਜੰਗ ਚੋਣਵਾਂ ਨਿਸ਼ਾਨਾ ਬਣਾ ਕੇ ਹਸਪਤਾਲਾਂ, ਸਕੂਲਾਂ ਅਤੇ ਸ਼ਰਨਾਰਥੀ ਕੈਂਪਾਂ ਨੂੰ ਬਾਰੂਦੀ ਮਾਰ ਹੇਠ ਲਿਆਂਦਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਖਾਸ ਕਰਕੇ ਨਵਜੰਮੇ ਅਤੇ ਸਕੂਲਾਂ ਵਿੱਚ ਪੜ੍ਹਦੇ ਬੱਚੇ ਬੁਰੀ ਤਰ੍ਹਾਂ ਮੌਤ ਦੀ ਗੋਦ ਵਿੱਚ ਸੁਲਾਏ ਜਾ ਰਹੇ ਹਨ।

ਕਮੇਟੀ ਆਗੂਆਂ ਕਿਹਾ ਕਿ ਬਹੁਤ ਹੀ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਕੌਮਾਂਤਰੀ ਪੱਧਰ ਦੀਆਂ ਮਾਨਵ ਦਰਦੀ ਕਹਾਉਣ ਦਾ ਦਮ ਭਰਦੀਆਂ ਸੰਸਥਾਵਾਂ ਦੇ ਅੱਖਾਂ ਸਾਹਮਣੇ ਦਿਨ-ਦੀਵੀ ਇਹ ਭੁੱਖਮਰੀ ਨਾਲ਼ ਵਿਲ੍ਹਕ-ਵਿਲ੍ਹਕ ਕੇ ਬੱਚੇ ਮਰ ਰਹੇ ਹਨ, ਉਪਰੋਂ ਕਹਿਰ ਦੇ ਝੱਖੜ ਝੁੱਲ ਰਹੇ ਹਨ।

ਕਮੇਟੀ ਨੇ ਸਾਹਮਣੇ ਆ ਰਹੀਆਂ ਹਕੀਕਤਾਂ ਦੇ ਹਵਾਲੇ ਨਾਲ਼ ਕਿਹਾ ਹੈ ਕਿ ਗਾਜ਼ਾ ਦੀ ਮੁਕੰਮਲ ਨਾਕਾਬੰਦੀ ਕਰਕੇ ਪਾਣੀ, ਖਾਧ-ਖੁਰਾਕ ਅਤੇ ਦਵਾਈਆਂ ਉਪਰ ਮੁਕੰਮਲ ਰੋਕਾਂ ਮੜ੍ਹ ਕੇ ਲੱਖਾਂ ਹੀ ਬੱਚਿਆਂ ਨੂੰ ਤੜਫਦੇ ਹੋਏ ਮੌਤ ਦੇ ਪੰਜਿਆਂ ਵਿਚ ਧੱਕਿਆ ਜਾ ਰਿਹਾ ਹੈ।


ਆਗੂਆਂ ਕਿਹਾ ਕਿ 48 ਘੰਟੇ ਦੇ ਅੰਦਰ-ਅੰਦਰ ਕੋਈ 14 ਲੱਖ ਤੋਂ ਵੱਧ ਬੱਚੇ ਭੁੱਖ ਕਾਰਨ ਫ਼ਲਸਤੀਨ ਦੀ ਮਿੱਟੀ 'ਚ ਸਦਾ ਦੀ ਨੀਂਦ ਸੌਂ ਜਾਣਗੇ, ਇਸ ਲਈ ਦੁਨੀਆ ਦੀ ਆਵਾਜ਼ ਉਠਣਾ ਲਾਜ਼ਮੀ ਹੈ।

ਇਸ ਦਰਦਨਾਕ ਦ੍ਰਿਸ਼ ਅੱਗੇ ਅਮਰੀਕੀ-ਇਜ਼ਰਾਇਲੀ ਹਾਕਮਾਂ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕ ਰਹੀ। ਇਹ ਹਕੀਕਤ ਹੈ ਕਿ ਫ਼ਲਸਤੀਨ ਦੇ ਅੰਦਰੋਂ ਇਜ਼ਰਾਇਲ ਦੇ ਸਾਰੇ ਬੰਦੀ ਰਿਹਾਅ ਕਰ ਦਿੱਤੇ ਹਨ ਅਤੇ ਉਹ ਫ਼ਲਸਤੀਨ ਦੀ ਤਹਿਜ਼ੀਬ ਤੋਂ ਅਸ਼ਕੇ ਜਾ ਰਹੇ ਹਨ, ਪਰ ਇਹਦੇ ਬਾਵਜੂਦ ਗੋਲਾਬੰਦੀ ਉਪਰ ਕੋਈ ਰੋਕ ਨਹੀਂ ਲਾਈ ਗਈ।

ਕਮੇਟੀ ਦਾ ਕਹਿਣਾ ਹੈ ਗਾਜ਼ਾ ਫ਼ਲਸਤੀਨ ਦਾ ਨੇੜਿਓਂ ਜਾਇਜ਼ਾ ਲੈਣ ਆਏ ਕਈ ਮੁਲਕਾਂ ਦੇ ਨੁਮਾਇੰਦਿਆਂ ਨੂੰ ਵੀ ਗਾਜ਼ਾ ਤੋਂ ਭੱਜਣ ਲਈ ਮਜਬੂਰ ਕੀਤਾ ਗਿਆ।

ਇੰਡੀਅਨ ਵਰਕਰਜ਼ ਫਾਰ ਪੀਸ ਐਂਡ ਡਿਵੈੱਲਪਮੈਂਟ ਦੇ ਸਰਪ੍ਰਸਤ ਡਾਕਟਰ ਐੱਸ ਐੱਸ ਸੂਦਨ, ਪ੍ਰਧਾਨ ਡਾ. ਅਰੁਣ ਮਿੱਤਰਾ ਅਤੇ ਜਨਰਲ ਸਕੱਤਰ ਡਾਕਟਰ ਸ਼ਕੀਲ ਰਹਿਮਾਨ ਤੋਂ ਪ੍ਰਾਪਤ ਜਾਣਕਾਰੀ ਦੇ ਹਵਾਲੇ ਨਾਲ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀ ਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਗਾਜ਼ਾ ਦੇ ਬਹੁਤ ਹੀ ਗੈਰ-ਮਾਨਵੀ ਅਤੇ ਪੀੜਾਦਾਇਕ ਹਾਲਾਤ ਸਾਹਮਣੇ ਆ ਰਹੇ ਹਨ, ਜਿਨ੍ਹਾਂ ਦੇ ਮੱਦੇਨਜ਼ਰ ਦੇਸ਼ ਭਗਤ ਕਮੇਟੀ ਨੇ ਦੁਨੀਆ ਭਰ ਦੀਆਂ ਸਭਨਾਂ ਮਾਨਵਵਾਦੀ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਜ਼ੋਰਦਾਰ ਆਵਾਜ਼ ਉਠਾ ਕੇ • ਬਾਕੀ ਸਫਾ 10 'ਤੇ

## ਮਾਓਵਾਦੀਆਂ ਦੇ ਖਾਤਮੇ ਦੇ ਬਹਾਨੇ ਕੁਦਰਤੀ ਸਰੋਤਾਂ ਦੀ ਲੁੱਟ ਵਿਰੁੱਧ 10 ਨੂੰ ਸੂਬਾਈ ਕਨਵੈਨਸ਼ਨ



**ਜਲੰਧਰ** : ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਮਾਓਵਾਦੀਆਂ ਤੇ ਨਕਸਲਾਈਟਾਂ ਦੇ ਖਾਤਮੇ ਦੇ ਬਹਾਨੇ ਜੰਗਲ ਤੇ ਉਥੋਂ ਦੇ ਕੁਦਰਤੀ ਸਰੋਤਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦਾ ਕੰਮ ਕਰ ਰਹੀ ਹੈ। ਖੱਬੀਆਂ ਪਾਰਟੀਆਂ ਤੇ ਇਨਕਲਾਬੀ ਜਥੇਬੰਦੀਆਂ ਵੱਲੋਂ ਇਸ ਅਹਿਮ ਮਸਲੇ 'ਤੇ ਵਿਚਾਰ ਕਰਕੇ 10 ਜੂਨ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿਖੇ ਸੂਬਾਈ ਕਨਵੈਨਸ਼ਨ ਕਰਨ ਦਾ ਨਿਰਣਾ ਲਿਆ ਗਿਆ ਹੈ।

ਇਸ ਸੰਬੰਧੀ ਮੀਟਿੰਗ ਆਰ ਐੱਮ ਪੀ ਆਈ ਦੇ ਕੌਮੀ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸੀ ਪੀ ਆਈ ਦੇ ਸੂਬਾਈ ਆਗੂ ਪਿਰਥੀਪਾਲ ਸਿੰਘ ਮਾੜੀਮੇਘਾ, ਸੀ ਪੀ ਆਈ ਐੱਮ ਐੱਲ (ਨਿਊ ਡੈਮੋਕਰੇਸੀ) ਦੇ ਸੂਬਾ ਆਗੂ ਅਜਮੇਰ ਸਿੰਘ, ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਸੂਬਾ ਆਗੂ ਗੁਰਮੀਤ ਸਿੰਘ ਬਖਤਪੁਰਾ, ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾਈ ਆਗੂ ਕੰਵਲਜੀਤ ਖੰਨਾ, ਲੋਕ ਸੰਗਰਾਮ ਮੋਰਚਾ ਦੇ ਸੂਬਾਈ ਆਗੂ ਰਜੇਸ਼ ਮਲਹੋਤਰਾ ਅਤੇ ਯੂ ਸੀ ਪੀ ਆਈ ਦੇ ਸੂਬਾਈ ਆਗੂ ਕਿਰਨਜੀਤ ਸਿੰਘ ਸੇਖੋਂ ਮੁੱਖ ਤੌਰ 'ਤੇ ਹਾਜ਼ਰ ਸਨ। ਮੀਟਿੰਗ ਵਿੱਚ ਕੇਂਦਰ ਸਰਕਾਰ ਵੱਲੋਂ ਮਾਓਵਾਦੀਆਂ ਤੇ ਨਕਸਲਬਾੜੀਆਂ ਨੂੰ ਖਤਮ ਕਰਨ ਦੀ ਨੀਤੀ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ। ਹਕੀਕਤ ਇਹ ਹੈ ਕਿ ਸਰਕਾਰ ਜ ਲ , • ਬਾਕੀ ਸਫਾ 10 'ਤੇ

ਨਵਾਂ ਜ਼ਮਾਨਾ
ਸੋਮਵਾਰ, 26 ਮਈ 2025

# ਫਾਸ਼ੀਵਾਦੀ ਰੁਝਾਨ

ਪਿਛਲੇ ਦਿਨੀਂ ਛੱਤੀਸਗੜ੍ਹ ਦੇ ਨਾਰਾਇਣਗੜ੍ਹ ਜ਼ਿਲ੍ਹੇ ਵਿੱਚ ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ) ਦੇ ਜਨਰਲ ਸਕੱਤਰ ਨੰਬਾਲਾ ਕੇਸ਼ਵ ਰਾਓ ਉਰਫ ਬਸਾਵਾਰਾਜੂ ਸਣੇ 27 ਮਾਓਵਾਦੀਆਂ ਨੂੰ ਜਿਸ ਤਰ੍ਹਾਂ ਕਥਿਤ ਮੁਕਾਬਲੇ 'ਚ ਮਾਰਿਆ ਗਿਆ, ਉਸ ਨੇ ਕੇਂਦਰ ਤੇ ਛੱਤੀਸਗੜ੍ਹ ਵਿੱਚ ਰਾਜ ਕਰ ਰਹੀ ਭਾਜਪਾ ਦੇ ਫਾਸ਼ੀਵਾਦੀ ਚਿਹਰੇ ਨੂੰ ਹੋਰ ਨੰਗਾ ਕਰ ਦਿੱਤਾ ਹੈ। ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਡੀ ਰਾਜਾ ਨੇ ਇਸ ਕਥਿਤ ਮੁਕਾਬਲੇ ਤੋਂ ਬਾਅਦ ਕਿਹਾ ਕਿ ਕਾਨੂੰਨੀ ਗ੍ਰਿਫਤਾਰੀ ਦੀ ਥਾਂ ਵਾਰ-ਵਾਰ ਘਾਤਕ ਬਲ ਦਾ ਇਸਤੇਮਾਲ ਕਾਨੂੰਨ ਦੇ ਸ਼ਾਸਨ ਪ੍ਰਤੀ ਪ੍ਰਤੀਬੱਧਤਾ ਬਾਰੇ ਗੰਭੀਰ ਚਿੰਤਾਵਾਂ ਪੈਦਾ ਕਰਦਾ ਹੈ। ਜੇ ਅਧਿਕਾਰੀਆਂ ਕੋਲ ਬਸਾਵਾਰਾਜੂ ਦੇ ਟਿਕਾਣੇ ਬਾਰੇ ਭਰੋਸੇਯੋਗ ਖੁਫੀਆ ਜਾਣਕਾਰੀ ਸੀ ਤਾਂ ਕਾਨੂੰਨੀ ਗ੍ਰਿਫਤਾਰੀ ਕਿਉਂ ਨਹੀਂ ਕੀਤੀ ਗਈ? ਸੰਵਿਧਾਨ ਦੀ ਗਰੰਟੀ ਵਾਲੀ ਉਚਿਤ ਪ੍ਰਕਿਰਿਆ ਨੂੰ ਏਨੀ ਬੇਰਹਿਮੀ ਨਾਲ ਕਿਉਂ ਨਜ਼ਰਅੰਦਾਜ਼ ਕੀਤਾ ਗਿਆ? ਇਹ ਹੱਤਿਆਵਾਂ ਖੇਤਰ ਵਿੱਚ ਆਦਿਵਾਸੀ ਭਾਈਚਾਰਿਆਂ ਦੇ ਹਾਸ਼ੀਏ 'ਤੇ ਜਾਣ ਦੇ ਇੱਕ ਖਤਰਨਾਕ ਪੈਟਰਨ ਵੱਲ ਇਸ਼ਾਰਾ ਕਰਦੀਆਂ ਹਨ। ਵਾਰ-ਵਾਰ ਇਹ ਭਾਈਚਾਰੇ ਅਜਿਹੇ ਸੰਘਰਸ਼ ਵਿੱਚ ਫਸ ਜਾਂਦੇ ਹਨ, ਜਿਸ ਦੀ ਸ਼ੁਰੂਆਤ ਉਨ੍ਹਾਂ ਕੀਤੀ ਨਹੀਂ ਹੁੰਦੀ। ਕਾਮਰੇਡ ਰਾਜਾ ਨੇ 'ਅਪ੍ਰੇਸ਼ਨ ਕਗਾਰ' ਦੀ ਅਜ਼ਾਦਾਨਾ ਨਿਆਂਇਕ ਜਾਂਚ ਦੀ ਮੰਗ ਵੀ ਕੀਤੀ ਹੈ। ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਕਿਹਾ ਹੈ ਕਿ ਕੇਂਦਰ ਤੇ ਰਾਜ ਸਰਕਾਰ ਨੇ ਮਾਓਵਾਦੀਆਂ ਦੀ ਗੱਲਬਾਤ ਲਈ ਵਾਰ-ਵਾਰ ਕੀਤੀ ਗਈ ਅਪੀਲ ਨੂੰ ਨਜ਼ਰਅੰਦਾਜ਼ ਕੀਤਾ ਹੈ ਅਤੇ ਗੱਲਬਾਤ ਰਾਹੀਂ ਹੱਲ ਕੱਢਣ ਦਾ ਬਦਲ ਨਹੀਂ ਚੁਣਿਆ। ਕਈ ਸਿਆਸੀ ਪਾਰਟੀਆਂ ਤੇ ਚਿੰਤਤ ਨਾਗਰਿਕਾਂ ਨੇ ਵੀ ਗੱਲਬਾਤ 'ਤੇ ਜ਼ੋਰ ਦਿੱਤਾ ਹੈ, ਪਰ ਸਰਕਾਰ ਹੱਤਿਆਵਾਂ ਤੇ ਵਿਨਾਸ਼ ਦੀ ਅਣਮਨੁੱਖੀ ਨੀਤੀ 'ਤੇ ਹੀ ਅਮਲ ਕਰ ਰਹੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਵਿਸ਼ਣੂ ਦੇਵ ਸਾਇ ਵੱਲੋਂ ਗੱਲਬਾਤ ਨੂੰ ਖਾਰਜ ਕਰਨ ਦੇ ਬਿਆਨ ਫਾਸ਼ੀਵਾਦੀ ਮਾਨਸਿਕਤਾ ਨੂੰ ਦਰਸਾਉਂਦੇ ਹਨ, ਜੋ ਮਨੁੱਖੀ ਜ਼ਿੰਦਗੀ ਲੈਣ ਦਾ ਜਸ਼ਨ ਮਨਾਉਂਦੀ ਹੈ ਤੇ ਲੋਕਤੰਤਰ ਦੇ ਖਿਲਾਫ ਹੈ। ਆਲ ਇੰਡੀਆ ਫਾਰਵਰਡ ਬਲਾਕ ਦੇ ਜਨਰਲ ਸਕੱਤਰ ਜੀ. ਦੇਵਰਾਜਨ ਮੁਤਾਬਕ ਇੱਕ ਕਾਰਜਸ਼ੀਲ ਜਮਹੂਰੀਅਤ ਵਿੱਚ ਹਰੇਕ ਨਾਗਰਿਕ ਤੇ ਸਮੂਹ ਨੂੰ ਅਸਹਿਮਤੀ ਪ੍ਰਗਟ ਕਰਨ, ਜਥੇਬੰਦ ਹੋਣ ਤੇ ਉਨ੍ਹਾਂ ਨੀਤੀਆਂ ਖਿਲਾਫ ਸ਼ਿਕਾਇਤ ਕਰਨ ਦਾ ਬੁਨਿਆਦੀ ਹੱਕ ਹੈ, ਜਿਨ੍ਹਾਂ ਨੂੰ ਉਹ ਅਨਿਆਂਪੂਰਨ ਮੰਨਦੇ ਹਨ। ਸਿਆਸੀ ਮੁਜ਼ਾਹਮਤ ਨੂੰ ਦਹਿਸ਼ਤਗਰਦੀ ਦੇ ਬਰਾਬਰ ਮੰਨਣਾ ਅਤੇ ਨਿਆਂਇਕ ਪ੍ਰਕਿਰਿਆਵਾਂ ਤੇ ਉਚਿਤ ਜਾਂਚ ਨੂੰ ਪਾਸੇ ਕਰਕੇ ਘਾਤਕ ਬਲ ਪ੍ਰਯੋਗ ਕਰਨਾ ਇਸ ਗੱਲ ਦਾ ਸੰਕੇਤ ਹੈ ਕਿ ਸਰਕਾਰ ਵਿਰੋਧ ਦੀਆਂ ਤੇ ਅਲੋਚਨਾਤਮਕ ਆਵਾਜ਼ਾਂ ਪ੍ਰਤੀ ਅਸਹਿਣਸ਼ੀਲ ਹੁੰਦੀ ਜਾ ਰਹੀ ਹੈ। ਸਿਆਸੀ ਵਿਰੋਧੀਆਂ, ਖਾਸਕਰ ਪੀੜਤ ਤੇ ਆਦਿਵਾਸੀ ਭਾਈਚਾਰਿਆਂ ਵਿੱਚੋਂ ਉੱਭਰਨ ਵਾਲੇ ਲੋਕਾਂ ਨੂੰ ਖਤਮ ਕਰਨ ਦਾ ਇਹ ਤਰੀਕਾ ਬੇਹੱਦ ਪ੍ਰੇਸ਼ਾਨ ਕਰਨ ਵਾਲਾ ਹੈ। ਭਾਰਤੀ ਕਮਿਊਨਿਸਟ ਪਾਰਟੀ (ਐੱਮ ਐੱਲ) ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ ਮੁਤਾਬਕ ਮਾਓਵਾਦੀਆਂ ਵੱਲੋਂ ਇਕਤਰਫਾ ਜੰਗਬੰਦੀ ਦੇ ਐਲਾਨ ਦੇ ਬਾਅਦ ਵੀ ਇਹ ਮੁਕਾਬਲਾ ਕੀਤਾ ਗਿਆ, ਜਿਸ ਤਰ੍ਹਾਂ ਅਮਿਤ ਸ਼ਾਹ ਨੇ ਉਤਸਵੀ ਅੰਦਾਜ਼ ਵਿੱਚ ਇਸ ਖਬਰ ਨੂੰ ਸਾਂਝਾ ਕੀਤਾ, ਉਸ ਤੋਂ ਸਪੱਸ਼ਟ ਹੈ ਕਿ ਸਰਕਾਰ 'ਅਪ੍ਰੇਸ਼ਨ ਕਗਾਰ' ਨੂੰ ਨਿਆਂ ਵਿਵਸਥਾ ਤੋਂ ਪਰ੍ਹੇ ਸਮੂਹਕ ਵਿਨਾਸ਼ ਦੀ ਮੁਹਿੰਮ ਵੱਲ ਲਿਜਾ ਰਹੀ ਹੈ, ਤਾਂ ਕਿ ਮਾਓਵਾਦ ਦੇ ਦਮਨ ਦੇ ਨਾਂਅ 'ਤੇ ਆਦਿਵਾਸੀ ਇਲਾਕੇ ਵਿੱਚ ਕਾਰਪੋਰੇਟ ਲੁੱਟ ਤੇ ਸੁਰੱਖਿਆ ਬਲਾਂ ਦੀ ਭਾਰੀ ਤਾਇਨਾਤੀ ਖਿਲਾਫ ਆਦਿਵਾਸੀਆਂ ਦੇ ਵਿਰੋਧ ਨੂੰ ਕੁਚਲਿਆ ਜਾ ਸਕੇ।

ਆਏ ਦਿਨ ਮਾਓਵਾਦੀਆਂ ਨੂੰ ਮਾਰਨ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਜਿਵੇਂ ਜਸ਼ਨ ਮਨਾ ਰਹੇ ਹਨ, ਉਹ ਲੋਕਤੰਤਰ ਲਈ ਚੰਗਾ ਸੰਕੇਤ ਨਹੀਂ। ਇੱਕ ਵਾਰ ਜਦ ਰਾਜ (ਸਟੇਟ) ਅਧੁਨਿਕ ਹਥਿਆਰਾਂ ਦੀ ਵਰਤੋਂ ਕਰਨ ਦਾ ਆਦੀ ਹੋ ਗਿਆ ਤਾਂ ਉਹ ਮਾਓਵਾਦੀਆਂ ਦਾ ਖਾਤਮਾ ਕਰਨ ਦੇ ਬਾਅਦ ਵੀ ਨਹੀਂ ਰੁਕੇਗਾ। ਉਹ ਫਿਰ ਇਸੇ ਬਲ ਦੀ ਵਰਤੋਂ ਆਪੋਜ਼ੀਸ਼ਨ, ਅਸੰਤੁਸ਼ਟਾਂ ਤੇ ਨਾਗਰਿਕ ਸਮਾਜ ਖਿਲਾਫ ਕਰੇਗਾ। ਬਸਾਵਾਰਾਜੂ ਨੂੰ ਗ੍ਰਿਫਤਾਰ ਕਰਨ ਦਾ ਇੱਕ ਮੌਕਾ ਸੀ, ਜਿਵੇਂ ਕਿ ਅੰਦੋਲਨ ਦੇ ਬਾਨੀ ਕੌਂਡਾਪੱਲੀ ਸੀਤਾਰਮੱਈਆ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਮਾਰਿਆ ਨਹੀਂ ਗਿਆ ਸੀ। ਸਰਕਾਰ ਨੂੰ ਬਸਾਵਾਰਾਜੂ ਨਾਲ ਇੱਕ ਸਿਆਸੀ ਸੰਗਠਨ ਦੇ ਆਗੂ ਦੀ ਤਰ੍ਹਾਂ ਸਲੂਕ ਕਰਨਾ ਚਾਹੀਦਾ ਸੀ, ਪਰ ਉਸ ਨੇ ਇਸ ਦੀ ਥਾਂ ਉਸ ਨੂੰ ਖਤਮ ਕਰਨ ਦੀ ਸਹੁੰ ਖਾਧੀ। ਇੱਕ ਵਾਰ ਜਦ ਰਾਜ ਵਿਰੋਧੀਆਂ ਨੂੰ ਖਤਮ ਕਰਨਾ ਆਮ ਕਰ ਦੇਵੇਗਾ ਤਾਂ ਕਾਨੂੰਨ ਦਾ ਸ਼ਾਸਨ ਤੇ ਸੰਵਿਧਾਨਕ ਲੋਕਤੰਤਰ ਇਸ ਦੀ ਬਲੀ ਚੜ੍ਹ ਜਾਣਗੇ।

# ਵਿਰੋਧੀ ਦਲਾਂ ਦੇ ਸਵਾਲਾਂ ਦਾ ਜਵਾਬ ਕਿਉਂ ਨਹੀਂ ਦਿੰਦੀ ਭਾਜਪਾ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਇਹ ਹਕੀਕਤ ਹੈ ਕਿ ਸਾਲ 2014 ਤੋਂ ਪਹਿਲਾਂ ਵੀ ਅਟਲ ਵਾਜਪਾਈ ਦੀ ਅਗਵਾਈ ਵਿਚ ਭਾਜਪਾ ਨੇ ਆਪਣੀਆਂ ਭਾਈਵਾਲ ਪਾਰਟੀਆਂ ਨਾਲ ਰਲ ਕੇ ਕੇਂਦਰ ਵਿਚ ਸਰਕਾਰ ਬਣਾਈ ਸੀ ਤੇ ਚਲਾਈ ਸੀ, ਪਰ ਉਸ ਸਰਕਾਰ ਤੋਂ ਇਲਾਵਾ ਕਿਸੇ ਵੀ ਹੋਰ ਪਾਰਟੀ ਦੀ ਕੇਂਦਰ ਵਿਚ ਸਰਕਾਰ ਹੁੰਦਿਆਂ ਹੋਇਆਂ ਵੀ ਆਮ ਲੋਕਾਂ ਜਾਂ ਵਿਰੋਧੀ ਧਿਰ ਦੀਆਂ ਪਾਰਟੀਆਂ ਅੰਦਰ ਕੇਂਦਰ ਦੀ ਸਰਕਾਰ ਵੱਲੋਂ ਦਿੱਤੇ ਜਾਂਦੇ ਬਿਆਨਾਂ 'ਤੇ ਬੇਇਤਬਾਰੀ ਅਤੇ ਸ਼ੰਕੇ ਪ੍ਰਗਟ ਨਹੀਂ ਕੀਤੇ ਜਾਂਦੇ ਸਨ, ਜਿੰਨੇ ਕਿ ਨਰਿੰਦਰ ਮੋਦੀ ਦੀ ਅਗਵਾਈ ਵਿਚ ਚਲਾਈ ਜਾ ਰਹੀ ਕੇਂਦਰ ਸਰਕਾਰ ਦੇ ਪਿਛਲੇ ਤੇ ਵਰਤਮਾਨ ਕਾਰਜਕਾਲ ਵਿਚ ਪ੍ਰਗਟ ਕੀਤੇ ਜਾ ਰਹੇ ਹਨ।

ਗੱਲ ਚਾਹੇ ਮੋਦੀ ਸਰਕਾਰ ਦੇ ਪਿਛਲੇ ਕਾਰਜਕਾਲ ਦੌਰਾਨ ਵਾਪਰੇ 'ਪੁਲਵਾਮਾ ਕਾਂਡ' ਜਾਂ ਪਾਕਿਸਤਾਨ ਖ਼ਿਲਾਫ਼ ਕੀਤੇ ਗਏ 'ਸਰਜੀਕਲ ਸਟਰਾਈਕ' ਦੀ ਹੋਵੇ, ਵਿਰੋਧੀ ਦਲਾਂ ਨੇ ਕਈ ਗੰਭੀਰ ਪ੍ਰਸ਼ਨ ਉਠਾਏ ਸਨ, ਜਿਨ੍ਹਾਂ ਦੇ ਤਸੱਲੀਬਖ਼ਸ਼ ਜਵਾਬ ਅੱਜ ਤੱਕ ਨਹੀਂ ਦਿੱਤੇ ਗਏ ਹਨ, ਸਗੋਂ ਉਲਟੀ ਬਿਆਨਬਾਜ਼ੀ ਕਰਦਿਆਂ ਸੁਆਲਕਰਤਾਵਾਂ ਨੂੰ ਹੀ 'ਦੇਸ਼ ਧ੍ਰੋਹੀ' ਗਰਦਾਨ ਦਿੱਤਾ ਗਿਆ ਸੀ। ਕੀ ਦੇਸ਼ ਨੂੰ ਅਤੇ ਸ਼ਹੀਦ ਸੈਨਿਕਾਂ ਦੇ ਪਰਵਾਰਾਂ ਨੂੰ ਇਹ ਜਾਨਣ ਦਾ ਹੱਕ ਨਹੀਂ ਹੈ ਕਿ 'ਪੁਲਵਾਮਾ ਕਾਂਡ' ਵਿੱਚ ਭਾਰਤ ਦੇ ਬਹਾਦਰ ਸੈਨਿਕਾਂ ਦੀਆਂ ਜਾਨਾਂ ਲੈਣ ਵਾਲਾ ਉਹ ਭਾਰੀ ਮਾਤਰਾ ਵਾਲਾ ਆਰ ਡੀ ਐੱਕਸ ਆਖ਼ਿਰ ਆਇਆ ਕਿੱਥੋਂ ਸੀ? ਕਸ਼ਮੀਰ ਵਰਗੇ ਅਸ਼ਾਂਤ ਅਤੇ ਅੱਤਵਾਦ ਪ੍ਰਭਾਵਤ ਖਿੱਤੇ ਵਿੱਚ ਭਾਰਤੀ ਫ਼ੌਜ 'ਤੇ ਏਨਾ ਵੱਡਾ ਹਮਲਾ ਹੋ ਜਾਣ ਪਿੱਛੇ ਇੰਟੈਲੀਜੈਂਸ ਏਜੰਸੀਆਂ ਦੀ ਨਾਕਾਮੀ 'ਤੇ ਕੀ ਸਵਾਲ ਖੜੇ ਨਹੀਂ ਹੁੰਦੇ ਸਨ? ਇਸ ਸੰਗੀਨ ਮਾਮਲੇ ਦੀ ਜਾਂਚ ਦੇ ਠੋਸ ਸਬੂਤ ਅਤੇ ਨਤੀਜੇ ਅਜੇ ਤੱਕ ਸਾਹਮਣੇ ਕਿਉਂ ਨਹੀਂ ਆਏ?

ਤਾਜ਼ਾ ਮਾਮਲਾ ਸਰਬੱਤ ਜਗਤ ਦੀ ਸ਼ਰਧਾ ਦੇ ਕੇਂਦਰ ਹਰਿਮੰਦਰ ਸਾਹਿਬ 'ਤੇ ਪਾਕਿਸਤਾਨੀ ਫ਼ੌਜ ਵੱਲੋਂ ਹਮਲਾ ਕਰਨ ਸੰਬੰਧੀ ਭਾਰਤੀ ਫ਼ੌਜ ਦੇ ਇੱਕ ਬੁਲਾਰੇ ਰਾਹੀਂ ਸਰਕਾਰ ਵੱਲੋਂ ਦੁਆਏ ਗਏ ਇੱਕ ਵਿਵਾਦਮਈ ਬਿਆਨ ਦਾ ਹੈ, ਜਿਸ ਨੂੰ ਕਿ ਗੁੰਮਰਾਹਕੁਨ ਅਤੇ ਬੇਬੁਨਿਆਦ ਦੱਸਦਿਆਂ ਹੋਇਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਗਠਨਾਂ ਵੱਲੋਂ ਕਰੜੀ ਆਲੋਚਨਾ ਕੀਤੀ ਜਾ ਰਹੀ ਹੈ। ਕੋਈ ਵੀ ਸਿੱਖ ਸੰਗਠਨ ਇਹ ਮੰਨਣ ਨੂੰ ਤਿਆਰ ਨਹੀਂ ਕਿ ਪਾਕਿਸਤਾਨ ਦੀ ਫ਼ੌਜ ਜਾਂ ਕੋਈ ਪਾਕਿਸਤਾਨੀ ਬਾਸ਼ਿੰਦਾ ਅਜਿਹਾ ਕਰਨ ਬਾਰੇ ਸੋਚ ਵੀ ਸਕਦਾ ਹੈ। ਇਸ ਦੇ ਉਲਟ ਸਗੋਂ ਸਿੱਖ ਆਗੂਆਂ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਦੇਸ਼ ਵਿਚ 'ਹਿੰਦੂ-ਮੁਸਲਿਮ' ਏਕਤਾ ਨੂੰ ਤਾਰ-ਤਾਰ ਕਰਨ ਦੇ ਯਤਨ ਕਰਨ ਵਾਲੀ ਭਾਜਪਾ ਹੁਣ ਪੰਜਾਬ ਵਿਚ 'ਸਿੱਖ-ਮੁਸਲਿਮ' ਪ੍ਰੇਮ-ਪਿਆਰ ਵਿਚ ਪਾੜਾ ਪਾਉਣਾ ਚਾਹੁੰਦੀ ਹੈ ਤੇ ਇਸ ਕੋਝੇ ਕਾਰਜ ਲਈ ਮਨਘੜਤ ਬਿਆਨ ਦੁਆ ਕੇ ਭਾਰਤੀ ਫ਼ੌਜ ਦਾ ਇਸਤੇਮਾਲ ਕਰਨਾ ਤਾਂ 'ਅਤਿ-ਨਿੰਦਣਯੋਗ ਕਾਰਾ' ਆਖਿਆ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਖ-ਵੱਖ ਬੁਲਾਰਿਆਂ ਨੇ ਇਸ ਸਬੰਧ ਵਿਚ ਜੋ ਸੁਆਲ ਉਠਾਏ ਹਨ,ਉਹ ਕਾਫ਼ੀ ਗੰਭੀਰ ਅਤੇ ਧਿਆਨ ਦੇਣ ਯੋਗ ਹਨ। ਸਿੱਖ ਵਿਦਵਾਨਾਂ ਅਤੇ ਫ਼ੌਜੀ ਕਾਰਵਾਈਆਂ ਸਬੰਧੀ ਜਾਣਕਾਰਾਂ ਵੱਲੋਂ ਪੁੱਛਿਆ ਜਾ ਰਿਹਾ ਹੈ-'ਕੀ ਹਰਿਮੰਦਰ ਸਾਹਿਬ ਤੋਂ ਥੋੜ੍ਹੀ ਵਿੱਥ 'ਤੇ ਤੈਨਾਤ ਇਕ ਪ੍ਰਸਿੱਧ ਹਿੰਦੂ ਤੀਰਥ ਅਸਥਾਨ ਅਤੇ ਕੁਝ ਹੋਰ ਤੀਰਥ ਅਸਥਾਨ ਪਾਕਿਸਤਾਨ ਦੇ ਨਿਸ਼ਾਨੇ 'ਤੇ ਨਹੀਂ ਸਨ?' ਜੇਕਰ ਸਨ ਤਾਂ ਭਾਰਤੀ ਫ਼ੌਜ ਦੇ ਸਬੰਧਤ ਅਫ਼ਸਰ ਨੇ ਬਾਕੀਆਂ ਬਾਰੇ ਗੱਲ ਕਿਉਂ ਨਹੀਂ ਕੀਤੀ? ਕੇਵਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਹੀ ਜ਼ਿਕਰ ਕਿਉਂ ਕੀਤਾ ਸੀ? ਫ਼ੌਜੀ ਮਾਹਰਾਂ ਅਨੁਸਾਰ ਜੰਗੀ ਹਾਲਾਤ ਦੌਰਾਨ ਮਹੱਤਵਪੂਰਨ ਪੁਲ੍ਹ, ਡੈਮ, ਸੜਕਾਂ, ਹਵਾਈ ਅੱਡੇ, ਫ਼ੌਜੀ ਟਿਕਾਣੇ ਅਤੇ ਪ੍ਰਮਾਣੂ ਹਥਿਆਰ ਰੱਖਣ ਦੇ ਸਥਾਨ ਆਦਿ ਦੁਸ਼ਮਣ ਦੇ ਨਿਸ਼ਾਨੇ 'ਤੇ ਹੁੰਦੇ ਹਨ, ਪਰ ਭਾਰਤੀ ਫ਼ੌਜ ਦੇ ਸੰਬੰਧਤ ਬੁਲਾਰੇ ਨੇ ਪੰਜਾਬ ਦੇ ਕਿਸੇ ਵੀ ਅਜਿਹੇ ਹੋਰ ਸਥਾਨ ਦੇ ਖ਼ਤਰੇ ਵਿਚ ਹੋਣ ਦਾ ਖੁਲਾਸਾ ਕਿਉਂ ਨਹੀਂ ਕੀਤਾ?, ਜਦੋਂ ਫ਼ੌਜ ਅਤੇ ਸਰਕਾਰ ਖ਼ੁਦ ਆਖ ਰਹੇ ਹਨ ਕਿ 'ਅਪ੍ਰੇਸ਼ਨ ਸਿੰਧੂਰ' ਅਜੇ ਖ਼ਤਮ ਨਹੀਂ ਹੋਇਆ ਤਾਂ ਫਿਰ ਭਾਰਤੀ ਫ਼ੌਜ ਐਨੀ 'ਸੰਵੇਦਨਸ਼ੀਲ ਖ਼ੁਫ਼ੀਆ ਜਾਣਕਾਰੀ' ਨੂੰ ਜਨਤਕ ਕਿਵੇਂ ਕਰ ਸਕਦੀ ਹੈ? ਹਰਿਮੰਦਰ ਸਾਹਿਬ ਦੀ ਸਾਂਭ-ਸੰਭਾਲ ਅਤੇ ਸੁਰੱਖਿਆ ਲਈ ਜ਼ਿੰਮੇਵਾਰ ਅਧਿਕਾਰੀਆਂ ਨੇ ਇਹ ਦਾਅਵਾ ਕੀਤਾ ਹੈ ਕਿ ਹਰਿਮੰਦਰ ਸਾਹਿਬ ਨੂੰ ਮਿਜ਼ਾਇਲ ਹਮਲੇ ਜਾਂ ਡਰੋਨ ਹਮਲੇ ਤੋਂ ਬਚਾਉਣ ਸੰਬੰਧੀ ਮਸ਼ੀਨਰੀ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਜਾਂ ਆਸਪਾਸ ਤੈਨਾਤ ਕਰਨ ਸਬੰਧੀ ਫ਼ੌਜ ਜਾਂ ਸਰਕਾਰ ਵੱਲੋਂ ਕੋਈ ਵੀ ਅਗਾਊਂ ਜਾਣਕਾਰੀ ਨਹੀਂ ਦਿੱਤੀ ਗਈ ਸੀ ਤੇ ਨਾ ਹੀ ਅਜਿਹੀ ਮਸ਼ੀਨਰੀ ਦੀਆਂ ਗਤੀਵਿਧੀਆਂ ਕਿਸੇ ਨੇ ਇਸ ਪਾਵਨ ਅਸਥਾਨ ਦੇ ਆਸਪਾਸ ਵੇਖੀਆਂ ਸਨ। ਫਿਰ ਇਹ ਕਿਵੇਂ ਮੰਨ ਲਿਆ ਜਾਵੇ ਕਿ ਪਾਕਿਸਤਾਨ ਅਜਿਹੀ ਕੋਝੀ ਹਰਕਤ ਕਰ ਸਕਦਾ ਹੈ, ਜਦੋਂ ਕਿ ਖ਼ੁਦ ਪਾਕਿਸਤਾਨ ਅੰਦਰ ਸਥਿਤ ਸ੍ਰੀ ਕਰਤਾਰਪੁਰ ਸਾਹਿਬ ਅਤੇ ਨਨਕਾਣਾ ਸਾਹਿਬ ਦੇ ਸਿੱਖ ਗੁਰਧਾਮਾਂ ਦੀ ਸਾਂਭ-ਸੰਭਾਲ ਅਤੇ ਰਾਖੀ ਲਈ ਪਾਕਿਸਤਾਨੀ ਸਰਕਾਰ ਪੂਰਾ ਸਹਿਯੋਗ ਕਰਦੀ ਹੈ? ਸਿੱਖ ਹਲਕਿਆਂ ਵਿਚ ਇਹ ਮੰਨਿਆ ਜਾ ਰਿਹਾ ਹੈ ਕਿ ਪਾਕਿਸਤਾਨੀ ਫ਼ੌਜ ਜਾਂ ਪਾਕਿਸਤਾਨੀ ਸਰਕਾਰ ਖ਼ਿਲਾਫ਼ ਪ੍ਰਾਪੇਗੰਡਾ ਕਰਨ ਲਈ ਮੋਦੀ ਸਰਕਾਰ ਨੂੰ ਅਜਿਹੇ ਘਟੀਆ ਤਰੀਕੇ ਵਰਤਣ ਤੋਂ ਗੁਰੇਜ਼ ਕਰਨਾ ਚਾਹੀਦਾ ਸੀ ਤੇ ਭਾਰਤੀ ਫ਼ੌਜ ਦੇ ਮੋਢੇ 'ਤੇ ਰੱਖ ਕੇ ਇਹ ਨਫ਼ਰਤ ਅਤੇ ਸਰਕਾਰੀ ਪ੍ਰਾਪੇਗੰਡੇ ਦੀ ਬੰਦੂਕ ਨਹੀਂ ਸੀ ਚਲਾਉਣੀ ਚਾਹੀਦੀ?

ਕਾਂਗਰਸ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਵਿਦੇਸ਼ ਮੰਤਰੀ ਐੱਸ ਜੈਸ਼ੰਕਰ 'ਤੇ ਪਾਕਿਸਤਾਨ ਨੂੰ ਭਾਰਤੀ ਫ਼ੌਜ ਦੀ ਕਾਰਵਾਈ ਸੰਬੰਧੀ ਜਾਂ 'ਅਪ੍ਰੇਸ਼ਨ ਸਿੰਧੂਰ' ਸਬੰਧੀ ਆਪਣੇ ਬਿਆਨਾਂ ਰਾਹੀਂ ਅਗਾਊਂ ਸੂਚਨਾ ਪ੍ਰਦਾਨ ਕਰਨ ਦੇ ਇਲਜ਼ਾਮਾਂ ਦੇ ਢੁਕਵੇਂ ਅਤੇ ਸਾਰਥਕ ਜਵਾਬ ਦੇਣ ਦੀ ਥਾਂ ਭਾਜਪਾ ਦੇ ਮੀਡੀਆ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ 'ਪੋਸਟਰ' ਜੰਗ ਸ਼ੁਰੂ ਕਰ ਦਿੱਤੀ, ਜਿਸ ਦਾ ਕਿ ਕਾਂਗਰਸ ਦੇ ਮੀਡੀਆ ਸੈੱਲ ਦੀ ਮੁਖੀ ਸੁਪ੍ਰਿਆ ਸ੍ਰੀਨੇਤ ਨੇ ਮਾਕੂਲ ਜਵਾਬ ਦੇ ਕੇ ਕੇਂਦਰ ਸਰਕਾਰ ਅਤੇ ਭਾਜਪਾ ਦੇ ਮੀਡੀਆ ਸੈੱਲ ਦੀ ਪੋਲ ਖੋਲ੍ਹ ਦਿੱਤੀ। ਤੇਜ਼-ਤਰਾਰ ਅਤੇ ਸੱਚ ਦੀ ਪਰਖ ਕਰਨ ਵਾਲੇ ਪੱਤਰਕਾਰਾਂ ਦੇ ਤਿੱਖੇ ਸਵਾਲਾਂ ਤੋਂ ਸਦਾ ਹੀ ਬਚੇ ਰਹਿਣ ਹਿਤ ਅੱਜ ਤੱਕ ਇਕ ਵੀ ਢੰਗ ਦੀ ਪੱਤਰਕਾਰ-ਵਾਰਤਾ ਕਰਨ ਦੀ ਥਾਂ 'ਮਨ ਕੀ ਬਾਤ' ਅਤੇ ਹੋਰ ਖੱਬੇ-ਸੱਜੇ ਪਲੇਟਫ਼ਾਰਮਾਂ ਰਾਹੀਂ ਇਕਪਾਸੜ ਬਿਆਨਬਾਜ਼ੀ ਕਰਨ ਵਾਲੇ ਨਰਿੰਦਰ ਭਾਈ ਮੋਦੀ ਸਾਹਿਬ ਨੇ ਤੇ ਕਿਸੇ ਵੀ ਭਾਜਪਾ ਨੇਤਾ ਨੇ ਅਜੇ ਤੱਕ ਇਨ੍ਹਾ ਸਵਾਲਾਂ ਦੇ ਜਵਾਬ ਨਹੀਂ ਦਿੱਤੇ ਹਨ ਕਿ 'ਜੇਕਰ ਭਾਰਤੀ ਫ਼ੌਜ ਨੇ ਪਾਕਿਸਤਾਨ ਅੰਦਰ ਮੌਜੂਦ ਅੱਤਵਾਦੀਆਂ ਦੇ 21 ਟਿਕਾਣੇ ਬਰਬਾਦ ਕਰਨੇ ਸਨ ਤਾਂ ਫਿਰ ਕੇਵਲ ਨੌਂ ਟਿਕਾਣੇ ਤਬਾਹ ਕਰਕੇ 'ਜੰਗਬੰਦੀ' ਕਿਉਂ ਕਰ ਦਿੱਤੀ ਗਈ? ਜੇਕਰ ਪਾਕਿਸਤਾਨ ਅਤੇ ਭਾਰਤ ਦਰਮਿਆਨ ਜੰਗਬੰਦੀ ਸੰਬੰਧੀ ਡੀ ਜੀ ਐੱਮ ਓ ਪੱਧਰ 'ਤੇ ਕੋਈ ਗੁਪਤ ਮੀਟਿੰਗ ਹੋ ਵੀ ਰਹੀ ਸੀ ਤਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇਸ 'ਅਤਿਅੰਤ ਗੁਪਤ ਮੀਟਿੰਗ' ਦੀ ਅਤੇ ਜੰਗਬੰਦੀ ਹੋਣ ਦੀ ਖ਼ੁਫ਼ੀਆ ਜਾਣਕਾਰੀ ਕਿੱਥੋਂ ਮਿਲ ਗਈ?, 'ਡੋਨਾਲਡ ਟਰੰਪ ਨੇ ਭਾਰਤੀ ਜਾਂ ਪਾਕਿਸਤਾਨੀ ਸਰਕਾਰ ਅਤੇ ਫ਼ੌਜ ਵੱਲੋਂ ਜੰਗਬੰਦੀ ਐਲਾਨੇ ਜਾਣ ਤੋਂ ਪਹਿਲਾਂ ਹੀ ਜੰਗਬੰਦੀ ਦਾ ਐਲਾਨ ਭਲਾ ਕਿਵੇਂ ਕਰ ਦਿੱਤਾ ਸੀ?','ਜੇਕਰ ਭਾਰਤ ਆਪਣੇ ਗੁਆਂਢੀ ਪਰ ਦੁਸ਼ਮਣ ਮੁਲਕਾਂ ਨਾਲ ਦੁਵੱਲੇ ਸੰਬੰਧਾਂ ਵਿਚ ਕਿਸੇ ਤੀਜੀ ਧਿਰ ਦੀ ਮੁਦਾਖ਼ਲਤ ਭਾਵ ਦਖ਼ਲੰਦਾਜ਼ੀ ਪ੍ਰਵਾਨ ਨਹੀਂ ਕਰਦਾ ਹੈ ਤਾਂ ਉਕਤ ਸਾਰੇ ਵਰਤਾਰੇ ਬਾਰੇ ਅਮਰੀਕਾ ਨੂੰ ਅਗਾਊਂ ਕਿਵੇਂ ਪਤਾ ਸੀ ਤੇ ਜੰਗਬੰਦੀ ਸਬੰਧੀ ਟਰੰਪ ਦਾ ਟਵੀਟ,ਪ੍ਰਧਾਨ ਮੰਤਰੀ ਮੋਦੀ ਦੇ ਟਵੀਟ ਤੋਂ ਪਹਿਲਾਂ ਕਿਵੇਂ ਆ ਗਿਆ ਸੀ?','ਟਰੰਪ ਦੇ ਬਿਆਨ ਅਨੁਸਾਰ 'ਘੋਰ ਰਾਸ਼ਟਰਵਾਦੀ' ਹੋਣ ਦਾ ਦਾਅਵਾ ਕਰਨ ਵਾਲੀ ਮੋਦੀ ਸਰਕਾਰ ਕੀ 'ਟਰੇਡ' ਭਾਵ ਵਪਾਰਕ ਹਿੱਤਾਂ ਨੂੰ ਪਹਿਲ ਦਿੰਦਿਆਂ ਹੋਇਆਂ ਜੰਗਬੰਦੀ ਲਈ ਰਾਜ਼ੀ ਹੋ ਗਈ ਸੀ?

ਭਾਜਪਾ ਆਗੂ ਅਤੇ ਕੇਂਦਰੀ ਗ੍ਰਹਿ ਮੰਤਰੀ ਸਾਹਿਬ ਅਜੇ ਤੱਕ ਇਨ੍ਹਾ ਸਵਾਲਾਂ ਦੇ ਜਵਾਬ ਨਹੀਂ ਦੇ ਸਕੇ ਹਨ ਕਿ-ਪਹਿਲਗਾਮ ਵਿਖੇ ਭਾਰੀ ਮਾਤਰਾ ਵਿਚ ਸੈਲਾਨੀ ਮੌਜੂਦ ਹੋਣ ਦੇ ਬਾਵਜੂਦ ਕਿਸੇ ਕਿਸਮ ਦੇ ਵੀ ਸੁਰੱਖਿਆ ਪ੍ਰਬੰਧ ਕਿਉਂ ਨਹੀਂ ਕੀਤੇ ਗਏ ਸਨ, 28 ਨਿਰਦੋਸ਼ ਸੈਲਾਨੀਆਂ ਦੀ ਜਾਨਾਂ ਚਲੇ ਜਾਣ ਦੇ ਬਾਵਜੂਦ ਉਕਤ ਹੱਤਿਆ ਕਾਂਡ ਲਈ ਹੋਈ ਸੁਰੱਖਿਆ ਉਕਾਈ ਦਾ ਜ਼ਿੰਮੇਵਾਰ ਕਿਸ ਨੂੰ ਠਹਿਰਾਇਆ ਗਿਆ ਤੇ ਉਸ ਦੇ ਖ਼ਿਲਾਫ਼ ਕੀ ਕਾਰਵਾਈ ਕੀਤੀ ਗਈ 'ਅਪ੍ਰੇਸ਼ਨ ਸਿੰਧੂਰ' ਦੌਰਾਨ ਭਾਰਤੀ ਫ਼ੌਜ ਨੂੰ ਸਰਹੱਦ ਦੇ ਉਸ ਪਾਰ ਸੌ-ਦੋ ਸੌ ਕਿਲੋਮੀਟਰ ਦੂਰ ਲੁਕੇ ਅੱਤਵਾਦੀ ਤਾਂ ਨਜ਼ਰ ਆ ਗਏ ਤੇ ਉਡਾ ਵੀ ਦਿੱਤੇ ਗਏ, ਪਰ ਪਹਿਲਗਾਮ ਕਾਂਡ ਨੂੰ ਅੰਜਾਮ ਦੇਣ ਵਾਲੇ ਉਹ ਅੱਤਵਾਦੀ ਮਾਰੇ ਜਾਂ ਫੜੇ ਕਿਉਂ ਨਹੀਂ ਗਏ, ਜੋ ਕਿ ਭਾਰਤੀ ਸਰਹੱਦ ਦੇ ਅੰਦਰ ਹੀ ਮੌਜੂਦ ਹੋ ਸਕਦੇ ਹਨ? 'ਭਾਰਤੀ ਫ਼ੌਜ ਦੀ ਜਾਂਬਾਜ਼ ਅਫ਼ਸਰ ਕਰਨਲ ਸੋਫ਼ੀਆ ਕੁਰੈਸ਼ੀ ਸਬੰਧੀ ਅਪਮਾਨਜਨਕ ਟਿੱਪਣੀ ਕਰਨ ਵਾਲੇ ਭਾਜਪਾ ਆਗੂ ਵਿਜੇ ਸ਼ਾਹ ਖ਼ਿਲਾਫ਼ ਹਾਈ ਕੋਰਟ ਅਤੇ ਸੁਪਰੀਮ ਕੋਰਟ ਤਾਂ ਸਖ਼ਤ ਇਤਰਾਜ਼ ਉਠਾਉਂਦੇ ਹਨ, ਪਰ ਭਾਜਪਾ ਆਪਣੇ ਇਸ 'ਲਾਡਲੇ' ਆਗੂ ਖ਼ਿਲਾਫ਼ ਕੋਈ ਵੀ ਅਨੁਸ਼ਾਸ਼ਨੀ ਕਾਰਵਾਈ ਕਿਉਂ ਨਹੀਂ ਕਰਦੀ? ਅਜਿਹੇ ਹੋਰ ਵੀ ਕਈ ਸਵਾਲ ਹਨ, ਜਿਨ੍ਹਾਂ ਦੇ ਜਵਾਬ ਦੇਣ ਤੋਂ ਭਾਜਪਾ ਦੀ ਲੀਡਰਸ਼ਿਪ ਕੰਨੀ ਕਤਰਾਉਂਦੀ ਹੈ ਤੇ ਉਸ ਦੇ ਲਈ ਸਭ ਤੋਂ ਆਸਾਨ ਹੱਲ ਇਹੋ ਹੈ ਕਿ ਸਵਾਲ ਪੁੱਛਣ ਵਾਲੇ ਨੂੰ 'ਦੇਸ਼ ਧ੍ਰੋਹੀ' ਐਲਾਨ ਕਰਕੇ ਉਸਨੂੰ ਗ੍ਰਿਫ਼ਤਾਰ ਕਰ ਲਓ ਤੇ ਜੇਲ੍ਹ ਵਿੱਚ ਸੁੱਟ ਦਿਉ।

# ਸੰਪਰਕ : 97816-46008

# ਜੀਵਨ ਦੇ ਹਰ ਖੇਤਰ 'ਚ ਔਰਤ ਦੀ ਸ਼ਕਤੀਸ਼ਾਲੀ ਭੂਮਿਕਾ

ਗੁਰਬਿੰਦਰ ਸਿੰਘ ਮਾਣਕ

ਸੰਸਾਰ ਦੀ ਅੱਧੀ ਆਬਾਦੀ ਔਰਤਾਂ ਦੀ ਹੈ। ਇਸ ਦੇ ਬਾਵਜੂਦ ਦੁਨੀਆ ਦੇ ਬਹੁਤੇ ਦੇਸ਼ਾਂ ਵਿਚ ਔਰਤਾਂ ਦੀ ਸਮਾਜਿਕ, ਆਰਥਿਕ ਦੇਣ ਨੂੰ ਬਹੁਤ ਹੱਦ ਤੱਕ ਅਣਗੌਲਿਆ ਕੀਤਾ ਗਿਆ ਹੈ। ਏਸ਼ੀਆ ਤੇ ਅਫਰੀਕਾ ਮਹਾਂਦੀਪਾਂ ਦੇ ਦੇਸ਼ਾਂ ਵਿਚ ਤਾਂ ਔਰਤਾਂ ਦੀ ਸਥਿਤੀ ਬਹੁਤ ਹੀ ਚਿੰਤਾਜਨਕ ਹੈ। ਇਸ ਪੱਖ ਤੋਂ ਭਾਰਤ ਤੇ ਉਸ ਦੇ ਗਵਾਂਢੀ ਦੇਸ਼ਾਂ ਦੀ ਹਾਲਤ ਬਹੁਤ ਹੀ ਮਾੜੀ ਹੈ। ਸਮਾਂ ਬਹੁਤ ਬਦਲ ਗਿਆ ਹੈ, ਔਰਤਾਂ ਦੀ ਸਥਿਤੀ ਵਿਚ ਵੀ ਕੁਝ ਤਬਦੀਲੀ ਜ਼ਰੂਰ ਆਈ ਹੈ, ਪਰ ਅਜੇ ਵੀ ਬਹੁਤ ਕੁਝ ਅਜਿਹਾ ਵਾਪਰ ਰਿਹਾ ਹੈ,ਜਿਹੜਾ ਔਰਤਾਂ ਦੇ ਸਮੁੱਚੇ ਵਿਕਾਸ ਦੇ ਰਾਹ ਦਾ ਰੋੜਾ ਬਣਿਆ ਹੋਇਆ ਹੈ। ਅਜੋਕੇ ਸਮਿਆਂ ਵਿਚ ਵੀ ਰੂੜ੍ਹੀਵਾਦੀ ਮਾਨਸਿਕਤਾ ਦੇ ਕਾਰਨ ਮਰਦ ਪ੍ਰਧਾਨ ਸਮਾਜ ਦਾ ਬੋਲਬਾਲਾ ਹੈ। ਘਰ ਪਰਵਾਰਾਂ ਵਿਚ ਵੀ ਅਜੇ ਤੱਕ ਵੱਡੇ ਫੈਸਲੇ ਮਰਦ ਹੀ ਕਰਦੇ ਹਨ। ਇਹ ਬਹੁਤ ਹੀ ਦੁਖਦਾਈ ਵਰਤਾਰਾ ਹੈ ਕਿ ਅੱਜ ਵੀ ਭਾਰਤ ਵਿਚ ਔਰਤਾਂ ਕਈ ਤਰ੍ਹਾਂ ਦੇ ਵਿਤਕਰੇ ਤੇ ਘਰੇਲੂ ਜਬਰ ਸਹਿਣ ਲਈ ਮਜਬੂਰ ਹਨ। ਔਰਤ ਦੀ ਵੱਡੀ ਸਮਾਜਿਕ ਭੂਮਿਕਾ ਦੇ ਬਾਵਜੂਦ ਉਸ ਨੂੰ ਇਕ ਵਿਅਕਤੀ ਵਜੋਂ ਜਿਹੜਾ ਸਤਿਕਾਰ ਮਿਲਣਾ ਚਾਹੀਦਾ ਹੈ,ਉਹ ਅਜੇ ਵੀ ਨਹੀਂ ਮਿਲ ਰਿਹਾ। ਘਰੇਲੂ ਹਿੰਸਾ, ਛੇੜਛਾੜ ਤੇ ਜਬਰ-ਜ਼ਨਾਹ ਵਰਗੀਆਂ ਘਟਨਾਵਾਂ ਦਾ ਲਗਾਤਾਰ ਵਾਪਰਨਾ ਇਹੀ ਦਰਸਾਉਂਦਾ ਹੈ ਕਿ ਸਮਾਜ ਦੀ ਮਾਨਸਿਕਤਾ ਅਜੇ ਵੀ ਔਰਤਾਂ ਪ੍ਰਤੀ ਠੀਕ ਨਹੀਂ।

ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਸਦੀਆਂ ਤੋਂ ਘਰ ਦੀ ਸਿਰਜਣਾ ਵਿਚ ਔਰਤਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਉਨ੍ਹਾਂ ਸਮਿਆਂ ਤੋਂ ਲੈ ਕੇ ਜਦੋਂ ਔਰਤ ਦੀ ਭੂਮਿਕਾ ਕੇਵਲ ਘਰ ਦੀ ਚਾਰਦੀਵਾਰੀ ਤੱਕ ਹੀ ਸੀਮਤ ਸੀ ਤੇ ਅਜੋਕੇ ਸਮਿਆਂ ਦੀ ਔਰਤ ਜਿਸ ਨੇ ਆਪਣੀ ਸੂਝ, ਸਮਰਥਾ, ਯੋਗਤਾ ਤੇ ਪ੍ਰਤਿਭਾ ਸਦਕਾ ਵੱਡਾ ਨਾਮਣਾ ਖੱਟਿਆ ਹੈ। ਘਰ ਦੀ ਹੋਂਦ ਨੂੰ ਮਜ਼ਬੂਤ ਤੇ ਸ਼ਕਤੀਸ਼ਾਲੀ ਬਣਾਉਣ ਵਿਚ ਔਰਤ ਦੀ ਵੱਡੀ ਭੂਮਿਕਾ ਤੋਂ ਕੋਈ ਇਨਕਾਰੀ ਨਹੀਂ ਕਰ ਸਕਦਾ।

ਮਰਦ ਤਾਂ ਥੋੜ੍ਹਾ ਸਮਾਂ ਕੱਢ ਕੇ ਆਰਾਮ ਕਰ ਲੈਂਦੇ ਸਨ, ਪਰ ਔਰਤ ਨੂੰ ਘਰ ਦੇ ਸਾਰੇ ਟੱਬਰ ਦੀ ਰੋਟੀ ਪਕਾਉਣ ਤੋਂ ਲੈ ਕੇ ਅਨੇਕਾਂ ਹੋਰ ਕੰਮਾਂ ਵਿਚ ਵੀ ਆਪਣੀ ਜਾਨ ਮਾਰਨੀ ਪੈਂਦੀ ਸੀ। ਇਹ ਵਰਤਾਰਾ ਥੋੜ੍ਹੇ ਬਹੁਤੇ ਫਰਕ ਨਾਲ ਅੱਜ ਵੀ ਕਾਇਮ ਹੈ। ਜਿਹੜੀ ਗੱਲ ਪਿਛਲੇ ਸਮਿਆਂ ਤੋਂ ਲੈ ਕੇ ਅਜੋਕੇ ਸਮਿਆਂ ਤੱਕ ਨਹੀਂ ਬਦਲੀ, ਉਹ ਹੈ ਔਰਤਾਂ ਦੇ ਕੰਮਾਂ ਨੂੰ ਕੰਮ ਹੀ ਨਾ ਸਮਝਣਾ। ਅੱਜ ਦੇ ਸਮੇਂ ਵਿਚ ਤਾਂ ਸਗੋਂ ਔਰਤ ਦੂਹਰੇ ਰੂਪ ਵਿਚ ਪਿਸ ਰਹੀ ਹੈ, ਨੌਕਰੀ ਦੀ ਜ਼ਿੰਮੇਵਾਰੀ ਨਿਭਾਉਣ ਦੇ ਨਾਲ ਨਾਲ ਉਸ ਨੂੰ ਘਰ ਦੀ ਜ਼ਿੰਮੇਵਾਰੀ ਵੀ ਨਿਭਾਉਣੀ ਪੈਂਦੀ ਹੈ। ਅਕਸਰ ਦੇਖਣ ਵਿਚ ਆਇਆ ਹੈ ਕਿ ਜੇ ਪਤੀ-ਪਤਨੀ ਦੋਵੇਂ ਨੌਕਰੀ ਕਰਦੇ ਹੋਣ ਤਾਂ ਡਿਊਟੀ ਤੋਂ ਪਰਤ ਕੇ ਪਤੀਦੇਵ ਤਾਂ ਆਰਾਮ ਫਰਮਾਉਣ ਲੱਗ ਜਾਂਦੇ ਹਨ, ਪਰ ਨਾਲ ਹੀ ਪਰਤੀ ਪਤਨੀ ਥੱਕੀ ਹੋਣ ਦੇ ਬਾਵਜੂਦ ਅਜਿਹਾ ਨਹੀਂ ਕਰ ਸਕਦੀ, ਕਿਉਂਕਿ ਘਰ, ਰਸੋਈ, ਬੱਚੇ ਤੇ ਅਨੇਕਾਂ ਹੋਰ ਕੰਮ ਔਰਤ ਦੇ ਹੀ ਜ਼ਿੰਮੇ ਹਨ। ਔਰਤ ਦੇ ਘਰੇਲੂ ਕੰਮਾਂ ਦੀ ਜੇਕਰ ਲਿਸਟ ਬਣਾਈ ਜਾਵੇ ਤਾਂ ਇਹ ਮੁੱਕਣ ਵਿਚ ਹੀ ਨਹੀਂ ਆਉਂਦੇ। ਮਕਾਨ ਬਣਾ ਦੇਣ ਨਾਲ ਹੀ ਕੋਈ ਇਮਾਰਤ ਘਰ ਨਹੀਂ ਬਣ ਜਾਂਦੀ, ਸਗੋਂ ਔਰਤ ਆਪਣੀਆਂ ਕਲਾਤਮਿਕ ਛੋਹਾਂ ਨਾਲ ਉਸ ਨੂੰ ਘਰ ਬਣਾਉਂਦੀ ਹੈ।

ਕਈ ਵਾਰ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਔਰਤ ਨੂੰ ਕੰਮ ਕਰਨੇ ਪੈਂਦੇ ਹਨ। ਬਹੁਤ ਘੱਟ ਮਰਦ ਹਨ, ਜਿਹੜੇ ਇਨ੍ਹਾਂ ਕੰਮਾਂ ਵਿਚ ਔਰਤਾਂ ਦੀ ਸਹਾਇਤਾ ਕਰਦੇ ਹਨ। ਸਦੀਆਂ ਤੋਂ ਸਾਡੀ ਮਾਨਸਿਕਤਾ ਵਿਚ ਇਹ ਗੱਲ ਪਈ ਹੋਈ ਹੈ ਕਿ ਅਜਿਹੇ ਕੰਮ ਕਰਨ ਦੀ ਜ਼ਿੰਮੇਵਾਰੀ ਕੇਵਲ ਤੇ ਕੇਵਲ ਔਰਤ ਦੀ ਹੀ ਹੈ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਸਾਰਾ ਦਿਨ ਇਨ੍ਹਾਂ ਕੰਮਾ ਵਿਚ ਰੁਝੀ ਰਹਿਣ ਵਾਲੀ ਔਰਤ ਦੇ ਇਨ੍ਹਾਂ ਕੰਮਾਂ ਨੂੰ ਸਮਾਜ ਕੰਮ ਹੀ ਨਹੀਂ ਸਮਝਦਾ, ਸਗੋਂ ਇਹ ਕਿਹਾ ਜਾਂਦਾ ਹੈ ਕਿ ਔਰਤਾਂ ਤਾਂ ਵਿਹਲੀਆਂ ਹੀ ਰਹਿੰਦੀਆਂ ਹਨ। ਜਿੱਥੇ ਪਤੀ-ਪਤਨੀ ਦਾ ਆਪਸੀ ਪਿਆਰ ਤੇ ਵਿਸ਼ਵਾਸ ਹੋਵੇ, ਉੱਥੇ ਔਰਤਾਂ ਵੱਧ ਕੰਮ ਕਰਕੇ ਵੀ ਖੁਸ਼ੀ ਮਹਿਸੂਸ ਕਰਦੀਆਂ ਹਨ।

ਪਿੰਡਾਂ ਵਿਚ ਛੋਟੀ ਕਿਸਾਨੀ ਨਾਲ ਜੁੜੇ ਪਰਵਾਰਾਂ ਦੀਆਂ ਔਰਤਾਂ ਹੀ ਬਹੁਤੇ ਕੰਮ ਕਰਦੀਆਂ ਹਨ। ਫਸਲ ਬੀਜਣ ਤੋਂ ਲੈ ਕੇ ਉਸ ਦੀ ਸਾਂਭ-ਸੰਭਾਲ ਤੇ ਤਿਆਰ ਫਸਲ ਦੀ ਕਟਾਈ-ਵਢਾਈ ਵਿਚ ਔਰਤ ਆਪਣਾ ਭਰਵਾਂ ਯੋਗਦਾਨ ਦਿੰਦੀ ਹੈ। ਪਸ਼ੂਆਂ ਦੇ ਪੱਠੇ-ਦੱਥੇ ਸਾਂਭ ਸੰਭਾਲ ਤੇ ਦੁੱਧ ਚੋਣ ਦੀ ਜ਼ਿੰਮੇਵਾਰੀ ਵੀ ਔਰਤ ਹੀ ਸੰਭਾਲਦੀ ਹੈ। ਖੇਤਾਂ ਵਿਚ ਕੰਮ ਕਰਦੇ ਘਰ ਦੇ ਜੀਆਂ ਤੇ ਕਾਮਿਆਂ ਲਈ ਰੋਟੀ-ਪਾਣੀ ਤੇ ਚਾਹ ਦੀ ਡਿਊਟੀ ਤਾਂ ਉਸ ਨੂੰ ਸੰਭਾਲਣੀ ਹੀ ਪੈਂਦੀ ਹੈ।

ਅਸਲ ਵਿਚ ਕੁਦਰਤ ਨੇ ਔਰਤ ਨੂੰ ਵਿਸ਼ਾਲ ਹਿਰਦੇ ਦੀ ਮਾਲਕ ਬਣਾਇਆ ਹੈ। ਸਾਰੇ ਕੰਮ ਕਰਨ ਦੇ ਬਾਵਜੂਦ ਉਹ ਕਦੇ ਜਤਲਾਉਂਦੀ ਨਹੀਂ ਕਿ ਉਹ ਕੰਮ ਕਰਦੀ ਹੈ। ਘਰ ਨੂੰ ਪੋਟਾ-ਪੋਟਾ ਕਰਕੇ ਸਿਰਜਦਿਆਂ ਉਸ ਦੇ ਮਨ ਨੂੰ ਅੰਤਰੀਵ ਖੁਸ਼ੀ ਮਿਲਦੀ ਹੈ। ਜੇਕਰ ਘਰ ਦੇ ਮੈਂਬਰ ਉਸ ਦੇ ਕੀਤੇ ਹੋਏ ਕੰਮਾਂ ਦੀ ਕਿਤੇ ਪ੍ਰਸੰਸਾ ਕਰ ਦੇਣ ਤਾਂ ਉਸ ਦੀ ਸਾਰੀ ਥਕਾਵਟ ਲਹਿ ਜਾਂਦੀ ਹੈ। ਔਰਤ ਪਰਵਾਰ ਦੀ ਥੰਮ੍ਹ ਹੁੰਦੀ ਹੈ। ਜੇ ਕੁਝ ਦਿਨਾਂ ਲਈ ਘਰ ਦੀ ਔਰਤ ਕਿਤੇ ਬਾਹਰ ਚਲੀ ਜਾਵੇ ਤਾਂ ਘਰ ਦੀ ਜੋ ਸਥਿਤੀ ਬਣਦੀ ਹੈ, ਉਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ, ਉਸ ਨੂੰ ਤਾਂ ਮਹਿਸੂਸ ਹੀ ਕੀਤਾ ਜਾ ਸਕਦਾ ਹੈ। ਔਰਤ ਦੀ ਗੈਰ-ਹਾਜ਼ਰੀ ਵਿਚ ਜੇ ਮਰਦਾਂ ਨੂੰ ਕੋਈ ਚੀਜ਼ ਲੱਭਣੀ ਪੈ ਜਾਵੇ ਤਾਂ ਸਾਰੇ ਘਰ ਵਿਚ ਖਲਾਰਾ ਪੈ ਜਾਂਦਾ ਹੈ, ਪਰ ਚੀਜ਼ ਫੇਰ ਨਹੀਂ ਲੱਭਦੀ।

ਸਮਾਂ ਬਹੁਤ ਬਦਲ ਗਿਆ ਹੈ। ਅਜੋਕੀ ਪੜ੍ਹੀ-ਲਿਖੀ ਔਰਤ ਨੇ ਆਪਣੀ ਮਿਹਨਤ, ਲਗਨ, ਯੋਗਤਾ ਨਾਲ ਇਹ ਸਿੱਧ ਕਰ ਦਿੱਤਾ ਹੈ ਕਿ ਉਹ ਮਰਦਾਂ ਤੋਂ ਕਿਤੇ ਅੱਗੇ ਹੈ। ਅੱਜ ਦੀ ਤਰੀਕ ਵਿਚ ਹੁਣ ਕੋਈ ਅਜਿਹਾ ਖੇਤਰ ਨਹੀਂ, ਜਿਸ ਵਿਚ ਔਰਤਾਂ ਨੇ ਆਪਣੀ ਕਾਬਲੀਅਤ ਦਾ ਸਬੂਤ ਨਾ ਦਿੱਤਾ ਹੋਵੇ। ਇਸ ਦੇ ਬਾਵਜੂਦ ਅਜੇ ਵੀ ਔਰਤ ਨੂੰ ਜ਼ਿੰਦਗੀ ਵਿਚ ਵਿਚਰਦਿਆਂ ਅਨੇਕਾਂ ਦੁਸ਼ਵਾਰੀਆਂ ਵਿਚੋਂ ਗੁਜ਼ਰਨਾ ਪੈ ਰਿਹਾ ਹੈ। ਹੁਣ ਤਾਂ ਸ਼ਾਇਦ ਹੀ ਕੋਈ ਅਜਿਹਾ ਖੇਤਰ ਹੋਵੇ, ਜਿੱਥੇ ਔਰਤ ਨੇ ਆਪਣੀ ਸਮਰਥਾ ਦਾ ਪ੍ਰਗਟਾਵਾ ਨਾ ਕੀਤਾ ਹੋਵੇ,ਪਰ ਘਰ ਦੀ ਸਿਰਜਣਾ ਦਾ ਤਾਂ ਔਰਤ ਦੀ ਹੋਂਦ ਤੋਂ ਬਿਨਾਂ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਜੇਕਰ ਘਰਾਂ ਨੂੰ ਹੋਰ ਸੁੰਦਰ ਤੇ ਖੁਸ਼ਗਵਾਰ ਬਣਾਉਣਾ ਚਾਹੁੰਦੇ ਹੋ ਤਾਂ ਘਰ ਦੀ ਸੁਆਣੀ ਦੇ ਕੰਮਾਂ ਨੂੰ ਮਾਨਤਾ ਵੀ ਮਿਲਣੀ ਚਾਹੀਦੀ ਹੈ ਤੇ ਉਸ ਨੂੰ ਬਣਦਾ ਆਦਰ-ਮਾਣ ਵੀ ਮਿਲਣਾ ਚਾਹੀਦਾ ਹੈ, ਜਿਸ ਦੀ ਉਹ ਪੂਰੀ ਤਰ੍ਹਾਂ ਹੱਕਦਾਰ ਹੈ।

# ਸੰਪਰਕ-98153-56086

# ਪਹਿਲਾਂ ਮਾਂ ਮਾਰੀ, ਹੁਣ ਪੀੜ੍ਹੀਆਂ ਮਾਰਨ ਤੁਰੇ!



ਗੁਰਪ੍ਰੀਤ

ਜਿਸ ਨੂੰ ਅਸੀਂ ਧਰਤੀ ਮਾਂ ਕਹਿੰਦੇ ਹਾਂ, ਅੱਜ ਉਸ ਦੇ ਹੀ ਦੁਸ਼ਮਣ ਬਣ ਗਏ ਹਾਂ। ਹਰ ਮਨੁੱਖ ਕਿਸੇ ਨਾ ਕਿਸੇ ਤਰੀਕੇ ਦੇ ਨਾਲ ਧਰਤੀ ਮਾਂ ਦਾ ਸੀਨਾ ਵਿੰਨ੍ਹ ਰਿਹਾ ਹੈ। ਕੋਈ ਧਰਤੀ ਹੇਠੋਂ ਰੇਤਾ ਕੱਢ ਕੇ ਧਰਤੀ ਨੂੰ ਖੋਖਲਾ ਕਰ ਰਿਹਾ ਹੈ, ਕੋਈ ਆਪਣੀ ਇਸ ਧਰਤੀ ਮਾਂ ਦਾ ਸੀਨਾ ਸਾੜ ਰਿਹਾ। ਕੋਈ ਧਰਤੀ ਨੂੰ ਜ਼ਹਿਰ ਦੇ ਰਿਹਾ ਅਤੇ ਕੋਈ ਧਰਤੀ ਨੂੰ ਜ਼ਹਿਰੀਲਾ ਜਲ ਪਿਆ ਰਿਹਾ। ਅੱਜ ਹਰ ਮਨੁੱਖ ਆਪਣੇ ਫ਼ਾਇਦੇ ਲਈ ਆਪਣੀ ਹੀ ਮਾਂ, ਜਿਸ ਨੂੰ ਧਰਤੀ ਆਖਦੇ ਹਾਂ, ਉਸ ਦਾ ਦੁਸ਼ਮਣ ਬਣਿਆ ਬੈਠਾ ਹੈ। ਭਾਵੇਂ ਕਿ ਬਹੁਤ ਸਾਰੇ ਲੋਕ ਕਿਸਾਨਾਂ ਨੂੰ ਹੀ ਕੋਸਦੇ ਹਨ ਕਿ ਉਹ ਹੀ ਧਰਤੀ ਨੂੰ ਖੋਖਲਾ ਕਰਦੇ ਹੋਏ ਕੀਟਨਾਸ਼ਕ ਦਵਾਈਆਂ ਛਿੜਕ ਕੇ ਧਰਤੀ ਨੂੰ ਜ਼ਹਿਰੀਲਾ ਬਣਾ ਰਹੇ ਨੇ, ਪਰ ਇਹ ਗੱਲ ਸਾਨੂੰ ਭੁੱਲਣੀ ਨਹੀਂ ਚਾਹੀਦੀ ਕਿ ਕਿਸਾਨ ਤਾਂ ਕੁੱਝ ਰਕਬੇ ਵਿੱਚ ਇਹ ਜ਼ਹਿਰੀਲੀ ਦਵਾਈ ਛਿੜਕ ਰਿਹਾ ਹੈ, ਜਦੋਂਕਿ ਫ਼ੈਕਟਰੀਆਂ, ਕਾਰਖ਼ਾਨਿਆਂ ਅਤੇ ਹੋਰ ਮਿੱਲਾਂ ਤਾਂ ਧਰਤੀ ਨੂੰ ਪੂਰੀ ਤਰ੍ਹਾਂ ਨਾਲ ਬਰਬਾਦ ਕਰ ਰਹੀਆਂ ਨੇ। ਇਸ ਵਿੱਚ ਕੋਈ ਝੂਠ ਨਹੀਂ ਕਿ ਕਿਸਾਨ ਇਸ ਦਾ ਦੋਸ਼ੀ ਨਹੀਂ, ਕਿਸਾਨ ਵੀ ਓਨਾ ਹੀ ਦੋਸ਼ੀ ਹੈ, ਜਿੰਨਾ ਦੂਜੇ ਦੋਸ਼ੀ ਨੇ।

ਕਿਸਾਨ ਤਾਂ ਸਿਰਫ਼ ਆਪਣੀ ਫ਼ਸਲ ਤੋਂ ਵੱਧ ਮੁਨਾਫ਼ਾ ਕਮਾਉਣ ਦੇ ਵਾਸਤੇ ਧਰਤੀ ਨੂੰ ਜ਼ਹਿਰੀਲਾ ਕਰ ਰਿਹਾ, ਉੱਥੇ ਹੀ ਦੂਜੇ ਪਾਸੇ ਇਹਨਾਂ ਕੀਟਨਾਸ਼ਕ ਦਵਾਈਆਂ ਨੂੰ ਬਣਾਉਣ ਵਾਲੀਆਂ ਕੰਪਨੀਆਂ ਧਰਤੀ ਦਾ ਸੀਨਾ ਸਾੜ ਰਹੀਆਂ ਨੇ ਅਤੇ ਲੋਕਾਈ ਦੀਆਂ ਦੁਸ਼ਮਣ ਬਣੀਆਂ ਹੋਈਆਂ ਨੇ। ਭਾਵੇਂ ਕਿ ਸਾਡੇ ਧਾਰਮਿਕ ਗ੍ਰੰਥਾਂ ਵਿੱਚ ਵੀ ਧਰਤੀ, ਪਾਣੀ, ਅਗਨ ਅਤੇ ਅਸਮਾਨ ਦੀ ਗੱਲ ਕੀਤੀ ਗਈ ਹੈ।

ਧਰਤੀ ਉੱਤੇ ਦਿਨੋਂ ਦਿਨ ਵਧ ਰਹੀਆਂ ਗੈਸਾਂ ਅਤੇ ਜ਼ਮੀਨੀ ਰਕਬਾ ਘਟਣ ਦੇ ਕਾਰਨ ਜਿੱਥੇ ਅਨਾਜ ਦੀ ਮੰਗ ਵਧ ਰਹੀ ਹੈ, ਉੱਥੇ ਹੀ ਦੂਜੇ ਪਾਸੇ ਧਰਤੀ ਜ਼ਹਿਰੀਲੀ ਹੋਣ ਦੇ ਕਾਰਨ ਬਿਮਾਰੀਆਂ ਵੀ ਵਧ ਰਹੀਆਂ ਨੇ। ਇਹ ਗੱਲ ਬਿਲਕੁਲ ਸੱਚ ਹੈ ਕਿ ਇਸ ਵੇਲੇ ਧਰਤੀ ਸ਼ੁੱਧ ਨਹੀਂ। ਧਰਤੀ ਦੇ ਸੀਨੇ ਵਿੱਚ ਰੋਜ਼ ਲਗਾਏ ਜਾ ਰਹੇ ਟੀਕਿਆਂ ਦੇ ਕਾਰਨ ਧਰਤੀ ਮਰਨ ਕੰਢੇ ਹੈ। ਜ਼ਹਿਰੀਲੀਆਂ ਗੈਸਾਂ, ਕੀਟਨਾਸ਼ਕ ਦਵਾਈਆਂ ਤੋਂ ਇਲਾਵਾ ਜ਼ਹਿਰੀਲੇ ਪਾਣੀ ਨੇ ਜਿੱਥੇ ਪੀੜ੍ਹੀਆਂ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ, ਉੱਥੇ ਦੂਜੇ ਪਾਸੇ ਇਸ ਵੇਲੇ ਧਰਤੀ 'ਤੇ ਮੌਜੂਦ ਲੋਕਾਂ ਦੀ ਉਮਰ ਨੂੰ ਵੀ ਤਾਲੇ ਲਗਾਉਣੇ ਸ਼ੁਰੂ ਕਰ ਦਿੱਤੇ ਹਨ। ਪਹਿਲਾਂ ਜਿੱਥੇ ਮਨੁੱਖ ਦੀ ਉਮਰ ਕੋਈ 90-100 ਸਾਲ ਦੇ ਕਰੀਬ ਹੁੰਦੀ ਸੀ, ਉਥੇ ਇਸ ਵੇਲੇ ਮਨੁੱਖ ਦੀ ਔਸਤਨ ਉਮਰ ਕਰੀਬ ਕਰੀਬ 45-50 ਤੋਂ 60 ਦੇ ਵਿਚਕਾਰ ਰਹਿ ਗਈ ਹੈ। ਜੇਕਰ ਨਵੀਂ ਪੀੜ੍ਹੀ ਦੀ ਉਮਰ ਵੱਲ ਝਾਤ ਮਾਰੀਏ ਤਾਂ ਉਨ੍ਹਾਂ ਦਾ ਖਾਣ-ਪਾਣ ਅਤੇ ਰਹਿਣ-ਸਹਿਣ ਦੇ ਕਾਰਨ ਉਨ੍ਹਾਂ ਦੀ ਉਮਰ ਇਸ ਤੋਂ ਵੀ ਘਟਦੀ ਨਜ਼ਰ ਆਉਂਦੀ ਹੈ।

ਪੰਜਾਬ ਦਾ ਬੁੱਢਾ ਨਾਲਾ ਅਤੇ ਹੋਰ ਦਰਿਆ ਇਸ ਵੇਲੇ ਚੀਕ-ਚੀਕ ਕੇ ਕਹਿ ਰਹੇ ਨੇ ਕਿ ਸਾਨੂੰ ਬਚਾ ਲਓ, ਪਰ ਸੱਤਾ ਧਿਰ ਅਤੇ ਵਿਰੋਧੀ ਧਿਰ ਇਸ 'ਤੇ ਸਿਰਫ਼ ਸਿਆਸਤ ਕਰ ਰਹੀ ਹੈ। ਖ਼ੈਰ, ਇਹ ਲੀਡਰਾਂ ਨੂੰ ਕੋਸਣ ਦਾ ਕੋਈ ਫ਼ਾਇਦਾ ਨਹੀਂ, ਕਿਉਂਕਿ ਇਹਨਾਂ ਨੇ ਕੁਝ ਕਰਨਾ ਤਾਂ ਹੈ ਨਹੀਂ। ਖੇਤੀਬਾੜੀ ਵਾਲੀ ਜ਼ਮੀਨ ਦਾ ਜ਼ਹਿਰੀਲਾ ਹੋਣਾ, ਜਿੱਥੇ ਬਹੁਤ ਖ਼ਤਰਨਾਕ ਹੈ, ਉੱਥੇ ਹੀ ਮਨੁੱਖ ਦੀ ਗ਼ਲਤੀ ਕਾਰਨ ਇਹ ਸਭ ਪੀੜ੍ਹੀਆਂ ਖ਼ਤਮ ਕਰਨ ਵਾਲਾ ਵੀ ਜਾਪ ਰਿਹੈ।

ਜਾਣਕਾਰੀ ਦੇ ਅਨੁਸਾਰ ਇੱਕ ਅਧਿਐਨ ਚੀਨੀ, ਅਮਰੀਕੀ ਅਤੇ ਬ੍ਰਿਟਿਸ਼ ਵਿਗਿਆਨੀਆਂ ਦੁਆਰਾ ਕੀਤਾ ਗਿਆ ਹੈ, ਜਿਸ ਦੇ ਨਤੀਜੇ ਅੰਤਰਰਾਸ਼ਟਰੀ ਜਰਨਲ ਸਾਇੰਸ ਵਿੱਚ ਪ੍ਰਕਾਸ਼ਤ ਹੋਏ ਹਨ। ਉਸ ਵਿੱਚ ਜਿਹੜੇ ਹੈਰਾਨੀਜਨਕ ਖ਼ੁਲਾਸੇ ਹੋਏ ਨੇ, ਉਸ ਨੂੰ ਪੜ੍ਹ-ਸੁਣ ਕੇ ਹਰ ਕੋਈ ਹੈਰਾਨ ਹੈ।

ਰਿਪੋਰਟ ਵਿੱਚ ਇਹ ਖ਼ੁਲਾਸਾ ਹੋਇਆ ਹੈ ਕਿ ਦੁਨੀਆਂ ਦੀ ਲਗਭਗ 16 ਫੀਸਦੀ ਖੇਤੀਬਾੜੀ ਜ਼ਮੀਨ ਜ਼ਹਿਰੀਲੀਆਂ ਭਾਰੀ ਧਾਤਾਂ ਕਾਰਨ ਗੰਦਲੀ, ਜ਼ਹਿਰੀਲੀ ਹੋ ਗਈ ਹੈ ਅਤੇ ਇਸ ਜ਼ਮੀਨ ਨੂੰ ਕੈਂਸਰ ਹੋ ਗਿਆ ਹੈ। ਇਸ ਕਾਰਨ ਦੁਨੀਆ ਦੇ ਕਰੀਬ 140 ਕਰੋੜ ਲੋਕਾਂ ਦੀ ਸਿਹਤ 'ਤੇ ਮਾੜਾ ਅਸਰ ਪੈ ਰਿਹਾ ਅਤੇ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ 140 ਕਰੋੜ ਲੋਕਾਂ ਦੀ ਸਿਹਤ ਇਸ ਵੇਲੇ ਖ਼ਤਰੇ ਵਿੱਚ ਹੈ ਅਤੇ ਕਿਸੇ ਸਮੇਂ ਵੀ ਤਬਾਹੀ ਵਾਲੀ ਖ਼ਬਰ ਸਾਹਮਣੇ ਆ ਸਕਦੀ ਹੈ। ਵੈਸੇ, ਇੱਕ ਪਾਸੇ ਜਿੱਥੇ ਅਸੀਂ ਨਿੱਤ ਨਵੇਂ ਵਾਇਰਸਾਂ ਨਾਲ ਲੜ ਰਹੇ ਹਾਂ, ਉੱਥੇ ਦੂਜੇ ਪਾਸੇ ਗਲੋਬਲ ਰਿਪੋਰਟਾਂ ਖੇਤੀਬਾੜੀ ਜ਼ਮੀਨ ਦੇ ਜ਼ਹਿਰੀਲੇ ਹੋਣ ਦਾ ਅਲਰਟ ਜਾਰੀ ਕਰ ਰਹੀਆਂ ਹਨ।

ਅਧਿਐਨ ਵਿੱਚ ਹੋਏ ਖ਼ੁਲਾਸੇ ਮੁਤਾਬਕ ਦੁਨੀਆਂ ਦੀ ਖੇਤੀਬਾੜੀ ਜ਼ਮੀਨ ਦਾ ਛੇਵਾਂ ਹਿੱਸਾ ਭਾਰੀ ਧਾਤਾਂ ਨਾਲ ਦੂਸ਼ਿਤ ਹੈ। ਇਸ ਦਾ ਮਤਲਬ ਹੈ ਕਿ ਲਗਭਗ 24.2 ਕਰੋੜ ਹੈਕਟੇਅਰ ਦਾ ਇੱਕ ਅਜਿਹਾ ਖੇਤਰ ਹੈ, ਜਿੱਥੇ ਮਿੱਟੀ ਵਿੱਚ ਜ਼ਹਿਰੀਲੀਆਂ ਧਾਤਾਂ ਦਾ ਪੱਧਰ ਸੁਰੱਖਿਅਤ ਸੀਮਾ ਤੋਂ ਬਹੁਤ ਜ਼ਿਆਦਾ ਹੈ। ਚਿੰਤਾ ਦੀ ਗੱਲ ਹੈ ਕਿ ਸਭ ਤੋਂ ਵੱਧ ਖ਼ਤਰੇ ਵਾਲੇ ਖੇਤਰਾਂ ਵਿੱਚ ਦੱਖਣੀ ਚੀਨ, ਉੱਤਰੀ ਅਤੇ ਮੱਧ ਭਾਰਤ ਅਤੇ ਮੱਧ ਪੂਰਬ ਦੇ ਕੁੱਝ ਹਿੱਸੇ ਸ਼ਾਮਲ ਹਨ, ਜਿੱਥੇ ਭਾਰੀ ਧਾਤਾਂ ਦਾ ਮਿੱਟੀ ਪੱਧਰ ਪਹਿਲਾਂ ਹੀ ਉੱਚਾ ਹੈ।

ਰਿਪੋਰਟਾਂ ਕਹਿੰਦੀਆਂ ਨੇ ਕਿ ਭਾਰੀ ਧਾਤਾਂ ਉਹ ਤੱਤ ਹਨ, ਜੋ ਕੁਦਰਤੀ ਜਾਂ ਮਨੁੱਖ ਦੁਆਰਾ ਬਣਾਏ ਸਰੋਤਾਂ ਤੋਂ ਉਤਪੰਨ ਹੁੰਦੇ ਹਨ। ਇਹਨਾਂ ਧਾਤਾਂ ਨੂੰ ਇਸ ਲਈ ਭਾਰੀ ਕਿਹਾ ਜਾਂਦਾ ਹੈ, ਕਿਉਂਕਿ ਇਹਨਾਂ ਧਾਤਾਂ ਦੀ ਘਣਤਾ ਪਰਮਾਣੂ ਪੱਧਰ ਤੇ ਬਹੁਤ ਜ਼ਿਆਦਾ ਹੁੰਦੀ ਹੈ। ਭਾਵ ਇਹ ਆਮ ਧਾਤਾਂ ਨਾਲੋਂ ਬਹੁਤ ਭਾਰੀ ਹਨ, ਜਿਸ ਦਾ ਆਮ ਮਨੁੱਖ 'ਤੇ ਗਹਿਰਾ ਅਸਰ ਪੈਂਦਾ ਹੈ। ਇਹ ਧਾਤਾਂ ਆਸਾਨੀ ਨਾਲ ਨਹੀਂ ਟੁੱਟਦੀਆਂ, ਇਸ ਲਈ ਦਹਾਕਿਆਂ ਤੱਕ ਮਿੱਟੀ ਵਿੱਚ ਰਹਿ ਜਾਂਦੀਆਂ ਨੇ ਅਤੇ ਇਸ ਦੇ ਕਾਰਨ ਜਿੱਥੇ ਫ਼ਸਲਾਂ ਨੂੰ ਆਪਣੇ ਅੰਦਰ ਸੋਖ ਲੈਂਦੀਆਂ ਨੇ, ਉੱਥੇ ਹੀ ਉਕਤ ਜ਼ਮੀਨ ਵਿਚੋਂ ਪੈਦਾ ਹੋਣ ਵਾਲੇ ਭੋਜਨ ਨੂੰ ਆਪਣੇ ਵਿੱਚ ਸ਼ਾਮਲ ਕਰ ਲੈਂਦੀਆਂ ਨੇ। ਇਸ ਦੇ ਕਾਰਨ ਜ਼ਮੀਨ ਵਿੱਚੋਂ ਪੈਦਾ ਹੋਣ ਵਾਲੀ ਫ਼ਸਲ ਬਿਲਕੁਲ ਜ਼ਹਿਰੀਲੀ ਹੋ ਜਾਂਦੀ ਹੈ ਅਤੇ ਇਹ ਸਰੀਰ ਨੂੰ ਵੀ ਪੂਰੀ ਤਰ੍ਹਾਂ ਖ਼ਤਮ ਕਰ ਦਿੰਦੀ ਹੈ।

ਵਿਗਿਆਨੀਆਂ ਨੇ ਦੁਨੀਆ ਭਰ ਤੋਂ ਇਕੱਠੇ ਕੀਤੇ ਗਏ ਲਗਭਗ 8 ਲੱਖ ਮਿੱਟੀ ਦੇ ਨਮੂਨਿਆਂ ਦਾ ਵਿਸ਼ਲੇਸ਼ਣ ਕੀਤਾ ਹੈ। ਇਸ ਦੇ ਨਾਲ ਹੀ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ ਉਨ੍ਹਾਂ ਉਨ੍ਹਾਂ ਖੇਤਰਾਂ ਦੀ ਪਛਾਣ ਕੀਤੀ ਹੈ, ਜਿੱਥੇ ਮਿੱਟੀ ਵਿੱਚ ਜ਼ਹਿਰ ਸਭ ਤੋਂ ਵੱਧ ਫੈਲਿਆ ਹੈ। ਅਧਿਐਨ ਵਿੱਚ ਵਿਗਿਆਨੀਆਂ ਨੇ ਸੱਤ ਜ਼ਹਿਰੀਲੀਆਂ ਧਾਤਾਂ ਆਰਸੈਨਿਕ, ਕੈਡਮੀਅਮ, ਕੋਬਾਲਟ, ਕ੍ਰੋਮੀਅਮ, ਤਾਂਬਾ, ਨਿੱਕਲ ਅਤੇ ਸ਼ੀਸ਼ੇ 'ਤੇ ਧਿਆਨ ਕੇਂਦਰਤ ਕੀਤਾ ਹੈ। ਖੋਜ ਤੋਂ ਪਤਾ ਲੱਗਾ ਹੈ ਕਿ ਜੇਕਰ ਇਨ੍ਹਾਂ ਭਾਰੀ ਧਾਤਾਂ ਦੀ ਮਾਤਰਾ ਨਿਰਧਾਰਤ ਸੀਮਾ ਤੋਂ ਵੱਧ ਜਾਂਦੀ ਹੈ, ਤਾਂ ਇਹ ਮਨੁੱਖਾਂ, ਜਾਨਵਰਾਂ ਅਤੇ ਪੌਦਿਆਂ ਲਈ ਗੰਭੀਰ ਖ਼ਤਰਾ ਪੈਦਾ ਕਰ ਸਕਦੀ ਹੈ। ਇਹ ਪੇਟ ਦੀਆਂ ਸਮੱਸਿਆਵਾਂ, ਗੁਰਦਿਆਂ ਦੀਆਂ ਬਿਮਾਰੀਆਂ ਅਤੇ ਕੈਂਸਰ ਦਾ ਕਾਰਨ ਬਣ ਸਕਦਾ ਹੈ।

ਵੈਸੇ, ਪਾਠਕਾਂ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਮਿੱਟੀ ਦੀ ਉੱਪਰਲੀ ਪਰਤ, ਜੋ ਸਾਡੇ ਜੀਵਨ ਦਾ ਆਧਾਰ ਹੈ, ਉਸ ਦੇ ਸਿਰਫ਼ ਕੁਝ ਸੈਂਟੀਮੀਟਰ ਨੂੰ ਬਣਨ ਵਿੱਚ ਇੱਕ ਹਜ਼ਾਰ ਸਾਲ ਤੋਂ ਵੱਧ ਸਮਾਂ ਲੱਗਦਾ ਹੈ। ਇਸ ਦੇ ਨਾਲ ਹੀ ਜਿਸ ਗਤੀ ਨਾਲ ਅਸੀਂ ਮਨੁੱਖ ਇਸ ਦਾ (ਧਰਤੀ) ਸ਼ੋਸ਼ਣ ਕਰ ਰਹੇ ਹਾਂ, ਉਸ ਦੇ ਕਾਰਨ ਹਰ ਪੰਜ ਸੈਕਿੰਡਾਂ ਵਿੱਚ ਧਰਤੀ 'ਤੇ ਇੱਕ ਫੁੱਟਬਾਲ ਪਿੱਚ ਦੇ ਬਰਾਬਰ ਜ਼ਮੀਨ ਤਬਾਹ ਹੋ ਰਹੀ ਹੈ।

ਵਿਸ਼ਵ ਪੱਧਰੀ ਇਸ ਸਮੱਸਿਆ ਦੇ ਨਾਲ ਨਾਲ ਜੇਕਰ ਅਸੀਂ ਪੰਜਾਬ ਦੀ ਗੱਲ ਕਰੀਏ ਤਾਂ, ਸੂਬੇ ਦੇ ਬਹੁ-ਗਿਣਤੀ ਹਿੱਸਿਆਂ ਵਿੱਚ ਇਸ ਵੇਲੇ ਧਰਤੀ ਬਿਲਕੁਲ ਖੋਖਲੀ ਹੋ ਚੁੱਕੀ ਹੈ ਅਤੇ ਧਰਤੀ ਨੂੰ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਚੰਬੜ ਚੁੱਕੀਆਂ ਨੇ।

ਪੰਜਾਬ ਦੀ ਫ਼ਿਕਰਮੰਦੀ ਕਰਨ ਵਾਲੇ ਲੋਕ ਭਾਵੇਂ ਕਿ ਚੋਣਵੇਂ ਹੀ ਰਹਿ ਗਏ ਨੇ, ਪਰ ਉਨ੍ਹਾਂ ਦੀ ਅੱਜ ਸੁਣ ਕੌਣ ਰਿਹਾ ਹੈ, ਹਰ ਕੋਈ ਉਨ੍ਹਾਂ ਨੂੰ ਸੁਣਾ ਕੇ ਜਾ ਰਿਹਾ ਹੈ। ਪੰਜਾਬ ਦੀ ਗੱਲ ਕਰਨ ਵਾਲਾ ਅੱਜ ਹਰ ਕਿਸੇ ਨੂੰ ਇਸ ਧਰਤੀ ਦਾ ਦੁਸ਼ਮਣ ਜਾਪ ਰਿਹੈ। ਜਿਹੜਾ ਵੀ ਇਸ ਧਰਤੀ ਮਾਂ ਨੂੰ ਬਚਾਉਣ ਦੀਆਂ ਗੱਲਾਂ ਕਰਦਾ ਹੈ, ਉਹਨੂੰ ਰਗੜ ਕੇ ਰੱਖ ਦਿੱਤਾ ਜਾਂਦਾ ਹੈ।

ਭਾਵੇਂ ਕਿ ਇਸ ਵੇਲੇ ਮਨੁੱਖ ਨੂੰ ਅਖੌਤੀ ਤਰੱਕੀ ਤੋਂ ਵਿਹਲ ਨਹੀਂ ਅਤੇ ਉਹ ਆਪਣੀ ਧਰਤੀ ਮਾਂ ਦਾ ਖਿਲਵਾੜ ਕਰਨ ਵਿੱਚ ਰੁਝਿਆ ਹੋਇਆ ਹੈ, ਪਰ ਇੱਕ ਦਿਨ ਐਸਾ ਆਵੇਗਾ ਕਿ ਮਨੁੱਖ ਇਸ ਧਰਤੀ 'ਤੇ ਰਹਿਣ ਨੂੰ ਵੀ ਤਰਸੇਗਾ। ਹੁਣ ਸੋਚਣਾ, ਵਿਚਾਰਨਾ ਸਾਨੂੰ ਸਭਨਾਂ ਨੂੰ ਹੀ ਪੈਣਾ ਹੈ ਕਿ ਅਸੀਂ ਕਰ ਕੀ ਰਹੇ ਹਾਂ ਅਤੇ ਆਪਣੀ ਮਾਂ ਦੇ ਹੀ ਦੁਸ਼ਮਣ ਬਣ ਕੇ ਆਪਣੇ ਹੱਥੀਂ ਆਪਣੀ ਮਾਂ ਦਾ ਗਲਾ ਘੁੱਟਣ ਲੱਗੇ ਹੋਏ ਹਾਂ।

# ਸੰਪਰਕ : 95698-20314

26-MAY-PAGE-5.qxd 5/25/2025 10:36 PM Page 1



# ਪਬਲਿਕ ਐਕਸ਼ਨ ਕਮੇਟੀ ਵੱਲੋਂ ਲੋਕਾਂ ਦੀ ਜਿੱਤ ਦਾ ਸ਼ਾਨਦਾਰ ਦਾਅਵਾ

■ ਪੰਜਾਬ ਪ੍ਰਦੂਸ਼ਣ ਬੋਰਡ ਨੇ ਬੁੱਢੇ ਦਰਿਆ ਕੰਢੇ ਲੱਗਣ ਜਾ ਰਹੀ ਕੁਚਰਾ ਪੇਪਰ ਮਿੱਲ ਬਾਰੇ ਸੈਂਟਰ ਨੂੰ ਭੇਜੀ ਰਿਪੋਰਟ ■ ਸਾਂਝੀ ਟੀਮ ਨੇ ਬੁੱਢੇ ਦਰਿਆ ਦਾ ਕੀਤਾ ਦੌਰਾ, ਸਰਕਾਰੀ ਬਿਰਤਾਂਤ ਦੀਆਂ ਉਡਾਈਆਂ ਧੱਜੀਆਂ



**ਲੁਧਿਆਣਾ/ਮੋਗਾ (ਰੈਕਟਰ ਕਥੂਰੀਆ/ਇਕਬਾਲ ਸਿੰਘ ਖਹਿਰਾ)**

ਬੀਤੇ 30 ਅਪ੍ਰੈਲ 2025 ਨੂੰ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਸ੍ਰੀ ਚਮਕੌਰ ਸਾਹਿਬ ਦੀ ਧਰਤੀ 'ਤੇ ਲਾਲ ਸ਼੍ਰੇਣੀ ਦੇ ਵੱਡੇ ਪੱਧਰ ਦੇ ਇੱਕ ਉਦਯੋਗ ਨੂੰ ਲਗਾਉਣ ਲਈ ਵਾਤਾਵਰਣ ਪ੍ਰਭਾਵ ਮੁਲਾਂਕਣ ਦੇ ਨਿਯਮਾਂ ਤਹਿਤ ਇੱਕ ਜਨਤਕ ਸੁਣਵਾਈ ਕੀਤੀ ਗਈ।ਪੰਜਾਬ ਵਿੱਚ ਪਿਛਲੇ 20 ਸਾਲਾਂ ਵਿੱਚ ਇਸ ਤਰ੍ਹਾਂ ਦੇ ਉਦਯੋਗਾਂ ਨੂੰ ਲਗਾਉਣ ਲਈ ਇਸੇ ਤਰ੍ਹਾਂ ਦੀਆਂ ਬਹੁਤ ਸਾਰੀਆਂ ਜਨਤਕ ਸੁਣਵਾਈਆਂ ਹੋਈਆਂ ਹਨ, ਪਰ ਇਹ ਸੁਣਵਾਈ ਇਤਿਹਾਸਕ ਹੋ ਨਿਬੜੀ।ਇਲਾਕੇ ਦੇ ਆਲੇ ਦੁਆਲੇ ਦੇ 60 ਪਿੰਡ ਇਹ ਨਹੀਂ ਚਾਹੁੰਦੇ ਸਨ ਕਿ ਇਸ ਤਰ੍ਹਾਂ ਦਾ ਪ੍ਰਦੂਸ਼ਣਕਾਰੀ ਉਦਯੋਗ ਉਨ੍ਹਾਂ ਦੇ ਵਿਰਸੇ, ਇਤਿਹਾਸ ਤੇ ਵਾਤਾਵਰਣ ਪੱਖ ਤੋਂ ਅਮੀਰ-ਜੰਗਲ ਬੇਲੇ, ਦਰਿਆ, ਨਹਿਰ ਤੇ ਕੁਦਰਤੀ ਜੀਵ ਜੰਤੂਆਂ ਵਾਲੇ ਰਮਣੀਕ ਇਲਾਕੇ ਵਿੱਚ ਕੋਈ ਇਹੋ ਜਿਹਾ ਪ੍ਰਦੂਸ਼ਣਕਾਰੀ ਉਦਯੋਗ ਲੱਗੇ।ਇਸ ਦੇ ਉਲਟ ਕਾਰਪੋਰੇਟ, ਵੱਡੇ ਸਿਆਸਤਦਾਨ, ਸਰਕਾਰ, ਪ੍ਰਸ਼ਾਸਨ ਤੇ ਪ੍ਰਦੂਸ਼ਣ ਬੋਰਡ ਦਾ ਗੱਠਜੋੜ ਇਸ ਨੂੰ ਲਗਾਉਣਾ ਚਾਹੁੰਦਾ ਸੀ ਤੇ ਜਨਤਕ ਸੁਣਵਾਈ ਦੇ ਇਸ ਕਨੂੰਨੀ ਅੜਿੱਕੇ ਨੂੰ ਕਿਸੇ ਵਿੰਗੇ ਟੇਢੇ ਢੰਗ ਨਾਲ ਪਾਰ ਕਰਨਾ ਚਾਹੁੰਦਾ ਸੀ।ਜਨਤਕ ਸੁਣਵਾਈ ਸ਼ੁਰੂ ਹੋਈ ਤੇ ਹਜ਼ਾਰ ਤੋਂ ਉੱਤੇ ਬਜ਼ੁਰਗ, ਬੀਬੀਆਂ, ਨੌਜਵਾਨ ਤੇ ਇਲਾਕਾ ਨਿਵਾਸੀ ਬਹੁਤ ਹੀ ਅਨੁਸ਼ਾਸਨ ਨਾਲ ਪਹੁੰਚੇ ਅਤੇ ਹਾਜ਼ਰੀ ਲਵਾ ਕੇ ਬੈਠ ਗਏ। ਏਡੀਸੀ ਸਾਹਿਬਾ ਨੇ ਸੁਣਵਾਈ ਸ਼ੁਰੂ ਕਰਵਾਈ ਤੇ ਮਿੱਲ ਦੇ ਅਫਸਰਾਂ ਵੱਲੋਂ ਮਿੱਲ ਬਾਰੇ ਕੁਝ ਗੱਲਾਂ ਰੱਖਣ ਤੋਂ ਬਾਅਦ ਸਵਾਲ ਜਵਾਬ ਦਾ ਸਿਲਸਿਲਾ ਸ਼ੁਰੂ ਹੋਇਆ। ਬਹੁਤ ਸਾਰੇ ਡੂੰਘੀ ਖੋਜ ਵਾਲੇ ਸਵਾਲਾਂ ਦੀ ਬੁਛਾੜ ਹੀ ਲੱਗ ਗਈ ਤੇ ਜਵਾਬ ਆਉਣੇ ਔਖੇ ਹੋ ਗਏ, ਚਾਰ ਕੁ ਘੰਟੇ ਚੱਲੀ ਇਸ ਸੁਣਵਾਈ ਤੋਂ ਬਾਅਦ ਵੋਟਾਂ ਹੋਈਆਂ। ਇੰਡਸਟਰੀ ਲਗਾਉਣ ਦੇ ਹੱਕ ਵਿੱਚ ਕੁਝ ਕੁ ਗਿਣਤੀ ਦੇ ਹੀ ਹੱਥ ਖੜੇ ਹੋਏ ਅਤੇ ਮਿੱਲ ਲਾਉਣ ਦੇ ਵਿਰੋਧ ਵਿੱਚ ਸਾਰਾ ਪੰਡਾਲ ਬੋਲੇ ਸੋ ਨਿਹਾਲ ਦੇ ਜੈਕਾਰੇ ਨਾਲ ਗੂੰਜ ਉੱਠਿਆ।ਹੁਣ ਉਸ ਸੁਣਵਾਈ ਦੀ ਕਾਰਵਾਈ ਰਿਪੋਰਟ ਪੰਜਾਬ ਪ੍ਰਦੂਸ਼ਣ ਬੋਰਡ ਨੇ ਬਣਾ ਕੇ ਕੇਂਦਰ ਦੀ ਵਾਤਾਵਰਣ ਮਨਿਸਟਰੀ ਨੂੰ ਭੇਜੀ ਹੈ ਤੇ ਜਨਤਕ ਵੀ ਕੀਤੀ ਹੈ।ਚੰਗੀ ਗੱਲ ਇਹ ਹੈ ਕਿ ਸਿਆਸੀ ਤੇ ਪੈਸੇ ਦੇ ਦਬਾਅ ਦੇ ਬਾਵਜੂਦ ਇਸ ਵਿੱਚ ਜਨਤਕ ਸੁਣਵਾਈ ਬਾਰੇ ਕਾਫੀ ਹੱਦ ਤੱਕ ਸਹੀ ਰਿਪੋਰਟਿੰਗ ਕੀਤੀ ਗਈ ਹੈ।ਇੱਕ ਹੋਰ ਕਾਨੂੰਨੀ ਪੇਚ ਕਾਰਕੁਨਾਂ ਵੱਲੋਂ ਪੇਸ਼ ਕੀਤਾ ਗਿਆ ਹੈ, ਜਿਸ ਨੇ ਇੰਡਸਟਰੀ ਨੂੰ ਘੇਰ ਲਿਆ ਹੈ, ਜੋ ਕਿ ਵਾਤਾਵਰਨ ਕਨੂੰਨ ਦਾ ਇੱਕ ਨੋਟੀਫਿਕੇਸ਼ਨ ਹੈ ਜੋ ਇਹ ਕਹਿੰਦਾ ਹੈ ਕਿ ਕੋਈ ਵੀ ਲਾਲ ਸ਼੍ਰੇਣੀ ਦਾ ਉਦਯੋਗ ਪਾਣੀ ਦੇ ਸੋਮੇ ਦੇ 500 ਮੀਟਰ ਦੇ ਅੰਦਰ ਅੰਦਰ ਨਹੀਂ ਲਾਇਆ ਜਾਵੇਗਾ। ਇਸ ਮਿੱਲ ਦੀ ਖਰੀਦੀ ਗਈ ਜ਼ਮੀਨ ਦੇ ਇੱਕ ਪਾਸੇ ਬੁੱਢਾ ਦਰਿਆ ਕੇਵਲ 10 ਮੀਟਰ ਤੇ ਦੂਜੇ ਪਾਸੇ ਨੀਲੋਂ ਨਹਿਰ 200 ਮੀਟਰ 'ਤੇ ਵਗਦੀ ਹੈ।ਜੇ ਇਸ ਤਰ੍ਹਾਂ ਦੀ ਲਾਲ ਸ਼੍ਰੇਣੀ ਦੀ ਮਿੱਲ, ਜਿਸ ਨੇ ਵੱਡੇ ਪੱਧਰ 'ਤੇ ਕਰੋੜਾਂ ਲੀਟਰ ਪਾਣੀ ਰੋਜ਼ ਵਰਤਣਾ ਤੇ ਗੰਦਾ ਕਰਕੇ ਛੱਡਣਾ ਹੋਵੇ, ਲੱਗਦੀ ਹੈ ਤਾਂ ਆਲੇ ਦੁਆਲੇ ਦੇ ਜਲ ਸਰੋਤਾਂ ਨੂੰ ਪ੍ਰਦੂਸ਼ਣ ਦਾ ਖਤਰਾ ਬਹੁਤ ਹੀ ਵੱਧ ਜਾਂਦਾ ਹੈ। ਨਹਿਰ ਆਉਣ ਵਾਲੇ ਦਿਨਾਂ ਵਿੱਚ ਲੁਧਿਆਣੇ ਸ਼ਹਿਰ ਨੂੰ ਪੀਣ ਵਾਲਾ ਪਾਣੀ ਪ੍ਰਦਾਨ ਕਰਨ ਲਈ ਵਰਤੀ ਜਾਣੀ ਹੈ ਅਤੇ ਬੁੱਢਾ ਦਰਿਆ ਤਾਂ ਪਹਿਲਾਂ ਹੀ ਦੱਖਣੀ ਪੰਜਾਬ ਤੇ ਰਾਜਸਥਾਨ ਨੂੰ ਕੈਂਸਰ ਵੰਡਣ ਲਈ ਦੁਨੀਆ ਭਰ ਵਿੱਚ ਨਾਮਣਾ ਖੱਟ ਚੁੱਕਿਆ ਹੈ।ਇਸ ਲਈ ਇਹ ਲੋਕ ਰੋਹ ਬਹੁਤ ਜਾਇਜ਼ ਵੀ ਸੀ ਤੇ ਪੰਜਾਬ ਲਈ ਬਹੁਤ ਲਾਭਦਾਇਕ ਵੀ ਸਿੱਧ ਹੋਇਆ ਹੈ।

ਪਬਲਿਕ ਐਕਸ਼ਨ ਕਮੇਟੀ ਮੱਤੇਵਾੜਾ ਤੇ ਸ੍ਰੀ ਚਮਕੌਰ ਸਾਹਿਬ ਮੋਰਚਾ ਦੀ ਸਾਂਝੀ ਟੀਮ ਨੇ ਲੁਧਿਆਣੇ ਦੇ ਬੁੱਢੇ ਦਰਿਆ ਦਾ ਜੀ ਟੀ ਰੋਡ ਨੇੜੇ ਵੀ ਦੌਰਾ ਕੀਤਾ ਤੇ ਕਾਲੇ ਪਾਣੀ ਦੀ ਬੋਤਲ ਭਰ ਕੇ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ।ਪੀ ਏ ਸੀ ਦੇ ਕਪਿਲ ਦੇਵ ਤੇ ਗੁਰਪ੍ਰੀਤ ਸਿੰਘ ਪਲਾਹਾ ਨੇ ਕਿਹਾ, 'ਕੋਕਾ ਕੋਲਾ' ਵਰਗਾ ਕਾਲਾ ਸ਼ਾਹ ਪਾਣੀ ਲੁਧਿਆਣੇ ਸ਼ਹਿਰ ਵਿੱਚੋਂ ਵਗ ਰਿਹਾ ਹੈ, ਪਰ ਪੰਜਾਬ ਸਰਕਾਰ ਦਾ ਪ੍ਰਚਾਰ ਤੰਤਰ ਕੁਝ ਵੱਖਰਾ ਹੀ ਬਿਰਤਾਂਤ ਘੜ ਰਿਹਾ ਹੈ ਤੇ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।ਪੰਜਾਬੀਆਂ ਨੂੰ ਬਹੁਤ ਹੀ ਚੁਕੰਨੇ ਤੇ ਸੁਚੇਤ ਰਹਿਣ ਦੀ ਲੋੜ ਹੈ।' ਪੀ ਏ ਸੀ ਦੇ ਜਸਕੀਰਤ ਸਿੰਘ ਨੇ ਕਿਹਾ ਕਿ ਸ੍ਰੀ ਚਮਕੌਰ ਸਾਹਿਬ ਮੋਰਚੇ ਦੇ ਸਾਥੀਆਂ ਨੇ ਜੋ ਇਤਿਹਾਸ ਰਚਿਆ ਹੈ, ਉਸ ਨਾਲ ਪੰਜਾਬ ਦੇ ਪੀਣ ਵਾਲੇ ਪਾਣੀ ਦੇ ਭਵਿੱਖ ਦਾ ਇੱਕ ਬਹੁਤ ਵੱਡੇ ਖਤਰੇ ਤੋਂ ਕੁਝ ਦੇਰ ਬਚਾਅ ਤਾਂ ਹੋਇਆ ਹੈ, ਪਰ ਹੁਣ ਇਹ ਜੰਗ ਕੇਂਦਰ ਦੀ ਵਾਤਾਵਰਣ ਮਨਿਸਟਰੀ ਵਿੱਚ ਪਹੁੰਚ ਗਈ ਹੈ ਅਤੇ ਸਾਰੇ ਪੰਜਾਬ ਦੇ ਲੋਕਾਂ ਨੂੰ ਉਸ ਪੱਧਰ 'ਤੇ ਵੀ ਆਪਣੇ ਵਿਚਾਰ ਭੇਜਣੇ ਅਤਿ ਜ਼ਰੂਰੀ ਹਨ ਤਾਂ ਕਿ ਮਿੱਲ ਨੂੰ ਕਿਸੇ ਗਲਤੀ ਨਾਲ ਵੀ ਇਹ ਇਨਵਾਇਰਮੈਂਟ ਕਲੀਅਰੈਂਸ ਨਾ ਮਿਲ ਜਾਵੇ।ਪਬਲਿਕ ਐਕਸ਼ਨ ਕਮੇਟੀ ਦੇ ਜਸਕੀਰਤ ਸਿੰਘ, ਗਗਨਦੀਪ ਸਿੰਘ ਰਠੌੜ, ਕੁਲਦੀਪ ਸਿੰਘ ਖਹਿਰਾ, ਕਪਿਲ ਦੇਵ, ਡਾਕਟਰ ਅਮਨਦੀਪ ਬੈਂਸ, ਕਰਨਲ ਜਸਜੀਤ ਗਿੱਲ ਤੇ ਗੁਰਪ੍ਰੀਤ ਪਲਾਹਾ ਅਤੇ ਸ੍ਰੀ ਚਮਕੌਰ ਸਾਹਿਬ ਮੋਰਚਾ ਦੇ ਸਤਨਾਮ ਸਿੰਘ, ਜੁਝਾਰ ਸਿੰਘ ਤੇ ਕਰਨ ਕੰਡੋਲਾ ਨੇ ਸਾਰੇ ਪੰਜਾਬ ਦਾ ਇਸ ਮੁਹਿੰਮ ਵਿੱਚ ਸਾਥ ਦੇਣ ਲਈ ਧੰਨਵਾਦ ਕੀਤਾ ਅਤੇ ਜੰਗ ਦੇ ਅਗਲੇ ਪੜਾਅ ਵਿੱਚ ਸਾਥ ਦੀ ਅਪੀਲ ਕੀਤੀ।

## ਜ਼ਮੀਨਾਂ 'ਤੇ ਕਬਜ਼ੇ ਕਰਨ ਲਈ ਸਾਡੀਆਂ ਲਾਸ਼ਾਂ 'ਤੋਂ ਦੀ ਲੰਘਣਾ ਪਊ : ਉਗਰਾਹਾਂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਪਟਿਆਲਾ, ਬਲਾਕ ਪਟਿਆਲਾ-1 ਦੇ ਪਿੰਡ ਬਠੋਣੀ ਕਲਾਂ ਵਿਖੇ ਪਿਛਲੀ 13 ਮਈ ਤੋਂ ਲੱਗੇ ਮੋਰਚੇ ਵਿੱਚ ਅੱਜ ਇਥੇ ਕੋਰਟ ਵੱਲੋਂ ਸਟੇਅ ਮਿਲਣ ਤੋਂ ਬਾਦ ਜਿੱਤ ਦਾ ਇਕੱਠ ਕਰਕੇ ਮੋਰਚੇ ਦੀ ਸਮਾਪਤੀ ਕੀਤੀ ਗਈ ਅਤੇ ਪਿੰਡ ਦੀ ਡਿਊਟੀ ਲਗਾਈ ਗਈ ਜੇਕਰ ਅੱਗੇ ਤੋਂ ਪ੍ਰਸ਼ਾਸਨ ਫੇਰ ਚੜ੍ਹ ਕੇ ਆਉਂਦਾ ਹੈ ਤਾਂ ਤਕੜੇ ਹੋ ਕੇ ਵਿਰੋਧ ਕੀਤਾ ਜਾਵੇਗਾ।ਇਸ ਮੌਕੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਪਹੁੰਚੇ ਤੇ ਉਨ੍ਹਾਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਕਿਸੇ ਕੀਮਤ 'ਤੇ ਜ਼ਮੀਨਾਂ ਦਾ ਕਬਜ਼ਾ ਨਹੀਂ ਹੋਣ ਦਿਆਂਗੇ, ਸਰਕਾਰ ਨੂੰ ਕਬਜ਼ਾ ਲੈਣ ਲਈ ਸਾਡੀਆਂ ਲਾਸ਼ਾਂ ਉੱਪਰ ਦੀ ਹੋ ਕੇ ਜਾਣਾ ਪਵੇਗਾ।ਉਨ੍ਹਾਂ ਦੱਸਿਆ ਕਿ ਸਰਕਾਰ ਡਬਲਯੂ ਟੀ ਓ ਦੀਆਂ ਨੀਤੀਆਂ 'ਤੇ ਚਲਦੇ ਹੋਏ ਲੈਂਡ ਬੈਂਕ ਬਣਾਉਣ ਨੂੰ ਫਿਰਦੀ ਹੈ, ਜਿਸ ਤਹਿਤ ਕਦੇ ਚਾਹੇ ਜਿਸ ਮਰਜ਼ੀ ਕਾਰਪੋਰੇਟ ਨੂੰ ਜ਼ਮੀਨ ਦੇ ਸਕੇ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਇਹ ਸਰਕਾਰ ਪੰਜਾਬ ਦੇ ਹੋਰ ਪਿੰਡਾਂ ਵਿੱਚ ਵੀ ਕਬਜ਼ੇ ਕਰਨ ਦੀ ਤਿਆਰੀ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਜ਼ਿੰਦਗੀਆਂ ਦਾਅ 'ਤੇ ਲਾ ਕੇ ਇਸ ਲੜਾਈ ਵਿੱਚ ਕੁੱਦ ਰਹੇ ਹਨ ਉੱਤਰ ਚੁੱਕੇ ਹਨ ਤੇ ਕਿਸੇ ਵੀ ਕੀਮਤ 'ਤੇ ਜ਼ਮੀਨਾਂ 'ਤੇ ਸਰਕਾਰ ਦਾ ਕਬਜ਼ਾ ਨਹੀਂ ਹੋਣ ਦਿਆਂਗੇ।ਇਸ ਸਮੇਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਬਰਾਸ, ਜ਼ਿਲ੍ਹਾ ਸਕੱਤਰ ਸੁਖਮਿੰਦਰ ਸਿੰਘ ਬਾਰਨ, ਜ਼ਿਲ੍ਹਾ ਸੰਗਠਨ ਸਕੱਤਰ ਬਲਰਾਜ ਜੋਸ਼ੀ, ਬਲਾਕ ਆਗੂ ਅਮਰੀਕ ਸਿੰਘ ਘੱਗਾ, ਜਸਵਿੰਦਰ ਸਿੰਘ ਸਾਲੂਵਾਲ, ਦਵਿੰਦਰ ਸਿੰਘ ਸੀਲ, ਹਰਜਿੰਦਰ ਸਿੰਘ ਗੱਜੂ ਮਾਜਰਾ, ਹਰਮਨਦੀਪ ਸਿੰਘ ਨੰਦਪੁਰ ਕੇਸ਼ੋ, ਹਰਦੀਪ ਸਿੰਘ ਡਰੋਲੀ, ਜਸਵਿੰਦਰ ਸਿੰਘ ਬਿਸ਼ਨਪੁਰਾ, ਮਨਦੀਪ ਕੌਰ ਬਾਰਨ, ਮੈਡਮ ਸਨੇਹਦੀਪ ਕੌਰ ਤੇ ਭਵਾਨੀਗੜ੍ਹ ਬਲਾਕ ਤੋਂ ਮਨਜੀਤ ਸਿੰਘ, ਘਰਾਚੋਂ ਇਕਾਈ ਪ੍ਰਧਾਨ ਬਲਜੀਤ ਸਿੰਘ ਬਠੋਈ ਤੇ ਪੈਪਸੀਕੋ ਦੇ ਜਰਨਲ ਸਕੱਤਰ ਹਰਿੰਦਰ ਸਿੰਘ ਬੰਟੀ ਨੇ ਸੰਬੋਧਨ ਕੀਤਾ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ, ਮਜ਼ਦੂਰ ਤੇ ਬੀਬੀਆਂ ਸ਼ਾਮਲ ਹੋਏ।

## ਨਹਿਰ 'ਚ ਡੁੱਬਣ ਕਾਰਨ ਹੋਈ ਲੜਕੇ ਦੀ ਮੌਤ ਦੇ ਮਾਮਲੇ 'ਚ ਇੱਕ ਗ੍ਰਿਫ਼ਤਾਰ



ਗ੍ਰਿਫਤਾਰ ਕੀਤਾ ਗਿਆ ਨੌਜਵਾਨ ਪੁਲਸ ਪਾਰਟੀ ਨਾਲ ਨਜ਼ਰ ਆਉਂਦਾ ਹੋਇਆ (ਇਨਸੈੱਟ) ਮਨਜੋਤ ਗਿਰ ਦੀ ਫਾਈਲ ਤਸਵੀਰ।

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਬਧੌਛੀ ਕਲਾਂ ਦੇ ਇੱਕ 17 ਸਾਲਾ ਲੜਕੇ ਮਨਜੋਤ ਦੀ ਲਾਸ਼ ਨਹਿਰ 'ਚੋਂ ਮਿਲਣ ਉਪਰੰਤ ਸਰਹਿੰਦ ਪੁਲਸ ਵੱਲੋਂ ਇਸ ਮਾਮਲੇ 'ਚ ਉਸ ਦੇ ਇੱਕ ਦੋਸਤ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਦੇ ਪਿਤਾ ਜਗਜੀਤ ਗਿਰ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ 18 ਮਈ ਨੂੰ ਉਸ ਦੇ ਲੜਕੇ ਮਨਜੋਤ ਗਿਰ ਦੇ ਸਾਥੀ ਲੜਕੇ ਸਾਨੀਪੁਰ ਨੇੜਿਓਂ ਲੰਘਦੀ ਨਹਿਰ 'ਚ ਨਹਾਉਣ ਗਏ ਸਨ, ਜੋ ਕਿ ਮਨਜੋਤ ਗਿਰ ਨੂੰ ਵੀ ਨਾਲ ਲੈ ਗਏ, ਜਿਨ੍ਹਾਂ ਨੂੰ ਮਨਜੋਤ ਨੇ ਕਿਹਾ ਕਿ ਉਸ ਨੂੰ ਪਾਣੀ 'ਚ ਤੈਰਨਾ ਨਹੀਂ ਆਉਂਦਾ, ਜਿਸ 'ਤੇ ਉਸ ਦੇ ਸਾਥੀਆਂ 'ਚੋਂ ਵਿਕਾਸ ਵਾਸੀ ਪਿੰਡ ਜੱਲ੍ਹਾ, ਜਿਸ ਨਾਲ ਮਨਜੋਤ ਦਾ ਲੜਾਈ ਝਗੜਾ ਵੀ ਹੋਇਆ ਸੀ, ਨੇ ਕਿਹਾ ਕਿ ਤੂੰ ਨਹਿਰ 'ਚ ਛਾਲ ਮਾਰ ਦੇ, ਮੈਂ ਤੈਨੂੰ ਬਚਾ ਲਵਾਂਗਾ।ਮਨਜੋਤ ਗਿਰ ਦੇ ਮਨ੍ਹਾਂ ਕਰਨ ਦੇ ਬਾਵਜੂਦ ਵਿਕਾਸ ਨੇ ਮਨਜੋਤ ਗਿਰ ਨੂੰ ਨਹਿਰ 'ਚ ਧੱਕਾ ਦੇ ਦਿੱਤਾ, ਜਿਸ ਦੇ ਪਿੱਛੇ ਛਲਾਂਗ ਲਗਾ ਕੇ ਉਸ ਨੂੰ ਡੁੱਬਣੋਂ ਬਚਾਉਣ ਦੀ ਕੋਸ਼ਿਸ਼ ਵੀ ਕੀਤੀ ਗਈ, ਪਰ ਪਾਣੀ ਦੇ ਤੇਜ਼ ਵਹਾਅ 'ਚ ਰੁੜ੍ਹ ਕੇ ਮਨਜੋਤ ਲਾਪਤਾ ਹੋ ਗਿਆ।ਇਸ ਮਗਰੋਂ ਵਿਕਾਸ ਮੌਕੇ ਤੋਂ ਫਰਾਰ ਹੋ ਗਿਆ।ਮਨਜੋਤ ਗਿਰ ਦੀ ਭਾਲ ਕਰ ਰਹੇ ਗੋਤਾਖੋਰਾਂ ਨੂੰ ਮਨਜੋਤ ਗਿਰ ਦੀ ਲਾਸ਼ ਰਿਊਣਾ ਸੈਫਨ 'ਚੋਂ ਮਿਲੀ ਹੈ।

■ਮ੍ਰਿਤਕ ਦੇ ਪਿਤਾ ਦੇ ਬਿਆਨਾਂ 'ਤੇ ਥਾਣਾ ਸਰਹਿੰਦ ਵਿਖੇ ਅ/ਧ 105 ਬੀ.ਐੱਨ.ਐੱਸ. ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਵਿਕਾਸ ਪਾਸਵਾਨ ਮੂਲ ਵਾਸੀ ਪੂਨੌਜੀਆ (ਬਿਹਾਰ) ਹਾਲ ਵਾਸੀ ਪਿੰਡ ਜੱਲ੍ਹਾ ਨੂੰ ਗ੍ਰਿਫਤਾਰ ਕਰਕੇ ਸਹਾਇਕ ਥਾਣੇਦਾਰ ਸੰਜੀਵ ਕੁਮਾਰ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਸਰਕਾਰੀ ਹਾਈ ਸਕੂਲ ਗੁਰਨੇ ਕਲਾਂ ਵਿਖੇ ਨਸ਼ਿਆਂ ਖਿਲਾਫ ਚੇਤਨਾ ਸਮਾਰੋਹ



**ਬੁਢਲਾਡਾ (ਅਸ਼ੋਕ ਲਾਕੜਾ)**-ਨਸ਼ਿਆਂ ਦੇ ਖਾਤਮੇ ਲਈ ਵਿਦਿਆਰਥੀਆਂ ਵਿੱਚ ਚੇਤਨਾ ਪੈਦਾ ਕਰਨਾ ਸਮੇਂ ਦੀ ਮੁੱਖ ਲੋੜ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਹਲਕਾ ਬੁਢਲਾਡਾ ਪ੍ਰਿੰਸੀਪਲ ਸ੍ਰੀ ਬੁੱਧ ਰਾਮ ਨੇ ਸਰਕਾਰੀ ਹਾਈ ਸਕੂਲ ਗੁਰਨੇ ਕਲਾਂ ਵਿਖੇ ਨਸ਼ਿਆਂ ਖਿਲਾਫ ਚੇਤਨਾ ਪੈਦਾ ਕਰਨ ਲਈ ਕਰਵਾਏ ਪੇਂਟਿੰਗ, ਗੀਤ ਤੇ ਕਵਿਤਾ ਮੁਕਾਬਲਿਆਂ 'ਚ ਸ਼ਿਰਕਤ ਕਰਨ ਮੌਕੇ ਕੀਤਾ।ਵਿਧਾਇਕ ਨੇ ਕਿਹਾ ਕਿ ਨਸ਼ੇ ਸਮਾਜ ਨੂੰ ਘੁਣ ਵਾਂਗ ਖਾ ਜਾਂਦੇ ਹਨ।ਨਸ਼ੇ ਨੇ ਬਿਨਾਂ ਜਾਤ, ਧਰਮ, ਮਜ਼੍ਹਬ, ਅਮੀਰ-ਗਰੀਬ ਦੇਖੇ ਸਮਾਜ ਦਾ ਨੁਕਸਾਨ ਹੀ ਕਰਨਾ ਹੁੰਦਾ ਹੈ।ਪੰਜਾਬ ਸਰਕਾਰ ਵੱਲੋਂ ਛੇੜੇ ਯੁੱਧ ਨਸ਼ਿਆਂ ਵਿਰੁੱਧ ਵਿੱਚ ਵਿਦਿਆਰਥੀਆਂ ਦੀ ਚੇਤਨਾ ਨੇ ਬਹੁਤ ਵੱਡਾ ਰੋਲ ਅਦਾ ਕਰਨਾ ਹੈ।

ਸਕੂਲ ਮੁਖੀ ਮਨਦੀਪ ਕੁਮਾਰ ਦੀ ਅਗਵਾਈ ਵਿੱਚ ਨਸ਼ਿਆਂ ਦੇ ਖਾਤਮੇ ਪ੍ਰਤੀ ਚੇਤਨਾ ਪੈਦਾ ਕਰਨ ਲਈ ਇਨ੍ਹਾਂ ਮੁਕਾਬਲਿਆਂ ਦੇ ਨੋਡਲ ਅੰਗਰੇਜ਼ੀ ਮਾਸਟਰ ਪਰਮਜੀਤ ਸਿੰਘ ਨੇ ਪੇਂਟਿੰਗ, ਗੀਤ ਤੇ ਕਵਿਤਾ ਮੁਕਾਬਲਿਆਂ ਦਾ ਆਯੋਜਨ ਕਰਵਾਇਆ।ਪੇਂਟਿੰਗ ਮੁਕਾਬਲੇ ਦੇ ਮਿਡਲ ਵਰਗ ਵਿੱਚ ਪਰਮੀਤ ਕੌਰ ਤੇ ਖੁਸ਼ਪ੍ਰੀਤ ਕੌਰ ਅੱਠਵੀਂ ਨੇ ਪਹਿਲਾ, ਈਸ਼ਵਰ ਰਾਮ ਛੇਵੀਂ ਨੇ ਦੂਜਾ ਤੇ ਹਸਨਦੀਪ ਕੌਰ ਸੱਤਵੀਂ ਨੇ ਤੀਸਰਾ ਸਥਾਨ ਹਾਸਲ ਕੀਤਾ।ਹਾਈ ਵਰਗ ਵਿੱਚ ਅਨਮੋਲ ਕੌਰ ਨੌਵੀਂ ਨੇ ਪਹਿਲਾ, ਨਵਜੋਤ ਸਿੰਘ ਨੌਵੀਂ ਨੇ ਦੂਜਾ ਅਤੇ ਗੀਤੂ ਸ਼ਰਮਾ ਤੇ ਵੀਰਾ ਕੌਰ ਦਸਵੀਂ ਨੇ ਤੀਸਰਾ ਸਥਾਨ ਹਾਸਲ ਕੀਤਾ।ਗੀਤ ਤੇ ਕਵਿਤਾ ਮੁਕਾਬਲੇ ਵਿੱਚ ਅਰਸ਼ਦੀਪ ਸਿੰਘ ਛੇਵੀਂ ਨੇ ਪਹਿਲਾ ਤੇ ਗੀਤੂ ਸ਼ਰਮਾ ਦਸਵੀਂ ਨੇ ਦੂਸਰਾ ਸਥਾਨ ਹਾਸਲ ਕੀਤਾ।ਇਸ ਦੌਰਾਨ ਵੱਖ ਵੱਖ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਇਨਾਮ ਵੰਡੇ।ਇਸ ਮੌਕੇ ਗੁਰਦੀਪ ਸਿੰਘ ਬੱਬਾ, ਪੰਚ ਬੂਟਾ ਸਿੰਘ, ਕਮੇਟੀ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਤੋਂ ਇਲਾਵਾ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਹਵਾਲਾਤ ਦੀ ਛੱਤ ਤੋੜ ਕੇ ਥਾਣੇ 'ਚੋਂ ਦੋ ਮੁਲਜ਼ਮ ਫਰਾਰ

**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼ਨੀਵਾਰ ਰਾਤ ਨੂੰ ਮੋਗਾ ਦੇ ਕੋਟ ਈਸੇ ਖਾਂ ਪੁਲਸ ਸਟੇਸ਼ਨ ਤੋਂ ਐੱਨ.ਡੀ.ਪੀ.ਐੱਸ. ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਦੋ ਮੁਲਜ਼ਮ ਬਲਜੀਤ ਸਿੰਘ ਤੇ ਕੁਲਦੀਪ ਸਿੰਘ ਹਵਾਲਾਤ ਦੀ ਛੱਤ ਤੋੜ ਕੇ ਫਰਾਰ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ. ਡੀ ਸੁਖਅੰਮ੍ਰਿਤ ਸਿੰਘ ਰੰਧਾਵਾ ਨੇ ਦੱਸਿਆ ਕਿ ਕੋਟ ਈਸੇ ਖਾਂ ਪੁਲਸ ਨੇ 23 ਮਈ ਨੂੰ ਗਸ਼ਤ ਦੌਰਾਨ ਦੋਵਾਂ ਮੁਲਜ਼ਮਾਂ ਨੂੰ 80 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ ਕੀਤਾ ਸੀ ਅਤੇ ਉਨ੍ਹਾਂ ਖ਼ਿਲਾਫ਼ ਕੋਟ ਈਸੇ ਖਾਂ ਪੁਲਸ ਸਟੇਸ਼ਨ ਵਿਖੇ ਐੱਨ.ਡੀ.ਪੀ.ਐੱਸ. ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਪੁਲਸ ਨੇ ਦੋਵਾਂ ਮੁਲਜ਼ਮਾਂ ਨੂੰ ਸ਼ਨੀਵਾਰ ਨੂੰ ਮੋਗਾ ਅਦਾਲਤ ਵਿੱਚ ਪੇਸ਼ ਕੀਤਾ ਅਤੇ ਦੋ ਦਿਨਾਂ ਦੇ ਪੁਲਸ ਰਿਮਾਂਡ 'ਤੇ ਲਿਆ, ਪਰ ਦੇਰ ਰਾਤ ਉਹ ਥਾਣੇ ਦੇ ਹਵਾਲਾਤ ਦੀ ਛੱਤ ਤੋੜ ਕੇ ਉੱਥੋਂ ਫਰਾਰ ਹੋ ਗਏ। ਪੁਲਸ ਵੱਲੋਂ ਦੋਹਾਂ ਨੂੰ ਕਾਬੂ ਕਰਨ ਲਈ ਟੀਮਾਂ ਗਠਿਤ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਦੋਹਾਂ ਦੇ ਪਰਵਾਰਾਂ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ।




## ਗਊ ਸੁਰੱਖਿਆ ਸੇਵਾ ਦਲ ਪੰਜਾਬ ਦੀ ਅਹਿਮ ਮੀਟਿੰਗ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਗਊ ਸੁਰੱਖਿਆ ਸੇਵਾ ਦਲ ਪੰਜਾਬ ਦੀ ਅਹਿਮ ਮੀਟਿੰਗ ਸਥਾਨਕ ਬ੍ਰਾਹਮਣ ਸਭਾ ਵਿਖੇ ਦਲ ਦੇ ਸੂਬਾ ਜਨਰਲ ਸਕੱਤਰ ਗੌਰਵ ਆਰੋੜਾ ਦੀ ਅਗਵਾਈ ਵਿੱਚ ਕੀਤੀ ਗਈ, ਜਿਸ ਵਿੱਚ ਸੂਬੇ ਦੇ ਵੱਖ ਵੱਖ ਸ਼ਹਿਰਾਂ ਤੋਂ ਸੇਵਾ ਦਲ ਦੇ ਅਹੁਦੇਦਾਰਾਂ ਨੇ ਭਾਗ ਲਿਆ।ਇਸ ਮੌਕੇ ਸੇਵਾ ਦਲ ਦੇ ਸੂਬਾ ਪ੍ਰਧਾਨ ਸੰਦੀਪ ਵਰਮਾ ਨੇ ਪਿਛਲੇ ਦਿਨੀਂ ਗਊ ਤਸਕਰ ਤੋਂ ਪ੍ਰਾਪਤ ਹੋਈ ਲਾਲ ਡਾਇਰੀ ਬਾਰੇ ਸਾਰੇ ਮੈਂਬਰਾਂ ਤੇ ਅਹੁਦੇਦਾਰਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਲਾਲ ਡਾਇਰੀ ਵਿੱਚ ਕਰੀਬ 2500 ਗਊ ਤਸਕਰਾਂ ਦੇ ਮੋਬਾਇਲ ਨੰਬਰ ਦਰਜ ਹਨ, ਜਿਨ੍ਹਾਂ ਵਿੱਚ ਸਰਕਾਰੀ ਪੁਲਸ ਕਮਰਚਾਰੀਆਂ ਸਮੇਤ ਕਈ ਰਾਜਨੀਤਕ ਵਿਅਕਤੀਆਂ ਦੇ ਮੋਬਾਇਲ ਨੰਬਰ ਗਊ ਤਸਕਰ ਵੱਲੋਂ ਦਰਜ ਕੀਤੇ ਹੋਏ ਹਨ।ਉਨ੍ਹਾਂ ਕਿਹਾ ਕਿ ਗਊ ਤਸਕਰ ਲਾਲ ਡਾਇਰੀ ਵਿੱਚ ਲਿਖੇ ਮੋਬਾਇਲ ਨੰਬਰ ਵਾਲਿਆਂ ਦਾ ਕੀ ਸਬੰਧ ਹੈ, ਇਸ ਦੀ ਜਾਂਚ ਹੋਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਦਲ ਦੇ ਸਮੂਹ ਅਹੁਦੇਦਾਰਾਂ ਨੇ ਸਰਵਸੰਮਤੀ ਨਾਲ ਫੈਸਲਾ ਕੀਤਾ ਹੈ ਕਿ ਉਹ ਇਹ ਡਾਇਰੀ ਡੀ ਜੀ ਪੀ ਪੰਜਾਬ ਜਾਂ ਮੁੱਖ ਮੰਤਰੀ ਪੰਜਾਬ ਨੂੰ ਮਿਲ ਕੇ ਉਨ੍ਹਾਂ ਦੇ ਹਵਾਲੇ ਕਰਨਗੇ ਤਾਂ ਜੋ ਮਾਮਲੇ ਦੀ ਗਹਿਰਾਈ ਨਾਲ ਜਾਂਚ ਕਰਵਾਈ ਜਾ ਸਕੇ।ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੀ ਤਾਰੀਫ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਹੀ ਗਊ ਤਸਕਰਾਂ ਖਿਲਾਫ ਵੀ ਮੁਹਿੰਮ ਚਲਾ ਕੇ ਉਨ੍ਹਾਂ ਦੀਆਂ ਪ੍ਰੌਪਰਟੀਆਂ ਸੀਲ ਕੀਤੀਆਂ ਜਾਣ। ਇਸ ਮੌਕੇ ਸੁਰੱਖਿਆ ਸੇਵਾ ਦਲ ਮਾਨਸਾ ਦੇ ਚੇਅਰਮੈਨ ਸੰਦੀਪ ਸਿੰਘ ਗਿੱਲ, ਵਾਇਸ ਚੇਅਰਮੈਨ ਪ੍ਰਵੀਨ ਮਦਾਨ ਤੋਂ ਇਲਾਵਾ ਐਡਵੋਕੇਟ ਅਕਾਸ਼ ਕੌਸ਼ਲ, ਦੇਮਾ ਪ੍ਰਕਾਸ਼, ਵੰਮ ਸ਼ਰਮਾ, ਅਸੀਸ ਕੁਮਾਰ ਅਬੋਹਰ, ਹਰਦੇਵ ਸਿੰਘ ਸਿੱਧੂ ਮਾਈਸਰਖਾਨਾ, ਸੁਵੰਮ ਮਾਨਸਾ, ਸੁਖਦੇਵ ਸਿੰਘ ਕਾਲਾ, ਦਿਨੇਸ਼ ਕੁਮਾਰ ਵੀਨੂੰ ਕੇਵਲ ਸਿੰਘ, ਨਿਰਮਲ ਸਿੰਘ, ਜਗਸੀਰ ਸਿੰਘ, ਦੀਪਕ ਹੇਅਰ ਅਬੋਹਰ, ਰਾਮ ਕੁਮਾਰ ਅਬੋਹਰ, ਕਾਕੂ ਕੁਮਾਰ ਅਬੋਹਰ, ਹਰਜਿੰਦਰ ਕੁਮਾਰ ਬਾਂਸਲ ਆਦਿ ਸ਼ਾਮਲ ਸਨ।

## ਸਹਾਇਕ ਲਾਈਨਮੈਨ ਦੀ ਕਰੰਟ ਲੱਗਣ ਨਾਲ ਮੌਤ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਮਹਿਲ ਕਲਾਂ 'ਚ ਪਾਵਰਕਾਮ ਦੇ ਇੱਕ ਸਹਾਇਕ ਲਾਈਨਮੈਨ ਦੀ ਡਿਊਟੀ ਦੌਰਾਨ ਕਰੰਟ ਲੱਗਣ ਕਾਰਨ ਮੌਤ ਹੋਣ ਦੀ ਦੁਖਦਾਈ ਖਬਰ ਮਿਲੀ ਹੈ।ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਦੀ ਪਛਾਣ ਗੁਰਪ੍ਰੀਤ ਸਿੰਘ (34) ਪੁੱਤਰ ਗੁਰਜੰਟ ਸਿੰਘ ਵਾਸੀ ਪਿੰਡ ਛੀਨੀਵਾਲ ਕਲਾਂ, ਹਾਲ ਅਬਾਦ ਮਹਿਲ ਕਲਾਂ ਵਜੋਂ ਹੋਈ ਹੈ।ਪਿਛਲੇ ਸਮੇਂ ਤੋਂ ਪਾਵਰਕਾਮ ਗਰਿੱਡ ਮਹਿਲ ਕਲਾਂ 'ਚ ਸੇਵਾਵਾਂ ਨਿਭਾਅ ਰਿਹਾ ਸਹਾਇਕ ਲਾਈਨਮੈਨ ਗੁਰਪ੍ਰੀਤ ਸਿੰਘ ਅੱਜ ਦੁਪਹਿਰ ਡੇਢ ਵਜੇ ਦੇ ਕਰੀਬ ਮਹਿਲ ਕਲਾਂ ਖਿਆਲੀ ਰੋਡ 'ਤੇ ਇਕ ਟਰਾਂਸਫਾਰਮਰ 'ਚ ਆਈ ਤਕਨੀਕੀ ਖਰਾਬੀ ਨੂੰ ਠੀਕ ਕਰਨ ਸਮੇਂ ਅਚਾਨਕ ਬਿਜਲੀ ਦਾ ਜ਼ੋਰਦਾਰ ਕਰੰਟ ਲੱਗਣ ਨਾਲ ਡਿੱਗ ਕੇ ਬੇਹੋਸ਼ ਹੋ ਗਿਆ। ਸਹਿਯੋਗੀ ਸਾਥੀਆਂ ਨੇ ਉਸ ਨੂੰ ਤੁਰੰਤ ਸਿਵਲ ਹਸਪਤਾਲ ਬਰਨਾਲਾ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।ਇਸ ਮੌਕੇ ਇੰਜ: ਕੁਲਬੀਰ ਸਿੰਘ ਔਲਖ, ਸਿਕੰਦਰ ਸਿੰਘ ਮਹਿਲ ਖੁਰਦ, ਤੇ ਵੱਖ-ਵੱਖ ਬਿਜਲੀ ਮੁਲਾਜ਼ਮ ਜਥੇਬੰਦੀਆਂ ਨੇ ਸਹਾਇਕ ਲਾਇਨਮੈਨ ਗੁਰਪ੍ਰੀਤ ਸਿੰਘ ਦੀ ਡਿਊਟੀ ਦੌਰਾਨ ਹੋਈ ਦੁਖਦਾਈ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਸਰਕਾਰ, ਪਾਵਰਕਾਮ ਪਾਸੋਂ ਪੀੜਤ ਪਰਵਾਰ ਨੂੰ ਤੁਰੰਤ ਯੋਗ ਮੁਆਵਜ਼ਾ ਦੇਣ ਤੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ ਹੈ।ਇਸ ਘਟਨਾ ਸਬੰਧੀ ਪੁਲਸ ਥਾਣਾ ਮਹਿਲ ਕਲਾਂ ਦੇ ਮੁੱਖ ਅਫ਼ਸਰ ਕੁਲਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਇਸ ਸਬੰਧੀ ਪਰਿਵਾਰ ਵੱਲੋਂ ਬਿਆਨ ਦਰਜ ਕਰਵਾਉਣ ਤੋਂ ਬਾਅਦ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਪਤਾ ਲੱਗਾ ਹੈ ਕਿ ਤਿੰਨ ਭੈਣਾਂ ਦੇ ਇਕਲੌਤੇ ਭਰਾ ਮ੍ਰਿਤਕ ਨੌਜਵਾਨ ਗੁਰਪ੍ਰੀਤ ਸਿੰਘ ਦਾ ਹਾਲੇ 5 ਮਹੀਨੇ ਪਹਿਲਾਂ ਹੀ ਵਿਆਹ ਹੋਇਆ ਸੀ।



## ਨੌਜਵਾਨ ਤੇ ਪੁਲਸ ਵਿਚਾਲੇ ਫਾਈਰਿੰਗ 'ਚ ਜ਼ਖਮੀਂ ਹੋਇਆ ਨੌਜਵਾਨ ਗ੍ਰਿਫਤਾਰ

*2 ਦੇਸੀ ਪਿਸਟਲ ਸਮੇਤ 4 ਜ਼ਿੰਦਾ ਰੌਂਦ ਤੇ 3 ਖੋਲ ਬਰਾਮਦ*

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਪੁਲਸ ਵੱਲੋਂ ਲਗਾਏ ਨਾਕੇ 'ਤੇ ਨੌਜਵਾਨ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਨੌਜਵਾਨ ਵੱਲੋਂ ਪੁਲਸ ਪਾਰਟੀ 'ਤੇ ਪਿਸਟਲ ਨਾਲ ਫਾਇਰ ਕੀਤਾ ਅਤੇ ਪੁਲਸ ਵੱਲੋਂ ਫਾਇਰ ਕਰਨ 'ਤੇ ਨੌਜਵਾਨ ਜ਼ਖਮੀਂ ਹੋ ਗਿਆ, ਜਿਸ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 2 ਦੇਸੀ ਪਿਸਟਲ ਸਮੇਤ 4 ਜ਼ਿੰਦਾ ਰੌਂਦ ਤੇ 3 ਖੋਲ ਬਰਾਮਦ ਕੀਤੇ।

ਪੁਲਸ ਨੇ ਦੱਸਿਆ ਕਿ ਉਕਤ ਨੌਜਵਾਨ ਖਿਲਾਫ 109 ਬੀਐੱਨਐੱਸ ਤੇ ਅਸਲਾ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਵੱਲੋਂ ਨਾਕਬੰਦੀ ਸਬੰਧੀ ਬਸਤੀ ਭੱਟੀਆਂ ਤੋਂ ਅੱਗੇ ਕਿਲ੍ਹੇ ਵਾਲਾ ਚੌਕ ਨੂੰ ਜਾਂਦੀ ਸੜਕ 'ਤੇ ਮੌਜੂਦ ਸੀ ਤਾਂ ਇਕ ਲੜਕਾ ਜੋ ਕਿਲ੍ਹੇ ਵਾਲਾ ਚੌਕ ਵੱਲੋਂ ਮੋਟਰਸਾਈਕਲ 'ਤੇ ਆ ਰਿਹਾ ਸੀ, ਜਿਸ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਸ ਨੇ ਆਪਣਾ ਮੋਟਰਸਾਈਕਲ ਕੱਚਾ ਰਸਤਾ ਵੱਲ ਮੋੜਨ ਲਈ ਤੇਜ਼ੀ ਨਾਲ ਮੋਟਰਸਾਈਕਲ ਘੁਮਾਉਣ ਦੀ ਕੋਸ਼ਿਸ਼ ਕੀਤੀ ਜੋ ਡਿੱਗ ਪਿਆ, ਜਿਸ ਨੇ ਡਿੱਗਦੇ ਸਾਰ ਹੀ ਪੁਲਸ ਪਾਰਟੀ 'ਤੇ ਆਪਣੀ ਡੱਬ ਵਿੱਚੋਂ ਪਿਸਟਲ ਕੱਢ ਕੇ ਫਾਇਰ ਕੀਤੇ, ਜੋ ਸਰਕਾਰੀ ਗੱਡੀ ਸਕਾਰਪੀਓ ਨੂੰ ਲੱਗਾ, ਜਿਸ 'ਤੇ ਜੁਆਬੀ ਕਾਰਵਾਈ ਵਿੱਚ ਪੁਲਸ ਪਾਰਟੀ ਵੱਲੋਂ ਫਾਈਰਿੰਗ ਕੀਤੀ, ਜੋ ਉਸ ਦੀ ਲੱਤ ਵਿੱਚ ਫਾਇਰ ਲੱਗਾ। ਪੁਲਸ ਨੇ ਦੱਸਿਆ ਕਿ ਜਿਸ ਨੂੰ ਕਾਬੂ ਕਰਕੇ ਉਸ ਦਾ ਨਾਂ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਮਨਪ੍ਰੀਤ ਉਰਫ ਮੰਨੂ ਪੁੱਤਰ ਕਾਲੂ ਵਾਸੀ ਕਿਲਚੇ ਦੱਸਿਆ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਐੱਸ ਐੱਮ ਓ ਤੇ ਡਾਕਟਰਾਂ ਦਰਮਿਆਨ ਪੈਦਾ ਹੋਇਆ ਵਿਵਾਦ ਨਿਪਟਿਆ

**ਤਲਵੰਡੀ ਸਾਬੋ (ਜਗਦੀਪ ਗਿੱਲ)**

ਪੰਜਾਬ ਸਿਵਲ ਮੈਡੀਕਲ ਸਰਵਿਸਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਡਾਕਟਰ ਅਖਿਲ ਸਰੀਨ ਦੀ ਪ੍ਰਧਾਨਗੀ ਹੇਠ ਬਣੀ ਹੋਈ ਸੂਬਾ ਕਮੇਟੀ ਵੱਲੋਂ ਡਾ. ਰਵੀਕਾਂਤ ਗੁਪਤਾ ਸੀਨੀਅਰ ਮੈਡੀਕਲ ਅਫ਼ਸਰ ਵਿਰੁੱਧ ਉਨ੍ਹਾਂ ਦੇ ਹੀ ਮੈਡੀਕਲ ਅਫ਼ਸਰ ਸਾਹਿਬਾਨਾਂ ਵੱਲੋਂ ਪਿਛਲੇ ਦਿਨੀ ਕੀਤੀ ਸ਼ਿਕਾਇਤ ਦਾ ਨਿਪਟਾਰਾ ਕਰਾ ਦਿੱਤਾ ਗਿਆ ਹੈ।ਜ਼ਿਕਰਯੋਗ ਹੈ ਕਿ 21 ਮਈ ਨੂੰ ਸਬ ਡਵੀਜ਼ਨਲ ਹਸਪਤਾਲ ਦੇ ਡਾ. ਬਿਕਰਮ ਪ੍ਰਤਾਪ ਖਿੱਚੀ ਵੱਲੋਂ ਡਾ. ਰਵੀਕਾਂਤ ਗੁਪਤਾ ਸੀਨੀਅਰ ਮੈਡੀਕਲ ਅਫ਼ਸਰ ਵਿਰੁੱਧ ਮਾਨਯੋਗ ਸਿਵਲ ਸਰਜਨ ਪਾਸ ਸ਼ਿਕਾਇਤ ਕੀਤੀ ਸੀ ਕਿ ਡਾ. ਰਵੀਕਾਂਤ ਦੁਆਰਾ ਉਨ੍ਹਾਂ ਸਮੇਤ ਸਮੂਹ ਮੈਡੀਕਲ ਅਫ਼ਸਰਾਂ ਨਾਲ ਰੁੱਖੀ ਤੇ ਭੈੜੀ ਸ਼ਬਦਾਵਲੀ ਵਰਤੀ ਜਾਂਦੀ ਹੈ, ਜਿਸ ਦਾ ਸਮਰਥਨ ਸਿਵਲ ਹਸਪਤਾਲ ਸਮੂਹ ਮੈਡੀਕਲ ਅਫਸਰਾਂ ਵੱਲੋਂ ਵੀ ਕੀਤਾ ਗਿਆ।

ਸੂਬਾ ਕਮੇਟੀ ਨੇ ਬਠਿੰਡਾ ਪਹੁੰਚ ਕੇ ਸਾਰੇ ਮਸਲੇ ਦੀ ਪੂਰੀ ਗਹਿਰਾਈ ਨਾਲ ਜਾਂਚ ਪੜਤਾਲ ਕੀਤੀ ਤੇ ਦੋਹਾਂ ਧਿਰਾਂ ਨੂੰ ਆਹਮਣੇ ਸਾਹਮਣੇ ਬਿਠਾ ਕੇ ਉਨ੍ਹਾਂ ਵਿੱਚ ਪੈਦਾ ਹੋਏ ਆਪਸੀ ਮਤਭੇਦਾਂ ਨੂੰ ਖਤਮ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।ਕਮੇਟੀ ਸਮਝਦੀ ਹੈ ਕਿ ਕੰਮ ਕਰਦੇ ਸਮੇਂ ਆਪਸੀ ਮਤਭੇਦਾਂ ਨੂੰ ਕਿਸੇ ਵੀ ਤਰੀਕੇ ਰੋਕਿਆ ਤਾਂ ਨਹੀਂ ਜਾ ਸਕਦਾ, ਪਰ ਉਨ੍ਹਾਂ ਨੂੰ ਨਜਿੱਠਣ ਦੇ ਲਈ ਸੀਨੀਅਰ ਅਧਿਕਾਰੀਆਂ ਨੂੰ ਇੱਕ ਬਹੁਤ ਹੀ ਮਿਲਵਰਤਨ ਤੇ ਨਿਮਰਤਾ ਵਾਲਾ ਵਤੀਰਾ ਅਪਨਾਉਣਾ ਚਾਹੀਦਾ ਹੈ। ਅਜਿਹੇ ਮਤਭੇਦ ਟਕਰਾਵਾਂ ਦੇ ਵਿੱਚ ਨਹੀਂ ਬਦਲਣੇ ਚਾਹੀਦੇ।ਜ਼ਿਕਰਯੋਗ ਹੈ ਕਿ ਮੀਡੀਆ ਦੇ ਕੁੱਝ ਹਿੱਸੇ ਵੱਲੋਂ ਇਸ ਸ਼ਿਕਾਇਤ ਨੂੰ ਤੋੜ ਮਰੋੜ ਕੇ ਗਲਤ ਤੱਥਾਂ ਤਹਿਤ ਪੇਸ਼ ਕੀਤਾ ਗਿਆ, ਜਿਸ ਨਾਲ ਡਾਕਟਰ ਰਵੀ ਕਾਂਤ ਗੁਪਤਾ ਦੇ ਚਰਿੱਤਰ ਨੂੰ ਠੇਸ ਪਹੁੰਚੀ ਹੈ।ਕਮੇਟੀ ਦੀ ਪੜਤਾਲ ਅਨੁਸਾਰ ਅਜਿਹਾ ਕੋਈ ਵੀ ਤੱਥ ਜਾਂ ਸ਼ਿਕਾਇਤ ਸਾਹਮਣੇ ਨਹੀਂ ਆਈ ਜਿਸ ਵਿੱਚ ਡਾਕਟਰ ਰਵੀਕਾਂਤ ਦੇ ਚਰਿੱਤਰ ਤੇ ਕੋਈ ਸਵਾਲ ਉਠਾਇਆ ਗਿਆ ਹੋਵੇ।ਡਾਕਟਰ ਰਵੀ ਕਾਂਤ ਦਾ ਚਰਿੱਤਰ ਬੇਦਾਗ ਹੈ।ਡਾਕਟਰ ਅਖਿਲ ਸਰੀਨ ਸੂਬਾ ਪ੍ਰਧਾਨ ਪੀਸੀਐਮਐਸਏ ਪੰਜਾਬ ਵੱਲੋਂ ਮੀਡੀਆ ਦੇ ਕੁਝ ਹਿੱਸੇ ਵੱਲੋਂ ਲੱਗੀਆਂ ਅਜਿਹੀਆਂ ਖਬਰਾਂ ਦੀ ਨਿੰਦਾ ਕੀਤੀ ਹੈ ਤੇ ਨਾਲ ਹੀ ਪ੍ਰੈਸ ਭਾਈਚਾਰੇ ਤੋਂ ਉਮੀਦ ਕੀਤੀ ਹੈ ਕਿ ਉਹ ਹਰ ਇੱਕ ਖਬਰ ਦੀ ਪੂਰੀ ਘੋਖ ਪੜਤਾਲ ਕਰਨ ਤੋਂ ਬਾਅਦ ਹੀ ਉਸਦੇ ਤੱਥਾਂ ਨੂੰ ਲੋਕਾਂ ਸਾਹਮਣੇ ਜਨਤਕ ਕਰਨ, ਕਿਉਂਕਿ ਤੋੜੀ ਮਰੋੜੀ ਖਬਰ ਨਾਲ ਜਿੱਥੇ ਵਿਭਾਗ ਦਾ ਅਕਸ਼ ਖਰਾਬ ਹੁੰਦਾ ਹੈ, ਉੱਥੇ ਕਿਸੇ ਵਿਅਕਤੀ ਵਿਸ਼ੇਸ਼ ਦੇ ਨਿੱਜੀ ਚਰਿੱਤਰ ਨੂੰ ਵੀ ਸੱਟ ਲੱਗਦੀ ਹੈ।ਇਸ ਲਈ ਖਬਰਾਂ ਸਬੰਧੀ ਅਜਿਹੀਆਂ ਕੋਸ਼ਿਸ਼ਾਂ ਤੋਂ ਗੁਰੇਜ਼ ਕਰਨਾ ਚਾਹੀਦਾ।ਸੂਬਾ ਪ੍ਰਬੰਧਕੀ ਸਕੱਤਰ ਡਾ. ਅਰਸ਼ਦੀਪ ਬਰਾੜ ਨੇ ਕਿਹਾ ਕਿ ਪੀਸੀਐਮਐਸਏ ਦੇ ਕਿਸੇ ਵੀ ਅਹੁਦੇ ਤੇ ਤਨਾਤ ਡਾਕਟਰ ਪ੍ਰਤੀ ਅਪਮਾਨਜਨਕ ਵਰਤਾਰੇ ਦਾ ਸੂਬਾ ਕਮੇਟੀ ਸਖਤ ਨੋਟਿਸ ਲਏਗੀ।ਡਾ. ਬਾਜਵਾ ਸੀਨੀਅਰ ਮੀਤ ਪ੍ਰਧਾਨ ਪੀਸੀਐਮਐਸਏ ਪੰਜਾਬ ਨੇ ਵੀ ਮੀਡੀਆ ਦੇ ਸਾਥ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜਿਸ ਤਰ੍ਹਾਂ ਮੀਡੀਆ ਨੇ ਲੋਕ ਪੱਖੀ ਖਬਰਾਂ ਨੂੰ ਪਹਿਲ ਬਣਾ ਕੇ ਸਾਡੇ ਪਿਛਲੇ ਸੰਘਰਸ਼ਾਂ ਨੂੰ ਸਮਰਥਨ ਦਿੱਤਾ ਹੈ, ਉਸੇ ਤਰ੍ਹਾਂ ਹੀ ਆਉਣ ਵਾਲੇ ਸਮੇਂ ਵਿੱਚ ਮੀਡੀਆ ਸਿਹਤ ਅਦਾਰਿਆਂ ਨੂੰ ਅਤੇ ਉਨ੍ਹਾਂ ਦੀਆਂ ਲੋਕ ਪੱਖੀ ਸੇਵਾਵਾਂ ਨੂੰ ਸਮਾਜ ਸਾਹਮਣੇ ਪੇਸ਼ ਕਰਦੇ ਹੋਏ ਇੱਕ ਵਧੀਆ ਅਕਸ਼ ਉਸਾਰਨ ਦਾ ਕੰਮ ਕਰਦਾ ਰਹੇਗਾ। ਕਮੇਟੀ ਨੇ ਆਪਣੀ ਪੜਤਾਲ ਦੇ ਅਧਾਰ ਤੇ ਦੋਹਾਂ ਧਿਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਦੇ ਹੋਏ ਸਿਵਲ ਸਰਜਨ ਡਾ. ਰਮਨਦੀਪ ਸਿੰਗਲਾ ਪਾਸ ਸਮੂਹ ਮੈਡੀਕਲ ਅਫਸਰ ਤਲਵੰਡੀ ਸਾਬੋ ਵੱਲੋਂ ਡਾਕਟਰ ਰਵਿਕਾਤ ਗੁਪਤਾ ਖਿਲਾਫ ਕੀਤੀ ਸ਼ਿਕਾਇਤ ਸਬੰਧੀ ਕੋਈ ਕਾਰਵਾਈ ਨਾ ਕਰਾਉਣ ਦੀ ਪੁਸ਼ਟੀ ਕੀਤੀ ਹੈ। ਡਾ ਊਸ਼ਾ ਗੋਇਲ ਜਿਲਾ ਸਿਹਤ ਅਫਸਰ ਤੇ ਡਾ. ਸੁਖਜਿੰਦਰ ਸਿੰਘ ਗਿੱਲ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਵੀ ਹਾਜ਼ਰ ਸਨ।

## ਧੋਖਾਧੜੀ ਦੇ ਮਾਮਲੇ 'ਚ ਮਹਿਲਾ ਸਣੇ ਤਿੰਨ ਵਿਅਕਤੀਆਂ ਨੂੰ ਕੈਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਸਤੀ ਕਾਰ ਦਿਵਾਉਣ ਦੇ ਨਾਮ 'ਤੇ 12 ਲੱਖ ਰੁਪਏ ਦੀ ਠੱਗੀ ਮਾਰਨ ਦੇ ਇੱਕ ਮਾਮਲੇ 'ਚ ਨਾਮਜ਼ਦ ਇੱਕ ਮਹਿਲਾ ਸਣੇ ਤਿੰਨ ਵਿਅਕਤੀਆਂ ਨੂੰ ਇੱਥੋਂ ਦੀ ਇੱਕ ਅਦਾਲਤ ਵੱਲੋਂ ਕੈਦ ਦੀ ਸਜ਼ਾ ਸੁਣਾਉਂਦੇ ਹੋਏ ਪੀੜਤ ਧਿਰ ਨੂੰ ਮੁਆਵਜ਼ਾ ਦਿੱਤੇ ਜਾਣ ਦੇ ਹੁਕਮ ਸੁਣਾਏ ਹਨ।ਪ੍ਰਾਪਤ ਜਾਣਕਾਰੀ ਅਨੁਸਾਰ ਮਿਤੀ 14/8/16 ਨੂੰ ਥਾਣਾ ਸਰਹਿੰਦ ਵਿਖੇ ਅਮਰਜੋਤ ਸਿੰਘ ਢਾਂਡਾ ਵਾਸੀ ਮੋਹਾਲੀ, ਪਾਲ ਸਿੰਘ, ਅਮਰਦੀਪ ਕੌਰ, ਸੁਤੰਤਰ ਸਿੰਘ ਤੇ ਵੀਨਾ ਸੋਢੀ ਵਾਸੀਆਨ ਸਰਹਿੰਦ ਵਿਰੁੱਧ ਅ/ਧ 420, 406, 506, 120-ਬੀ ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕੀਤਾ ਗਿਆ ਸੀ, ਜਿਸ ਵਿੱਚ ਸ਼ਿਕਾਇਤਕਰਤਾ ਪ੍ਰਿਤਪਾਲ ਸਿੰਘ ਨੇ ਦੋਸ਼ ਲਗਾਏ ਸਨ ਕਿ ਵੀਨਾ ਸੋਢੀ ਤੇ ਉਸ ਦੇ ਪਤੀ ਸੁਤੰਤਰ ਸਿੰਘ ਨੇ ਉਸ ਨੂੰ ਅਮਰਜੋਤ ਸਿੰਘ ਢਾਂਡਾ ਨਾਮਕ ਵਿਅਕਤੀ ਨਾਲ ਮਿਲਵਾਉਂਦੇ ਹੋਏ ਕਿਹਾ ਸੀ ਕਿ ਅਮਰਜੋਤ ਸਿੰਘ ਢਾਂਡਾ ਚੰਡੀਗੜ੍ਹ ਵਿਖੇ ਕਾਰਾਂ ਵੇਚਣ ਦਾ ਕੰਮ ਕਰਦਾ ਹੈ।ਉਕਤ ਵਿਅਕਤੀਆਂ ਨੇ ਉਸ ਨੂੰ ਝਾਂਸਾ ਦਿੱਤਾ ਕਿ ਇਨੋਵਾ ਕਾਰ, ਜਿਸ ਦਾ ਬਜ਼ਾਰ ਵਿੱਚ ਮੁੱਲ 15,50,000/- ਰੁਪਏ ਹੈ, ਉਹ ਉਸ ਨੂੰ ਸਿਰਫ 12 ਲੱਖ ਰੁਪਏ 'ਚ ਦਿਵਾ ਦੇਣਗੇ, ਪਰ ਉਸ ਤੋਂ 12 ਲੱਖ ਰੁਪਏ ਲੈ ਕੇ ਨਾ ਤਾਂ ਉਸ ਨੂੰ ਇਨੋਵਾ ਕਾਰ ਦੀ ਡਿਲਿਵਰੀ ਦਿੱਤੀ ਗਈ ਤੇ ਨਾ ਹੀ ਉਸ ਦੀ ਰਕਮ ਵਾਪਸ ਕੀਤੀ ਗਈ।ਮੁਕੱਦਮੇ ਦੀ ਸੁਣਵਾਈ ਪੂਰੀ ਹੋਣ 'ਤੇ ਜੁਡੀਸ਼ੀਅਲ ਮੈਜਿਸਟ੍ਰੇਟ ਫ਼ਤਹਿਗੜ੍ਹ ਸਾਹਿਬ ਦੀ ਅਦਾਲਤ ਨੇ ਉਕਤ ਮੁਕੱਦਮੇ 'ਚ ਨਾਮਜ਼ਦ ਕੀਤੇ ਗਏ ਅਮਰਜੋਤ ਸਿੰਘ ਢਾਂਡਾ, ਸੁਤੰਤਰ ਸਿੰਘ ਤੇ ਵੀਨਾ ਸੋਢੀ ਨੂੰ ਮਾਮਲੇ 'ਚ ਅ/ਧ 420 ਆਈ.ਪੀ.ਸੀ. ਤਹਿਤ ਦੋਸ਼ੀ ਮੰਨਦੇ ਹੋਏ ਦੋ ਸਾਲ ਕੈਦ ਬਾਮੁਸ਼ੱਕਤ ਦੀ ਸਜ਼ਾ ਤੇ ਅ/ਧ 120-ਬੀ ਆਈ.ਪੀ.ਸੀ. ਤਹਿਤ ਦੋਸ਼ੀ ਮੰਨਦੇ ਹੋਏ ਦੋ ਸਾਲ ਕੈਦ ਬਾਮੁਸ਼ੱਕਤ ਦੀ ਸਜ਼ਾ ਸੁਣਾਈ ਹੈ।ਅਦਾਲਤ ਵੱਲੋਂ ਆਪਣੇ ਹੁਕਮਾਂ 'ਚ ਅਮਰਜੋਤ ਸਿੰਘ ਢਾਂਡਾ ਨੂੰ ਸ਼ਿਕਾਇਤਕਰਤਾ ਨੂੰ ਚਾਰ ਲੱਖ ਰੁਪਏ ਅਦਾ ਕਰਨ ਦੇ ਹੁਕਮ ਦਿੱਤੇ ਗਏ ਹਨ, ਜਦੋਂਕਿ ਸੁਤੰਤਰ ਸਿੰਘ ਤੇ ਵੀਨਾ ਸੋਢੀ ਨੂੰ ਸ਼ਿਕਾਇਤਕਰਤਾ ਨੂੰ 2-2 ਲੱਖ ਰੁਪਏ ਅਦਾ ਕਰਨ ਦੇ ਹੁਕਮ ਦਿੱਤੇ ਗਏ ਹਨ।ਇਸੇ ਮੁਕੱਦਮੇ 'ਚ ਨਾਮਜ਼ਦ ਪਾਲ ਸਿੰਘ ਤੇ ਅਮਰਦੀਪ ਕੌਰ ਨੂੰ ਮਾਮਲੇ 'ਚ ਸ਼ੱਕ ਦਾ ਲਾਭ ਦਿੰਦੇ ਹੋਏ ਅਦਾਲਤ ਨੇ ਬਰੀ ਕੀਤੇ ਜਾਣ ਦਾ ਹੁਕਮ ਸੁਣਾਇਆ ਹੈ।

## ਸੰਗਰੂਰ ਰੈਲੀ 'ਚ ਵੱਡੀ ਗਿਣਤੀ 'ਚ ਕਿਸਾਨ ਕਰਨਗੇ ਸ਼ਮੂਲੀਅਤ : ਆਗੂ

**ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਖਿਲਾਫ਼ ਮੋਹਾਲੀ ਵਿਖੇ ਰੋਸ ਪ੍ਰਦਰਸ਼ਨ 29 ਨੂੰ**



**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਮਾਨਸਾ ਦੀ ਜਨਰਲ ਬਾਡੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਰਾਮਫਲ ਚੱਕ ਅਲੀਸ਼ੇਰ ਦੀ ਪ੍ਰਧਾਨਗੀ ਹੇਠ ਫਫੜੇ ਭਾਈਕੇ ਵਿਖੇ ਹੋਈ। ਪਿਛਲੇ ਪ੍ਰੋਗਰਾਮਾਂ ਦੇ ਜਥੇਬੰਦਕ ਰੀਵਿਊ ਉਪਰੰਤ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਬਠਿੰਡਾ, ਸੰਗਰੂਰ ਤੇ ਜਗਰਾਓਂ ਵਿਖੇ ਹੋ ਰਹੀਆਂ ਰੈਲੀਆਂ ਵਿੱਚ ਪੰਜਾਬ ਦੇ ਸੰਘਰਸ਼ਾਂ ਨੂੰ ਤਾਰਪੀਡੋ ਕਰਨ ਦੀ ਸਰਕਾਰੀ ਮਨਸਾ ਵਿਰੁੱਧ 'ਜਬਰ ਵਿਰੋਧੀ ਰੈਲੀਆਂ' ਦੌਰਾਨ ਪੰਜਾਬ ਕਿਸਾਨ ਯੂਨੀਅਨ ਦੇ ਆਗੂਆਂ ਤੇ ਵਰਕਰਾਂ ਵੱਲੋਂ ਸੈਂਕੜਿਆਂ ਦੀ ਗਿਣਤੀ ਵਿੱਚ ਭਾਗ ਲੈਣ ਦਾ ਮਤਾ ਪਾਇਆ ਗਿਆ। ਇਸ ਤੋਂ ਇਲਾਵਾ 29 ਮਈ ਨੂੰ 'ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ' ਐੱਸ.ਏ.ਐੱਸ ਨਗਰ ਮੋਹਾਲੀ ਵਿਖੇ ਪਿਛਲੇ ਦਿਨੀਂ ਜਥੇਬੰਦਕ ਆਗੂਆਂ ਨਾਲ ਆਈ.ਏ.ਐੱਸ. ਅਧਿਕਾਰੀ ਵੱਲੋਂ ਕੁਰੱਖਤ ਵਿਵਹਾਰ ਕਰਨ ਦੇ ਰੋਸ ਵਜੋਂ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੇ ਪ੍ਰੈੱਸ ਬਿਆਨ ਰਾਹੀਂ ਕਿਹਾ ਕਿ ਪੰਜਾਬ ਅੰਦਰ ਮਾਨ ਸਰਕਾਰ ਦੇ ਭ੍ਰਿਸ਼ਟ ਤਾਣੇ ਬਾਣੇ ਦੇ ਚੱਲਦਿਆਂ ਜਥੇਬੰਦਕ ਕਾਰਕੁੰਨਾਂ ਨਾਲ ਇਉਂ ਸ਼ਰੇਆਮ ਵਧੀਕੀਆਂ ਸਹਿਣ ਨਹੀਂ ਕੀਤੀਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਇੱਕ ਪਾਸੇ ਜਨਤਕ ਅਦਾਰਿਆਂ ਅੰਦਰ ਉੱਚ ਅਹੁਦਿਆਂ 'ਤੇ ਸੁਸ਼ੋਭਤ ਸਰਕਾਰੀ ਮੁਲਾਜ਼ਮ ਚਿੱਟੇ ਦਿਨ ਦੋ ਨੰਬਰ ਦੀ ਕਮਾਈ ਕਰਕੇ ਪੰਜਾਬ ਦੇ ਖਜ਼ਾਨੇ ਨੂੰ ਚੂਨਾ ਲਗਾ ਰਹੇ ਹਨ, ਦੂਜੇ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਜਨਤਾ ਦੇ ਟੈਕਸਾਂ ਦੇ ਪੈਸੇ ਨੂੰ 'ਐਂਟੀਕੁਰੱਪਸ਼ਨ' ਲੋਗੋ ਛਾਪ ਛਾਪ ਕੇ ਪੰਜਾਬ 'ਚ ਬੋਰਡ ਲਗਾਉਣ 'ਤੇ ਖਰਚ ਰਹੇ ਹਨ।

ਉਨ੍ਹਾਂ ਕਿਹਾ ਕਿ ਜੇਕਰ ਸਰਕਾਰੀ ਤੇ ਨਿੱਜੀ ਤੰਤਰ ਅੰਦਰ ਪੈਸਿਆਂ ਦਾ ਦੇਣ ਲੈਣ ਇਉਂ ਹੀ ਚਲਦਾ ਰਿਹਾ ਤਾਂ ਮਾਨ ਸਰਕਾਰ ਪੰਜਾਬ ਨੂੰ ਕਿਵੇਂ 'ਭ੍ਰਿਸ਼ਟਾਚਾਰ ਮੁਕਤ' ਕਰੇਗੀ, ਇਸ ਦਾ ਜੁਆਬ ਪੰਜਾਬ ਦੇ ਲੋਕਾਂ ਨੂੰ ਦੇਣਾ ਹੀ ਪਵੇਗਾ। ਇਸ ਸਮੇਂ ਸੂਬਾਈ ਆਗੂ ਗੋਰਾ ਸਿੰਘ ਭੈਣੀਬਾਘਾ, ਗੁਰਨਾਮ ਸਿੰਘ ਭੀਖੀ, ਗੁਰਜੰਟ ਸਿੰਘ ਮਾਨਸਾ, ਰਾਮਫਲ ਚੱਕ ਅਲੀਸ਼ੇਰ, ਨਰਿੰਦਰ ਕੌਰ ਬੁਰਜ ਹਮੀਰਾ, ਭੋਲਾ ਸਿੰਘ ਸਮਾਓਂ ਤੋਂ ਇਲਾਵਾ ਕਰਨੈਲ ਸਿੰਘ ਮਾਨਸਾ, ਬਲਕਰਨ ਬੱਲੀ, ਸੁਖਚਰਨ ਦਾਨੇਵਾਲੀਆ, ਅਮਰੀਕ ਕੋਟ ਧਰਮੂੰ, ਅਮੋਲਕ ਸਿੰਘ ਖੀਵਾ, ਜਗਤਾਰ ਸਿੰਘ ਸਹਾਰਨਾ, ਗੁਰਤੇਜ ਸਿੰਘ ਬਰੇ, ਦਰਸ਼ਨ ਮੰਘਾਣੀਆਂ, ਅਮਰੀਕ ਸਿੰਘ ਮਾਨਸਾ ਤੇ ਪਿੰਡਾਂ ਦੀਆਂ ਇਕਾਈਆਂ ਦੇ ਆਗੂ ਤੇ ਵਰਕਰ ਹਾਜ਼ਰ ਸਨ।

## ਮੁਕਤਸਰ ਜ਼ਿਲ੍ਹੇ 'ਚ ਲੋਕ ਅਦਾਲਤਾਂ ਰਾਹੀਂ 34000 ਕੇਸਾਂ ਦਾ ਨਿਪਟਾਰਾ



**ਸ੍ਰੀ ਮੁਕਤਸਰ ਸਾਹਿਬ/ਗਿੱਦੜਬਾਹਾ (ਸ਼ਮਿੰਦਰਪਾਲ/ਪੂਜਾ/ ਜਸਵੰਤ ਗਿੱਲ ਛੱਤਿਆਣਾ)**

ਮਾਣਯੋਗ ਚੀਫ ਜਸਟਿਸ ਸ੍ਰੀ ਸ਼ੀਲ ਨਾਗੂ, ਪੈਟਰਨ ਇਨ ਚੀਫ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮਾਣਯੋਗ ਜਸਟਿਸ ਸ੍ਰੀ ਦੀਪਕ ਸਿੱਬਲ, ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਜੀਆਂ ਦੇ ਨਿਸ਼ਾ ਨਿਰਦੇਸ਼ਾਂ ਅਨੁਸਾਰ, ਸ੍ਰੀਮਤੀ ਨਵਜੋਤ ਕੌਰ ਸੋਹਲ, ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਹੌਸਲਾ ਅਫਜ਼ਾਈ ਅਤੇ ਸ੍ਰੀ ਰਾਜ ਕੁਮਾਰ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਗਵਾਈ ਹੇਠ ਸੈਸ਼ਨ ਡਵੀਜ਼ਨ ਸ੍ਰੀ ਮੁਕਤਸਰ ਸਾਹਿਬ ਵਿਖੇ ਸਾਲ ਦੀ ਦੂਸਰੀ ਕੌਮੀ ਲੋਕ ਅਦਾਲਤ ਦਾ ਆਯੋਜਨ 24 ਮਈ 2025 ਨੂੰ ਕੀਤਾ ਗਿਆ, ਜਿਸ ਵਿੱਚ 9 ਬੈਂਚ ਸ੍ਰੀ ਮੁਕਤਸਰ ਸਾਹਿਬ ਵਿਖੇ, 6 ਬੈਂਚ ਸਬ ਡਵੀਜ਼ਨ ਮਲੋਟ ਤੇ 3 ਬੈਂਚ ਸਬ ਡਵੀਜ਼ਨ ਗਿੱਦੜਬਾਹਾ ਵਿਖੇ ਲਗਾਏ ਗਏ।ਲੋਕ ਅਦਾਲਤ ਵਿੱਚ ਵਾਟਰ ਸਪਲਾਈ ਸੀਵਰੇਜ, ਲੈਂਡ ਐਕੁਜ਼ੇਸ਼ਨ, ਮੋਟਰ ਐਕਸੀਡੈਂਟ, ਪਰਿਵਾਰਕ ਝਗੜੇ, ਟ੍ਰੈਫਿਕ ਚਲਾਨ, ਪ੍ਰੀ-ਲੀਟੀਗੇਟਿਵ ਬੈਂਕ ਕੇਸ, ਬਿਜਲੀ ਚੋਰੀ ਦੇ ਕੇਸ, ਸਿਵਲ ਸੂਟ, 138 ਐੱਨ. ਆਈ. ਐਕਟ ਤੇ ਕੈਂਸਲੇਸ਼ਨ, ਐੱਫ.ਆਈ.ਆਰ. ਆਦਿ ਕੇਸਾਂ ਦੀ ਸੁਣਵਾਈ ਕੀਤੀ ਗਈ, ਜਿਸ ਦੀ ਕ੍ਰਮਵਾਰ ਮਿਸ: ਅਮੀਤਾ ਸਿੰਘ, ਵਧੀਕ ਜ਼ਿਲ੍ਹਾ ਤੇ ਸੈਸ਼ਨਜ਼ ਜੱਜ, ਮਿਸ: ਗਿਰੀਸ਼ ਪ੍ਰਿੰਸੀਪਲ ਜੱਜ ਫੈਮਲੀ ਕੋਰਟ, ਸ੍ਰੀ ਨੀਰਜ ਕੁਮਾਰ ਸਿੰਗਲਾ ਸਿਵਲ ਜੱਜ (ਸੀਨੀਅਰ ਡਵੀਜ਼ਨ), ਮਿਸ: ਰੂਪਾ ਧਾਲੀਵਾਲ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ, ਮਿਸ: ਰਾਜਬੀਰ ਕੌਰ ਵਧੀਕ ਸਿਵਲ ਜੱਜ (ਸੀਨੀ. ਡਵੀ.), ਮਿਸ: ਜਸਕਿਰਨ ਸੋਧ, ਜੁਡੀਸ਼ੀਅਲ ਮੈਜਿਸਟ੍ਰੇਟ ਦਰਜਾ ਪਹਿਲਾ, ਮਿਸ: ਅਸਮਿਤਾ ਰੋਮਾਣਾ, ਜੁਡੀਸ਼ੀਅਲ ਮੈਜਿਸਟ੍ਰੇਟ ਦਰਜਾ ਪਹਿਲਾ ਸ੍ਰੀ ਮੁਕਤਸਰ ਸਾਹਿਬ, ਮਿਸ: ਸਮੁੱਖੀ ਵਧੀਕ ਸਿਵਲ ਜੱਜ (ਸੀਨੀਅਰ ਡਵੀਜ਼ਨ), ਸ੍ਰੀ ਅੰਸ਼ੁਮਨ ਸਿਆਗ ਸਿਵਲ ਜੱਜ (ਜੂਨੀਅਰ ਡਵੀਜ਼ਨ), ਸ੍ਰੀ ਮਹਿੰਦਰਪ੍ਰਤਾਪ ਸਿੰਘ ਲਿੱਬੜਾ ਸਿਵਲ ਜੱਜ (ਜੂਨੀਅਰ ਡਵੀਜ਼ਨ), ਮਿਸ: ਅਕਸ਼ਿਤਾ ਸਿਵਲ ਜੱਜ (ਜੂਨੀਅਰ ਡਵੀਜ਼ਨ), ਸ੍ਰੀ ਆਦਿੱਤਿਆ ਚੋਪੜਾ ਸਿਵਲ ਜੱਜ (ਜੂਨੀਅਰ ਡਵੀਜ਼ਨ), ਮਿਸ: ਸੁਮਨਦੀਪ ਕੌਰ, ਸਿਵਲ ਜੱਜ (ਜੂਨੀਅਰ ਡਵੀਜ਼ਨ) ਮਲੋਟ ਤੇ ਸ੍ਰੀ ਤਰਨਜੀਤ ਸਿੰਘ ਸਿਮਰਾ ਵਧੀਕ ਸਿਵਲ ਜੱਜ (ਸੀਨੀਅਰ ਡਵੀਜ਼ਨ), ਮਿਸ: ਕਿਰਨਦੀਪ ਕੌਰ, ਜੁਡੀਸ਼ੀਅਲ ਮੈਜਿਸਟ੍ਰੇਟ ਦਰਜਾ ਪਹਿਲਾ, ਸ੍ਰੀ ਗੌਰਵ ਮਿੱਤਲ, ਜੁਡੀਸ਼ੀਅਲ ਮੈਜਿਸਟ੍ਰੇਟ ਦਰਜਾ ਪਹਿਲਾ ਗਿੱਦੜਬਾਹਾ, ਸ੍ਰੀ ਚਰਨਜੀਤ ਅਰੋੜਾ ਚੇਅਰਮੈਨ ਜਨ-ਉਪਯੋਗੀ ਸੇਵਾਵਾਂ ਸ੍ਰੀ ਮੁਕਤਸਰ ਸਾਹਿਬ ਵੱਲੋਂ ਵੀ ਬੈਂਚ ਲਗਾਏ ਗਏ।ਇਸ ਲੋਕ ਅਦਾਲਤ ਵਿੱਚ ਵੱਖ-ਵੱਖ ਬੈਂਚਾਂ ਨਾਲ ਵਕੀਲ ਸਾਹਿਬਾਨ ਤੇ ਸੋਸ਼ਲ ਵਰਕਰ ਵੀ ਲਗਾਏ ਗਏ, ਜਿਸ ਵਿੱਚ ਮਾਨਯੋਗ ਅਦਾਲਤਾਂ ਵੱਲੋਂ ਕੇਸਾਂ ਦੀ ਸੁਣਵਾਈ ਕਰਦੇ ਹੋਏ ਅੱਜ ਦੀ ਲੋਕ ਅਦਾਲਤ ਵਿੱਚ ਕੁੱਲ 34732 ਕੇਸ ਰੱਖੇ ਗਏ, ਜਿਨ੍ਹਾਂ ਵਿੱਚੋਂ ਲਗਭਗ 34000 ਕੇਸਾਂ ਦਾ ਨਿਪਟਾਰਾ ਕੀਤਾ ਗਿਆ।ਅੱਜ ਦੀ ਲੋਕ ਅਦਾਲਤ ਵਿੱਚ ਕਾਫੀ ਸਮੇਂ ਚੱਲ ਰਹੇ ਕੇਸਾਂ ਦਾ ਵੀ ਨਿਪਟਾਰਾ ਕੀਤਾ ਗਿਆ।ਲਾਭਕਾਰੀਆਂ ਨੇ ਮਾਨਯੋਗ ਅਦਾਲਤ ਦੇ ਜੱਜ ਸਾਹਿਬਾਨ ਦਾ ਧੰਨਵਾਦ ਕਰਦਿਆ ਕਿਹਾ ਕਿ ਉਨ੍ਹਾਂ ਦੇ ਝਗੜਿਆਂ ਦਾ ਹੱਲ ਲੋਕ ਅਦਾਲਤਾਂ ਦੇ ਸਦਕਾ ਹੋਇਆ ਹੈ ਅਤੇ ਲਾਭਕਾਰੀਆਂ ਨੇ ਹੋਰਾਂ ਲੋਕਾਂ ਨੂੰ ਵੀ ਲੋਕ ਅਦਾਲਤਾਂ ਰਾਹੀਂ ਆਪਣੇ ਮਸਲੇ ਸੁਲਝਾਉਣ ਦੀ ਅਪੀਲ ਕੀਤੀ। ਇਸ ਮੌਕੇ ਮਾਨਯੋਗ ਜੱਜ ਸਾਹਿਬ ਨੇ ਪ੍ਰੈੱਸ ਮੀਡੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਤੁਹਾਡੇ ਯਤਨਾਂ ਸਦਕਾ ਹੀ ਆਮ ਲੋਕਾਂ ਦਾ ਲੋਕ ਅਦਾਲਤ ਵਿੱਚ ਵਿਸ਼ਵਾਸ ਪੈਦਾ ਹੁੰਦਾ ਹੈ ਤੇ ਉਨ੍ਹਾਂ ਵਿੱਚ ਵੱਧ ਤੋਂ ਵੱਧ ਰਾਜ਼ੀਨਾਮਾ ਕਰਨ ਲਈ ਉਤਸ਼ਾਹ ਪੈਦਾ ਹੁੰਦਾ ਹੈ।

## ਮੈਡੀਕਲ ਬਿੱਲਾਂ ਦਾ ਤੁਰੰਤ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ : ਪੰਜਾਬ ਪੈਨਸ਼ਨਰਜ਼ ਯੂਨੀਅਨ

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਪੈਨਸ਼ਨਰ ਯੂਨੀਅਨ (ਸਬੰਧਤ ਏਟਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ) ਦੇ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਰੋਡਵੇਜ਼ ਵਿੱਚੋਂ ਵੱਖ-ਵੱਖ ਆਸਾਮੀਆਂ ਤੋਂ ਸੇਵਾਮੁਕਤ ਹੋਏ ਪੈਨਸ਼ਨਰਾਂ ਦੇ ਮੈਡੀਕਲ ਪ੍ਰਤੀ ਪੂਰਤੀ ਬਿੱਲ ਪਿਛਲੇ ਕਈ ਕਈ ਮਹੀਨਿਆਂ ਤੇ ਸਾਲਾਂ ਤੋਂ ਪੰਜਾਬ ਰੋਡਵੇਜ਼ ਦੇ ਵੱਖ-ਵੱਖ ਡਿੱਪੂਆਂ ਦੇ ਦਫਤਰਾਂ, ਸਿਵਲ ਸਰਜਨਾਂ ਦੇ ਦਫਤਰਾਂ 'ਚ, ਡਾਇਰੈਕਟਰ ਸਿਹਤ ਵਿਭਾਗ ਪੰਜਾਬ, ਡਾਇਰੈਕਟਰ ਟਰਾਂਸਪੋਰਟ ਵਿਭਾਗ ਪੰਜਾਬ ਤੇ ਪੰਜਾਬ ਦੇ ਵੱਖ-ਵੱਖ ਖਜ਼ਾਨਾ ਦਫਤਰਾਂ ਦੀਆਂ ਫਾਈਲਾਂ ਦੀਆਂ ਧੂੜਾਂ ਚੱਟ ਰਹੇ ਹਨ।

ਇਨ੍ਹਾਂ ਮੈਡੀਕਲ ਪ੍ਰਤੀ ਪੂਰਤੀ ਬਿੱਲਾਂ ਦਾ ਸਮੇਂ ਸਿਰ ਨਿਪਟਾਰਾ ਨਾ ਹੋਣ ਕਰਕੇ ਟਰਾਂਸਪੋਰਟ ਵਿਭਾਗ ਵਿੱਚੋਂ ਸੇਵਾਮੁਕਤ ਹੋਏ ਪੈਨਸ਼ਨਰਾਂ ਨੂੰ ਮਾਨਸਿਕ ਤੇ ਆਰਥਿਕ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਸਬੰਧ 'ਚ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾਈ ਵਰਕਿੰਗ ਚੇਅਰਮੈਨ ਅਵਤਾਰ ਸਿੰਘ ਗਗੜਾ, ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ ਅਤੇ ਗੁਰਜੀਤ ਸਿੰਘ ਘੋੜੇਵਾਹ, ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ ਅਤੇ ਮੁੱਖ ਜੱਥੇਬੰਦਕ ਸਕੱਤਰ ਅਵਤਾਰ ਸਿੰਘ ਤਾਰੀ ਨੇ ਦੱਸਿਆ ਹੈ ਕਿ ਜਥੇਬੰਦੀ ਦੇ ਆਹੁਦੇਦਾਰ ਇਹ ਮਾਮਲਾ ਟਰਾਂਸਪੋਰਟ ਵਿਭਾਗ ਪੰਜਾਬ ਦੇ ਅਧਿਕਾਰੀਆਂ ਨਾਲ ਜਥੇਬੰਦੀ ਦੇ ਆਗੂਆਂ ਦੀਆਂ ਹੋਈਆਂ ਮੀਟਿੰਗਾਂ ਵਿੱਚ ਪੂਰੇ ਜੋਰ ਸ਼ੋਰ ਨਾਲ ਉਠਾ ਚੁੱਕੇ ਹਨ। ਪਰ ਹਰ ਵਾਰ ਮੀਟਿੰਗਾਂ ਵਿੱਚ ਦਿੱਤੇ ਗਏ ਭਰੋਸਿਆਂ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਜਾਂਦਾ ਤੇ ਹਰ ਵਾਰ ਪਰਨਾਲਾ ਉੱਥੇ ਦਾ ਉੱਥੇ ਹੀ ਰਹਿ ਜਾਂਦਾ ਹੈ।

ਆਗੂਆਂ ਦੱਸਿਆ ਕਿ ਜਥੇਬੰਦੀ ਦੇ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਕਈ ਵਾਰ ਵਿੱਤ ਵਿਭਾਗ ਪੰਜਾਬ ਸਰਕਾਰ ਵੱਲੋਂ ਟਰਾਂਸਪੋਰਟ ਵਿਭਾਗ ਦੀ ਮੰਗ ਅਨੁਸਾਰ ਪੈਨਸ਼ਨਰਾਂ ਦੇ ਮੈਡੀਕਲ ਪ੍ਰਤੀ ਪੂਰਤੀ ਬਿੱਲਾਂ ਦੇ ਨਿਪਟਾਰੇ ਲਈ ਲੋੜੀਂਦਾ ਬੱਜਟ ਹੀ ਨਹੀਂ ਭੇਜਿਆ ਜਾਂਦਾ।ਬੱਜਟ ਦੀ ਅਣਹੋਂਦ ਕਾਰਨ ਸਬੰਧਤ ਪੈਨਸ਼ਨਰਾਂ ਦੇ ਮੈਡੀਕਲ ਬਿੱਲ ਖ਼ਜ਼ਾਨਾ ਦਫ਼ਤਰਾਂ ਵਿੱਚ ਸਬਮਿਟ ਹੀ ਨਹੀਂ ਹੁੰਦੇ, ਅਦਾਇਗੀ ਹੋਣਾ ਤਾਂ ਬਹੁਤ ਦੂਰ ਦੀ ਗੱਲ ਬਣੀ ਹੋਈ ਹੈ।ਇਸ ਕਰਕੇ ਅਦਾਇਗੀਆਂ ਕਈ ਕਈ ਮਹੀਨੇ ਤੇ ਸਾਲ ਲਟਕ ਜਾਂਦੀਆਂ ਹਨ।ਜਥੇਬੰਦੀ ਦੇ ਆਗੂਆਂ ਨੇ ਟਰਾਂਸਪੋਰਟ ਵਿਭਾਗ, ਸਿਹਤ ਵਿਭਾਗ ਤੇ ਵਿੱਤ ਵਿਭਾਗ ਪੰਜਾਬ ਦੇ ਉੱਚ ਅਧਿਕਾਰੀਆਂ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਟਰਾਂਸਪੋਰਟ ਵਿਭਾਗ ਦੇ ਪੈਨਸ਼ਨਰਾਂ ਦੇ ਲਮਕ ਅਵਸਥਾ ਵਿੱਚ ਪਏ ਬਿੱਲਾਂ ਦਾ ਜਲਦੀ ਤੋਂ ਜਲਦੀ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ।ਆਗੂਆਂ ਅੱਗੇ ਕਿਹਾ ਕਿ ਜੇਕਰ ਇਸ ਮਸਲੇ ਨੂੰ ਗੰਭੀਰਤਾ ਨਾਲ ਨਾ ਲਿਆ ਗਿਆ ਤਾਂ ਜਲਦੀ ਹੀ ਪੰਜਾਬ ਪੈਨਸ਼ਨਰ ਯੂਨੀਅਨ ਵੱਲੋਂ ਇਸ ਮਾਮਲੇ ਨੂੰ ਲੈ ਕੇ ਸੰਘਰਸ਼ ਦੀ ਰੂਪ-ਰੇਖਾ ਉਲੀਕੀ ਜਾਵੇਗੀ।

## ਭਾਖੜਾ, ਪੌਂਗ ਤੇ ਰਣਜੀਤ ਸਾਗਰ ਡੈਮ 'ਚ ਪਾਣੀ ਦਾ ਪੱਧਰ ਘਟਣਾ ਚਿੰਤਾ ਦਾ ਵਿਸ਼ਾ

**ਗਰਮੀਆਂ 'ਚ ਸੰਕਟ ਹੋਰ ਡੂੰਘਾ ਹੋਣ ਦਾ ਖਦਸ਼ਾ**

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਤੇ ਉੱਤਰ ਭਾਰਤ ਲਈ ਜੀਵਨ ਰੇਖਾ ਮੰਨੇ ਜਾਣ ਵਾਲੇ ਭਾਖੜਾ ਡੈਮ ਸਣੇ ਪੌਂਗ ਤੇ ਰਣਜੀਤ ਸਾਗਰ ਡੈਮ ਇਸ ਸਮੇਂ ਘਟਦੇ ਪਾਣੀ ਦੇ ਪੱਧਰ ਦੀ ਚੁਣੌਤੀ ਦਾ ਸਾਹਮਣਾ ਕਰ ਰਹੇ ਹਨ।ਪਹਾੜਾਂ 'ਤੇ ਬਰਫਬਾਰੀ ਤਾਂ ਹੋਈ ਹੈ, ਪਰ ਇਸ ਵਾਰੀ ਉਮੀਦ ਤੋਂ ਘੱਟ ਇਸ ਦਾ ਪਿਘਲਣਾ ਚਿੰਤਾ ਦਾ ਵਿਸ਼ਾ ਬਣ ਰਿਹਾ ਹੈ।ਇਸ ਕਾਰਨ ਕੈਚਮੈਂਟ ਖੇਤਰਾਂ ਤੋਂ ਘੱਟ ਪਾਣੀ ਆ ਰਿਹਾ ਹੈ।

ਭਾਖੜਾ ਡੈਮ ਦੀ ਗੱਲ ਕਰੀਏ ਤਾਂ ਪਿਛਲੇ 24 ਘੰਟਿਆਂ 'ਚ ਪਾਣੀ ਦੇ ਪੱਧਰ ਦੇ ਮਾਮਲਿਆਂ 'ਚ 0.38 ਫੁੱਟ ਥੋੜ੍ਹਾ ਵਾਧਾ ਦਰਜ ਕੀਤਾ ਗਿਆ ਹੈ ਅਤੇ ਪਾਣੀ ਦਾ ਪੱਧਰ 1559.84 ਫੁੱਟ 'ਤੇ ਪਹੁੰਚ ਗਿਆ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ 8.45 ਫੁੱਟ ਘੱਟ ਹੈ।ਸੰਨ 2024 'ਚ ਇਸੇ ਦਿਨ ਇਹ ਪੱਧਰ 1568.29 ਫੁੱਟ ਸੀ।ਪਾਣੀ ਦਾ ਆਉਣਾ ਵੀ ਚਿੰਤਾਜਨਕ ਸਥਿਤੀ ਵਿੱਚ ਹੈ।ਪਿਛਲੇ ਸਾਲ ਦੀ 31346 ਕਿਊਸਿਕ ਦੇ ਮੁਕਾਬਲੇ ਇਸ ਵਾਰੀ ਇਹ 28529 ਕਿਊਸਿਕ ਹੈ।ਵਰਤਮਾਨ 'ਚ 25763 ਕਿਊਸਿਕ ਪਾਣੀ ਹੀ ਛੱਡਿਆ ਜਾ ਰਿਹਾ ਹੈ, ਜਿਸ ਨਾਲ ਡੈਮ ਦੇ ਪਾਣੀ ਦੇ ਪੱਧਰ ਨੂੰ ਸਥਿਰ ਰੱਖਣ ਦਾ ਯਤਨ ਕੀਤਾ ਜਾ ਰਿਹਾ ਹੈ, ਪਰ ਪਾਣੀ ਆਉਣ ਦੀ ਤੁਲਨਾ 'ਚ ਨਿਕਾਸ ਵੱਧ ਹੋਣ ਕਾਰਨ ਸੰਤੁਲਨ ਬਣਾਉਣਾ ਔਖਾ ਹੋ ਰਿਹਾ ਹੈ।

ਭਾਖੜਾ ਡੈਮ ਦਾ ਕੈਚਮੈਂਟ ਇਲਾਕਾ ਕਾਫੀ ਵੱਡਾ ਤੇ ਭੂਗੋਲਿਕ ਰੂਪ 'ਚ ਵਿਭਿੰਨਤਾ ਵਾਲਾ ਹੈ।ਇਹ ਖੇਤਰ ਮੁੱਖ ਤੌਰ 'ਤੇ ਹਿਮਾਚਲ ਪ੍ਰਦੇਸ਼ ਦੇ ਉਪਰਲੇ ਪਹਾੜਾਂ ਤੋਂ ਸ਼ੁਰੂ ਹੁੰਦਾ ਹੈ ਤੇ ਸਤਲੁਜ ਨਦੀ ਰਾਹੀਂ ਪਾਣੀ ਨੂੰ ਭਰਦਾ ਹੈ।ਭਾਖੜਾ ਡੈਮ 'ਚ ਪਾਣੀ ਦੀ ਮੁੱਖ ਆਵਕ ਸਤਲੁਜ ਨਦੀ ਦੁਆਰਾ ਹੁੰਦੀ ਹੈ, ਜੋ ਤਿੱਬਤ ਦੇ ਮਾਨਸਰੋਵਰ ਖੇਤਰ ਤੋਂ ਨਿਕਲ ਕੇ ਭਾਰਤ 'ਚ ਦਾਖਲ ਹੁੰਦੀ ਹੈ।ਹਿਮਾਚਲ ਪ੍ਰਦੇਸ਼ ਦੇ ਬਰਫੀਲੇ ਇਲਾਕਿਆਂ ਜਿਵੇਂ ਕਿ ਸਪੀਤੀ, ਕਿਨੌਰ ਤੇ ਰਾਮਪੁਰ ਖੇਤਰਾਂ ਤੋਂ ਹੁੰਦੇ ਹੋਏ ਨੰਗਲ ਦੇ ਕੋਲ ਭਾਖੜਾ ਡੈਮ 'ਚ ਪਹੁੰਚਦੀ ਹੈ, ਜੇਕਰ ਇਨ੍ਹਾਂ ਖੇਤਰਾਂ 'ਚ ਸਮੇਂ 'ਤੇ ਬਰਫ ਨਹੀਂ ਪਿਘਲਦੀ ਤਾਂ ਪਾਣੀ ਦੇ ਪੱਧਰ ਵਿੱਚ ਕਮੀ ਆਉਣੀ ਕੁਦਰਤੀ ਹੈ।

ਪੌਂਗ ਡੈਮ ਦੀ ਸਥਿਤੀ ਵੀ ਬਿਹਤਰ ਨਹੀਂ ਹੈ।ਇਸ ਦੇ ਪਾਣੀ ਦਾ ਪੱਧਰ 1293.56 ਫੁੱਟ 'ਤੇ ਆ ਚੁੱਕਾ ਹੈ, ਜਦਕਿ ਪਿਛਲੇ ਸਾਲ ਇਹ 1317.78 ਫੁੱਟ ਸੀ।ਪਾਣੀ ਦਾ ਆਉਣਾ ਇੱਥੇ ਵੀ 4373 ਕਿਊਸਿਕ ਤੱਕ ਸੀਮਿਤ ਰਿਹਾ ਹੈ, ਜੋ ਡੈਮ ਤੋਂ ਛੱਡੇ ਜਾ ਰਹੇ 4009 ਕਿਊਸਿਕ ਪਾਣੀ ਦੇ ਲਗਭਗ ਬਰਾਬਰ ਹੈ।ਰਣਜੀਤ ਸਾਗਰ ਡੈਮ ਵਿੱਚ ਬੇਸ਼ੱਕ ਪਾਣੀ ਦਾ ਪੱਧਰ ਇਸ ਵਾਰ 507.18 ਮੀਟਰ ਤੱਕ ਪਹੁੰਚ ਗਿਆ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ 504.98 ਮੀਟਰ ਤੋਂ ਥੋੜ੍ਹਾ ਵੱਧ ਹੈ, ਪਰ ਇੱਥੇ ਵੀ ਪਾਣੀ ਆਉਣ ਦੀ ਸਥਿਤੀ ਬੇਹੱਦ ਚਿੰਤਾ ਵਾਲੀ ਹੈ।ਪਿਛਲੇ ਸਾਲ ਜਿੱਥੇ 11429 ਕਿਊਸਿਕ ਪਾਣੀ ਆ ਰਿਹਾ ਸੀ, ਉੱਥੇ ਇਸ ਵਾਰ ਇਹ ਅੰਕੜਾ ਘਟ ਕੇ ਸਿਰਫ 7188 ਕਿਊਸਿਕ ਤੱਕ ਸੀਮਤ ਹੋ ਗਿਆ ਹੈ।

ਵਿਸ਼ੇ ਦੇ ਮਾਹਰ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਪਹਾੜਾਂ 'ਤੇ ਬਰਫ਼ ਦਾ ਪਿਘਲਣਾ ਜਲਦੀ ਸ਼ੁਰੂ ਨਹੀਂ ਹੁੰਦਾ ਤਾਂ ਆਉਣ ਵਾਲੇ ਦਿਨਾਂ 'ਚ ਪੰਜਾਬ ਸਮੇਤ ਪੂਰੇ ਉੱਤਰ ਭਾਰਤ ਨੂੰ ਪਾਣੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਸਿੰਚਾਈ, ਊਰਜਾ ਤੇ ਪੀਣ ਵਾਲੇ ਪਾਣੀ ਵਰਗੇ ਜ਼ਰੂਰੀ ਖੇਤਰਾਂ 'ਤੇ ਇਸ ਦਾ ਵੱਡਾ ਅਸਰ ਪਵੇਗਾ।ਇਸ ਸੰਭਾਵਿਤ ਸੰਕਟ ਨੂੰ ਸਮਝਦੇ ਹੋਏ ਪੰਜਾਬ ਸਰਕਾਰ ਨੇ ਇੱਕ ਫੈਸਲਾ ਲੈਂਦਿਆਂ ਪਿਛਲੇ ਦਿਨੀਂ ਹਰਿਆਣਾ ਨੂੰ ਵਾਧੂ ਪਾਣੀ ਨਾ ਦੇਣ ਤੇ ਛੇ ਮਹੀਨੇ ਪਹਿਲਾਂ ਹੀ ਹਰਿਆਣਾ ਨੂੰ ਪਾਣੀ ਦੀ ਸੰਜਮ ਨਾਲ ਵਰਤੋਂ ਵਾਲੇ ਸੁਨੇਹੇ ਭੇਜੇ ਸਨ।

# ਚੱਲੇ ਤੇਜ਼ ਝੱਖੜ ਤੇ ਹਨੇਰੀ ਕਾਰਨ ਆਮ ਜਨਜੀਵਨ ਉੱਥਲ-ਪੁੱਥਲ

**ਵੇਰਕਾ (ਰਾਣਾ)**- ਰਾਤ ਚੱਲੇ ਤੇਜ਼ ਝੱਖੜ ਅਤੇ ਹਨੇਰੀ ਕਾਰਨ ਆਮ ਜਨ-ਜੀਵਨ ਅਸਤ-ਵਿਅਸਤ ਹੋ ਗਿਆ ਜਿਸ ਕਾਰਨ ਲੋਕਾਂ ਨੂੰ ਦਫਤਰਾਂ, ਕੰਮਾਂ-ਕਾਰਾਂ ਤੋਂ ਆਪਣੇ ਘਰਾਂ ਨੂੰ ਪਹੁੰਚਣ 'ਚ ਭਾਰੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ।ਇਸ ਮੌਕੇ ਮੀਂਹ, ਹਨੇਰੀ ਤੇ ਝੱਖੜ ਇੰਨੇ ਤੇਜ਼ ਸਨ ਕਿ ਰਾਹਗੀਰ ਡਾਢੇ ਪ੍ਰੇਸ਼ਾਨ ਹੋਏ।ਉਡਦੀ ਧੂੜ ਮਿੱਟੀ ਕਾਰਨ ਕੁਝ ਨਜ਼ਰ ਨਹੀਂ ਸੀ ਆਉਂਦਾ।ਵੱਡੇ-ਵੱਡੇ ਰੁੱਖਾਂ ਦੇ ਟਾਹਣੇ ਹੀ ਨਹੀਂ ਟੁੱਟੇ, ਸਗੋਂ ਕਈ ਤਾਂ ਵੱਡੇ ਦਰੱਖਤ ਵੀ ਮੁੱਢ ਪੁੱਟੇ ਗਏ।ਸ਼ਹਿਰਾਂ ਤੇ ਪਿੰਡਾਂ ਵਿੱਚ ਬਿਜਲੀ ਗੁੱਲ ਹੋ ਗਈ।ਇਸ ਦੌਰਾਨ ਸ਼ਹਰੀ ਖੇਤਰ ਦੀ ਬਿਜਲੀ ਤਾਂ ਭਾਵੇਂ ਔਖੀ ਰਾਤ ਨੂੰ ਚਾਲੂ ਕਰ ਦਿੱਤੀ ਸੀ ਪ੍ਰੰਤੂ ਪੇਂਡੂ ਖੇਤਰ ਵਿੱਚ ਡਿੱਗੇ ਦਰੱਖਤਾਂ ਨਾਲ ਥਾਂ-ਥਾਂ ਤੋਂ ਟੁੱਟੀਆਂ ਬਿਜਲੀ ਦੀਆਂ ਤਾਰਾਂ ਕਾਰਨ ਰਾਤ ਤੋਂ ਲੈ ਕੇ ਲਗਭਗ ਅਗਲੀ ਸ਼ਾਮ ਤੱਕ ਬਿਜਲੀ ਸਪਲਾਈ ਨਹੀਂ ਚਾਲੂ ਹੋ ਸਕੀ ਜਿਸ ਕਾਰਨ ਪਿੰਡਾਂ ਦੇ ਲੋਕਾਂ ਨੂੰ ਭਾਰੀ ਮੁਸ਼ਕਿਲ ਝੱਲਣੀ ਪਈ।ਲੋਕ ਪੀਣ ਵਾਲੇ ਪਾਣੀ ਦੀ ਬੂੰਦ-ਬੂੰਦ ਲਈ ਤਰਸਦੇ ਦੇਖੇ ਗਏ।ਇੰਝ ਲੱਗਦਾ ਸੀ ਜੀਵਨ ਜਿਵੇਂ ਥੰਮ੍ਹ ਜਿਹਾ ਗਿਆ ਹੋਵੇ।

## ਪੀ ਐਮ ਸ੍ਰੀ ਸਕੂਲ 'ਚ ਵਿਦਿਆਰਥੀਆਂ ਨੂੰ ਰਾਸ਼ਟਰੀ ਏਕਤਾ ਤੇ ਅਖੰਡਤਾ ਬਾਰੇ ਕਰਵਾਇਆ ਜਾਣੂ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੀ. ਐਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦੇ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਵੱਲੋਂ ਸਵੇਰ ਦੀ ਸਭਾ ਰਾਸ਼ਟਰੀ ਏਕਤਾ ਸਬੰਧੀ ਵਿਦਿਆਰਥੀਆਂ ਨੂੰ ਅਹਿਮ ਜਾਣਕਾਰੀ ਦਿੱਤੀ ਗਈ।ਪ੍ਰਿੰਸੀਪਲ ਕੌਸ਼ਲ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਭਾਰਤ ਇਕ ਅਜਿਹਾ ਦੇਸ਼ ਹੈ ਜਿੱਥੇ ਵੱਖ-ਵੱਖ ਧਰਮਾਂ, ਖੇਤਰ, ਪਰੰਪਰਾਵਾਂ, ਨਸਲ, ਜਾਤੀ, ਰੰਗ ਅਤੇ ਪੱਖ ਦੇ ਲੋਕ ਰਹਿੰਦੇ ਹਨ।ਇਸੇ ਲਈ ਭਾਰਤ ਵਿਚ ਲੋਕਾਂ ਦਾ ਏਕੀਕਰਣ ਜ਼ਰੂਰੀ ਹੈ।ਜਿੱਥੇ ਏਕਤਾ ਦੁਆਰਾ ਅਲੱਗ-ਅਲੱਗ ਧਰਮਾਂ ਅਤੇ ਸੰਸਕ੍ਰਿਤੀ ਦੇ ਲੋਕ ਇੱਕਠੇ ਰਹਿੰਦੇ ਹਨ ਉਥੇ ਕੋਈ ਵੀ ਸਮਾਜਿਕ ਜਾਂ ਵਿਚਾਰਾਤਮਕ ਸਮੱਸਿਆ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਰਾਸ਼ਟਰੀ ਅਖੰਡਤਾ ਦਾ ਭਾਵ ਭਾਰਤੀ ਸੰਸਕ੍ਰਿਤੀ ਦੇ ਮੂਲ ਨਾਲ ਜੁੜੇ ਰਹਿਣਾ ਹੈ। ਇਸ ਦੇ ਲਈ ਸਾਡੇ ਪੁਰਵਜਾਂ ਨੇ ਆਪਣਾ ਪੂਰਾ ਜੀਵਨ ਖਪਾਇਆ ਹੈ।ਉਨ੍ਹਾਂ ਨੇ ਇਸ ਨੂੰ ਬਣਾਈ ਰੱਖਣ ਲਈ ਆਪਣੇ ਪ੍ਰਾਣ ਦੇ ਦਿੱਤੇ।ਰਾਸ਼ਟਰੀ ਏਕਤਾ ਅਤੇ ਅਖੰਡਤਾ ਭਾਰਤ ਦੀ ਸ਼ਕਤੀ ਹੈ।ਇਹੀ ਸ਼ਕਤੀ ਸਾਨੂੰ ਅਟੁੱਟੀ ਅਤੇ ਅਜੇਤੂ ਬਣਾਉਂਦੀ ਹੈ।ਭਾਰਤ ਆਪਣੀ ਰਾਸ਼ਟਰੀ ਅਖੰਡਤਾ ਦੇ ਬਲ 'ਤੇ ਹੀ ਵਿਸ਼ਵ ਦਾ ਸਿਰਮੌਰ ਬਣਨ ਦੀ ਦਿਸ਼ਾ ਵਿਚ ਅੱਗੇ ਵਧ ਰਿਹਾ ਹੈ। ਇਸ ਮੌਕੇ ਵਿਦਿਆਰਥੀਆਂ ਦੇ ਚਾਰਟ ਅਤੇ ਭਾਸ਼ਣ ਮੁਕਾਬਲੇ ਵੀ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਤਕਸੀਮ ਕੀਤੇ ਗਏ।ਇਸ ਸਮੇਂ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

# ਵਿਦਿਆਰਥੀਆਂ ਨੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਸ਼ੈਰੀ ਕਲਸੀ ਨਾਲ ਸਹੁੰ ਚੁੱਕੀ



**ਬਟਾਲਾ (ਡਾ. ਮਲਵਿੰਦਰ ਸਿੰਘ)**- ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਜਗਤ ਪੰਜਾਬੀ ਸਭਾ ਕੈਨੇਡਾ, ਪੰਜਾਬ ਇਕਾਈ ਨੇ ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਨਸ਼ਿਆਂ ਵਿਰੁੱਧ ਜੰਗ ਮੁਹਿੰਮ ਦਾ ਆਯੋਜਨ ਕੀਤਾ ਤਾਂ ਜੋ ਵਿਦਿਆਰਥੀਆਂ ਨੂੰ ਨਸ਼ੇ ਦੀ ਦੁਰਵਰਤੋਂ ਤੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਸਕੇ।ਇਸ ਵਿਸ਼ੇਸ਼ ਪ੍ਰੋਗਰਾਮ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਦੇ ਹੋਏ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ, ਰੰਗੀਨ ਤਿਉਹਾਰਾਂ, ਸੰਗੀਤ, ਨਾਚ ਅਤੇ ਜੀਵਨ ਸ਼ੈਲੀ ਨਾਲ ਜੋੜਨਾ ਸੀ।ਮਾਹਿਰਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਪੰਜਾਬ ਦੀ ਅਸਲ ਪਛਾਣ ਇਸਦੀ ਖੇਤੀਬਾੜੀ, ਲੋਕ ਗੀਤਾਂ, ਭੰਗੜਾ-ਗਿੱਧਾ ਅਤੇ ਭਾਈਚਾਰੇ ਦੀ ਭਾਵਨਾ ਵਿੱਚ ਹੈ ਨਾ ਕਿ ਨਸ਼ੇ ਦੀ ਲਤ ਵਿੱਚ।ਵਿਦਿਆਰਥੀਆਂ ਨੂੰ ਨਸ਼ੇ ਦੀ ਲਤ ਕਾਰਨ ਹੋਣ ਵਾਲੇ ਸਰੀਰਕ, ਮਾਨਸਿਕ, ਸਮਾਜਿਕ ਅਤੇ ਆਰਥਿਕ ਨੁਕਸਾਨ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਦੱਸਿਆ ਗਿਆ ਕਿ ਨਸ਼ਾ ਸਿਰਫ਼ ਵਿਅਕਤੀ ਨੂੰ ਹੀ ਨਹੀਂ ਸਗੋਂ ਪੂਰੇ ਪਰਿਵਾਰ ਅਤੇ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ। ਵਿਧਾਇਕ ਸ਼ੈਰੀ ਕਲਸੀ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਆਪਣੇ ਅਧਿਆਪਕਾਂ, ਮਾਪਿਆਂ ਅਤੇ ਪੁਲਿਸ ਨੂੰ ਨਸ਼ਿਆਂ ਬਾਰੇ ਜਾਣੂ ਕਰਵਾਉਣ ਲਈ ਉਤਸ਼ਾਹਿਤ ਕਰਦੇ ਹੋਏ ਕਿਹਾ ਕਿ ਇਹ ਜਵਾਨੀ ਸੰਭਾਲਣ ਦਾ ਮੌਕਾ ਹੈ ਅਤੇ ਜੇਕਰ ਤੁਸੀਂ ਆਪਣੀ ਨੀਂਹ ਮਜ਼ਬੂਤ ਅਤੇ ਨਸ਼ਿਆਂ ਤੋਂ ਮੁਕਤ ਰੱਖੋਗੇ ਤਾਂ ਤੁਹਾਡਾ ਭਵਿੱਖ ਉਜਵਲ ਹੋਵੇਗਾ। ਸਾਨੂੰ ਸਾਰਿਆਂ ਨੂੰ ਇਸ ਸਮਾਜ ਵਿੱਚੋਂ ਨਸ਼ੇ ਨੂੰ ਖਤਮ ਕਰਨ ਲਈ ਇਕੱਠੇ ਹੋਣਾ ਪਵੇਗਾ। ਸਕੂਲ ਦੇ ਵਿਦਿਆਰਥੀਆਂ ਨੇ ਇਸ ਪ੍ਰੋਗਰਾਮ ਵਿੱਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਨਸ਼ੇ ਤੋਂ ਦੂਰ ਰਹਿਣ ਅਤੇ ਦੂਜਿਆਂ ਨੂੰ ਵੀ ਇਸ ਬਾਰੇ ਜਾਗਰੂਕ ਕਰਨ ਦਾ ਪ੍ਰਣ ਲਿਆ।ਇਸ ਮੌਕੇ ਮੁੱਖ ਮਹਿਮਾਨ ਅਮਨ ਸ਼ੇਰ ਸਿੰਘ ਕਲਸੀ ਅਤੇ ਪੰਜਾਬ ਰਾਜ ਖੁਰਾਕ ਨਿਗਮ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਨੂੰ ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ ਨੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ।

# ਖਾਲਸਾ ਕਾਲਜ ਵਿਖੇ ਇੰਟਰਐਕਟਿਵ ਸੈਸ਼ਨ

**● ਵੱਖ-ਵੱਖ ਥਾਈਂ ਪਲੇਸਮੈਂਟ ਦੇ ਮੌਕਿਆਂ ਬਾਰੇ ਵਿਦਿਆਰਥੀਆਂ ਦਾ ਕੀਤਾ ਮਾਰਗਦਰਸ਼ਨ**



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖਾਲਸਾ ਕਾਲਜ ਦੇ ਕਾਮਰਸ ਵਿਭਾਗ ਵਿਖੇ ਬਜਾਜ ਫਿਨਸਰਵ ਲਿਮਟਿਡ ਦੁਆਰਾ ਇੰਟਰਐਕਟਿਵ ਸੈਸ਼ਨ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਗਏ ਇਸ ਸੈਸ਼ਨ ਮੌਕੇ ਬਜਾਜ ਫਿਨਸਰਵ ਲਿਮਟਿਡ ਤੋਂ ਸ੍ਰੀ ਮਨੋਜ ਪਾਂਡੇ (ਮੈਨੇਜਰ, ਸੀ. ਐੱਸ. ਆਰ.) ਅਤੇ ਪੁਰਵਾ ਕੁਲਗੰਜ (ਮੈਨੇਜਰ, ਸੀ. ਐੱਸ. ਆਰ.) ਨੇ ਸ਼ਿਰਕਤ ਕਰਦਿਆਂ ਵਿਦਿਆਰਥੀਆਂ ਨੂੰ ਵੱਖ-ਵੱਖ ਪਲੇਸਮੈਂਟ ਮੌਕਿਆਂ ਬਾਰੇ ਕਰੀਅਰ ਓਰੀਐਂਟੇਸ਼ਨ 'ਤੇ ਮਾਰਗਦਰਸ਼ਨ ਕੀਤਾ। ਇਹ ਪ੍ਰੋਗਰਾਮ ਪ੍ਰਿੰ: ਡਾ. ਰੰਧਾਵਾ, ਡਾ. ਏ. ਕੇ. ਕਾਹਲੋਂ (ਡੀਨ, ਹੈੱਡ ਅਤੇ ਪ੍ਰੋਗਰਾਮ ਡਾਇਰੈਕਟਰ), ਡਾ. ਅਜ਼ੇ ਸਹਿਗਲ (ਪ੍ਰੋਗਰਾਮ ਕੋਆਰਡੀਨੇਟਰ), ਡਾ. ਨਿਧੀ ਸੱਭਰਵਾਲ ਅਤੇ ਪ੍ਰੋ. ਅਨਿੰਦਿਤਾ ਕੌਰ ਕਾਹਲੋਂ (ਪ੍ਰੋਗਰਾਮ ਕੋ-ਕੋਆਰਡੀਨੇਟਰ) ਦੀ ਨਿਗਰਾਨੀ ਹੇਠ ਆਯੋਜਿਤ ਕੀਤਾ ਗਿਆ। ਇਸ ਮੌਕੇ ਡਾ. ਕਾਹਲੋਂ ਨੇ ਡੈਲੀਗੇਟਾਂ ਦਾ ਸਵਾਗਤ ਕਰਦਿਆਂ ਅਕਾਦਮਿਕ ਅਤੇ ਉਦਯੋਗ ਵਿਚਕਾਰ ਪਾੜੇ ਨੂੰ ਪੂਰਾ ਕਰਨ ਲਈ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਡਾ. ਕਾਹਲੋਂ ਨੇ ਕਿਹਾ ਕਿ ਕਾਮਰਸ ਵਿਦਿਆਰਥੀਆਂ ਲਈ ਕਰੀਅਰ ਦੇ ਬਹੁਤ ਸਾਰੇ ਮੌਕੇ ਹਨ। ਉਨ੍ਹਾਂ ਕਿਹਾ ਕਿ ਕਰੀਅਰ ਕੌਂਸਲਰ ਵਿਦਿਆਰਥੀਆਂ ਨੂੰ ਸਭ ਤੋਂ ਵਧੀਆ ਕਰੀਅਰ ਰਸਤਾ ਚੁਣਨ 'ਚ ਮਦਦ ਕਰ ਸਕਦੇ ਹਨ। ਇਸ ਮੌਕੇ ਡਾ. ਅਜ਼ੇ ਸਹਿਗਲ ਨੇ ਮਹਿਮਾਨਾਂ ਦੇ ਪੇਸ਼ੇਵਰ ਸਫ਼ਰ ਅਤੇ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਡੈਲੀਗੇਟਾਂ ਦਾ ਧੰਨਵਾਦ ਕੀਤਾ। ਇਸ ਪ੍ਰੋਗਰਾਮ 'ਚ 100 ਤੋਂ ਵਧੇਰੇ ਵਿਦਿਆਰਥੀਆਂ ਨੇ ਨੌਕਰੀਆਂ ਲਈ ਲੋੜੀਂਦੇ ਹੁਨਰਾਂ ਅਤੇ ਕਰੀਅਰ ਸੰਭਾਵਨਾਵਾਂ ਬਾਰੇ ਗਿਆਨ ਪ੍ਰਾਪਤ ਕੀਤਾ। ਇਸ ਮੌਕੇ ਡਾ. ਸਵਰਾਜ ਕੌਰ, ਡਾ. ਦੀਪਕ ਦੇਵਗਨ, ਡਾ. ਅਮਰਬੀਰ ਸਿੰਘ ਭੱਲਾ, ਪ੍ਰੋ. ਮੀਨੂ ਚੋਪੜਾ, ਡਾ. ਹਰਪ੍ਰੀਤ ਕੌਰ ਮਹਿਰੋਕ, ਡਾ. ਨਵਪ੍ਰੀਤ ਕੁਲਾਰ, ਡਾ. ਸਾਮੀਆ ਆਦਿ ਮੌਜੂਦ ਸਨ।

## ਹੰਗਾਮਾ ਓਟੀਟੀ ਵੱਲੋਂ ਇੱਕ ਨਵਾਂ ਮਨੋਵਿਗਿਆਨਕ ਥ੍ਰਿਲਰ ਲਾਂਚ

**ਚੰਡੀਗੜ੍ਹ** : ਹੰਗਾਮਾ ਓਟੀਟੀ ਨੇ ਆਪਣੀ ਨਵੀਨਤਮ ਮੂਲ ਲੜੀ ਮੋਨਾ ਕੀ ਮਨੋਹਰ ਕਹਾਣੀਆਂ ਲਾਂਚ ਕੀਤੀ, ਜੋ ਕਿ ਹੇਰਾਫੇਰੀ ਅਤੇ ਸਸਪੈਂਸ ਨਾਲ ਭਰੀ ਇੱਕ ਮਨੋਵਿਗਿਆਨਕ ਥ੍ਰਿਲਰ ਹੈ।ਸਾਕੇਤ ਯਾਦਵ ਦੁਆਰਾ ਨਿਰਦੇਸ਼ਤ ਅਤੇ ਰਾਜਵੀਰ ਆਹੂਜਾ ਅਤੇ ਸਚਿਨ ਸ਼ਿੰਦੇ ਦੁਆਰਾ ਨਿਰਮਿਤ ਇਸ ਸ਼ੋਅ ਵਿੱਚ ਸ੍ਰਿਸ਼ਟੀ ਰੋਡੇ, ਅੰਕੁਰ ਨਾਇਰ ਅਤੇ ਡੇਜ਼ੀ ਬੋਪੰਨਾ ਮੁੱਖ ਭੂਮਿਕਾਵਾਂ ਵਿੱਚ ਹਨ।ਅੰਕੁਰ ਨਾਇਰ ਨੇ ਦੱਸਿਆ ਕਿ ਇਹ ਇੱਕ ਨਿਯਮਤ ਅਪਰਾਧ ਥ੍ਰਿਲਰ ਨਹੀਂ ਹੈ- ਇਹ ਇੱਕ ਦਿਮਾਗੀ ਖੇਡ ਹੈ।ਡੇਜ਼ੀ ਬੋਪੰਨਾ ਪਵਨ ਦੀ ਪਤਨੀ ਦੀ ਭੂਮਿਕਾ ਨਿਭਾਉਂਦੀ ਹੈ, ਜੋ ਕਿ ਨਿੱਜੀ ਮਤਭੇਦ ਨੂੰ ਸੁਲਝਾਉਣ ਲਈ ਭਾਵਨਾਤਮਕ ਖੇਡ ਖੇਡਦੀ ਹੈ।ਮੋਨਾ ਕੀ ਮਨੋਹਰ ਕਹਾਣੀਆਂ ਦੇ ਸਾਰੇ ਐਪੀਸੋਡ ਹੁਣ ਹੰਗਾਮਾ ਓਟੀਟੀ ਅਤੇ ਟਾਟਾ ਪਲੇ ਬਿੰਜ, ਵਾਚੋ ਅਤੇ ਏਅਰਟੈੱਲ ਐਕਸਸਟ੍ਰੀਮ ਪਲੇ ਸਮੇਤ ਪਲੇਟਫਾਰਮਾਂ ਤੇ ਸਟ੍ਰੀਮ ਕੀਤੇ ਜਾ ਰਹੇ ਹਨ।

# ਕੋਰਟ ਕੰਪਲੈਕਸ ਪਠਾਨਕੋਟ ਵਿਖੇ ਨੈਸ਼ਨਲ ਲੋਕ ਅਦਾਲਤ 'ਚ 10028 ਕੇਸ ਪੇਸ਼, 9181 ਕੇਸਾਂ ਦਾ ਨਿਪਟਾਰਾ



**ਪਠਾਨਕੋਟ (ਦਵਿੰਦਰ ਸਿੰਘ)**- ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਦੇ ਚੇਅਰਮੈਨ ਕਮ ਜ਼ਿਲਾ ਅਤੇ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਦੀ ਅਗਵਾਈ ਵਿੱਚ ਕੋਰਟ ਕੰਪਲੈਕਸ ਪਠਾਨਕੋਟ ਵਿਖੇ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਅਤੇ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਨੇ ਦੱਸਿਆ ਕਿ ਨੈਸ਼ਨਲ ਲੋਕ ਅਦਾਲਤ ਵਿੱਚ 9 ਬੈਂਚ ਲਗਾਏ ਗਏ ਸਨ, ਜਿਨ੍ਹਾਂ ਵਿੱਚ ਜ਼ਿਲਾ ਤੇ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ, ਫੈਮਲੀ ਕੋਰਟ ਜੱਜ ਜਸਵੀਰ ਕੌਰ, ਰਾਜਵੰਤ ਕੌਰ ਜੱਜ ਸੀਨੀਅਰ ਡਿਵੀਜ਼ਨ, ਗੁਰਸ਼ੇਰ ਸਿੰਘ ਜੱਜ ਸੀਨੀਅਰ ਡਿਵੀਜ਼ਨ, ਰਵਨੀਤ ਕੌਰ ਬੇਦੀ ਜੱਜ ਜੂਨੀਅਰ ਡਵੀਜ਼ਨ, ਅਰਵਿੰਦ ਸਿੰਘ ਜੱਜ ਜੂਨੀਅਰ ਡਿਵੀਜ਼ਨ, ਸਤਨਾਮ ਸਿੰਘ ਜੱਜ ਜੂਨੀਅਰ ਡਵੀਜ਼ਨ, ਅਸਦੀਪ ਸਿੰਘ ਜੱਜ ਜੂਨੀਅਰ ਡਵੀਜ਼ਨ, ਚਰਨਜੀਤ ਸਿੰਘ ਪਰਮਾਨੈਂਟ ਲੋਕ ਅਦਾਲਤ ਦੇ ਬੈਂਚ ਲਗਾਏ ਗਏ।ਇਸ ਮੌਕੇ ਤੇ ਸਕੱਤਰ-ਕਮ-ਸੀਜੇਐੱਮ ਰੁਪਿੰਦਰ ਸਿੰਘ ਵੀ ਸ਼ਾਮਿਲ ਸਨ। ਇਸ ਲੋਕ ਅਦਾਲਤ ਵਿੱਚ 10028 ਕੇਸ ਪੇਸ਼ ਕੀਤੇ ਗਏ ਜਿਨਾਂ ਵਿੱਚੋਂ 9181 ਕੇਸਾਂ ਦਾ ਨਿਪਟਾਰਾ ਆਪਸੀ ਸਹਿਮਤੀ ਨਾਲ ਕੀਤਾ ਗਿਆ।ਇਸ ਮੌਕੇ 2,9144097 ਰੁਪਏ ਦੇ ਆਵਾਰਡ ਪਾਸ ਕੀਤੇ ਗਏ, ਪੋਕਸੋ ਐਕਟ ਦੇ ਤਹਿਤ ਪੀੜਤਾਂ ਨੂੰ 6,75500 ਰੁਪਏ ਮੁਆਵਜ਼ੇ ਦੀਆਂ ਕਾਪੀਆਂ ਵੰਡਿਆਂ ਗਈਆਂ। ਉਨਾਂ ਦੱਸਿਆ ਕਿ ਲੋਕ ਅਦਾਲਤਾਂ ਵਿੱਚ ਜਿਹੜਾ ਫੈਸਲਾ ਹੁੰਦਾ ਹੈ ਉਹ ਆਖਰੀ ਫੈਸਲਾ ਹੁੰਦਾ ਹੈ ਇਸ ਫੈਸਲੇ ਦੇ ਖਿਲਾਫ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸਾਨੂੰ ਵੱਧ ਤੋਂ ਵੱਧ ਆਪਣੇ ਕੇਸ ਲੋਕ ਅਦਾਲਤ ਵਿੱਚ ਲਗਾ ਕੇ ਆਪਣੇ ਝਗੜੇ ਮੁਕਾਉਣੇ ਚਾਹੀਦੇ ਹਨ।

# ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੀ ਚੋਣ ਸ਼ਫਲਤਾਪੂਰਵਕ ਸੰਪੰਨ



**ਗੁਰਦਾਸਪੁਰ (ਦਿਨੇਸ਼ ਕੁਮਾਰ)**- ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਾਜੇਸ਼ ਸ਼ਰਮਾ, (ਸਟੇਟ ਐਵਾਰਡੀ) ਅਤੇ ਅਨੀਤਾ; ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੀ ਚੋਣ ਸ਼ਫਲਤਾਪੂਰਵਕ ਸੰਪੰਨ ਹੋ ਗਈ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਡੀਈਓ. ਸੈਕੰ: ਰਾਜੇਸ਼ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਸਿੱਖਿਆ ਵਿਭਾਗ ਦੀ ਖੇਡ ਕਮੇਟੀ ਦੋ ਸਾਲਾਂ ਲਈ ਚੁਣੀ ਗਈ ਹੈ।ਇਸ ਚੋਣ ਨੂੰ ਨੇਪਰੇ ਚਾੜ੍ਹਨ ਲਈ ਪ੍ਰਿੰਸੀਪਲ ਅਨਿਲ ਭੱਲਾ (ਸਕੂਲ਼ ਆਫ ਐਮੀਨੈਂਸ ਗੁਰਦਾਸਪੁਰ), ਗੀਤਿਕਾ ਗੋਸਵਾਮੀ (ਬੀਐੱਨਓ, ਹੈੱਡਮਿਸਟ੍ਰੈਸ ਸਹਸ ਬੱਬਰੀ), ਦਵਿੰਦਰ ਕੁਮਾਰ (ਬੀਐੱਨਓ, ਹੈੱਡਮਾਸਟਰ ਸਹਸ ਸਾਧੂਚੱਕ), ਨੀਤਿਕਾ ਭੱਲਾ (ਹੈੱਡਮਿਸਟ੍ਰੈੱਸ ਸਹਸ ਤਿੱਬੜ), ਹੈੱਡਮਾਸਟਰ ਨਰਿੰਦਰ ਮਹਿਤਾ ਵੱਲੋਂ ਪਾਰਦਰਸ਼ੀ ਢੰਗ ਨਾਲ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੀ ਚੋਣ ਕਾਰਵਾਈ ਗਈ।ਉਨ੍ਹਾਂ ਦੱਸਿਆ ਕਿ ਇਕਬਾਲ ਸਿੰਘ ਸਮਰਾ (ਹੈੱਡਮਾਸਟਰ ਸਹਸ ਸੀੜਾ) ਨੂੰ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਗੁਰਦਾਸਪੁਰ ਦਾ ਉਪ ਪ੍ਰਧਾਨ , ਮੁਕੇਸ਼ ਕੁਮਾਰ (ਲੈਕਚਰਾਰ ਸ ਕੰਨਿਆ ਸੀ. ਸੈ. ਸਕੂਲ ਦੀਨਾਨਗਰ) ਨੂੰ ਜਨਰਲ ਸਕੱਤਰ, ਪ੍ਰਦੀਪ ਕੁਮਾਰ ਲੈਕਚਰਾਰ (ਸ ਸੀ. ਸੈ. ਸ ਘਣੀਏ ਕੇ ਬਾਂਗਰ) ਨੂੰ ਸਹਾਇਕ ਸਕੱਤਰ, ਗੁਰਪ੍ਰੀਤ ਸਿੰਘ ਸਹਸ ਸਾਹੋਵਾਲ ਨੂੰ ਟੈਕਨੀਕਲ ਮੈਂਬਰ ਚੁਣਿਆ ਗਿਆ। ਉਨ੍ਹਾਂ ਦੇ ਨਾਲ ਨਾਲ ਉਰਮਿਲਾ ਅਤੇ ਸੰਜੀਵ ਕੁਮਾਰ ਨੂੰ ਮੈਂਬਰ ਚੁਣਿਆ ਗਿਆ।ਉਨ੍ਹਾਂ ਨਵੇਂ ਚਿਣੇ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।ਇਸ ਮੌਕੇ ਪਰਦੀਪ ਅਰੋੜਾ, ਵੋਕੇਸ਼ਨਲ ਕੋਆਰਡੀਨੇਟਰ, ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ, ਗੁਰਦਾਸਪੁਰ, ਰਾਜਦੀਪ ਸਿੰਘ, ਡੀਪੀਆਈ ਸਿੱਧਵਾਂ, ਰਾਜਵਿੰਦਰ ਸਿੰਘ, ਲੈਕਚਰਾਰ ਪਨੀਆੜ, ਹਰਪਾਲ ਸਿੰਘ ਲੈਕਚਰਾਰ ਅਲੀਵਾਲ, ਸੁਨੀਲ ਕੁਮਾਰ, ਪੀਟੀਆਈ ਹਕੀਮਪੁਰ, ਮਨਜੀਤ ਕੌਰ ਡੀਪੀਈ , ਰਜਿੰਦਰ ਕੁਮਾਰ ਕਾਲੇਨੰਗਲ, ਲੈਕਚਰਾਰ ਰਜਵੰਤ ਕੌਰ, ਸਤਿੰਦਰ ਕੌਰ, ਸਰਬਜੀਤ ਸਿੰਘ, ਵਿਜੇ ਕੁਮਾਰ ਲੈਕਚਰਾਰ, ਜ਼ਿਲ੍ਹੇ ਦੇ ਸਾਰੇ ਪੀਟੀਈ/ਡੀਪੀਈ ਅਤੇ ਲੈਕਚਰਾਰ ਸਾਹਿਬਾਨ ਹਾਜ਼ਰ ਸਨ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਸਵਾਗਤ



**ਪੱਟੀ (ਬਲਦੇਵ ਸਿੰਘ ਸੰਧੂ)**- ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਪੱਟੀ ਦੀ ਮਹੀਨਾਵਾਰ ਮੀਟਿੰਗ ਹੋਈ ।ਮੀਟਿੰਗ 'ਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ ਮੌਕੇ ਉਨ੍ਹਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਜੀਵਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ।ਇਸ ਮੌਕੇ ਸ਼ਮਸ਼ੇਰ ਸਿੰਘ ਬਾਜਵਾ ਨੇ ਏਜੰਡਿਆਂ ਤੋਂ ਜਾਣੂ ਕਰਵਾਇਆ।ਇਸ ਮੌਕੇ ਸੂਬਾ ਆਗੂ ਨਛੱਤਰ ਸਿੰਘ ਚੀਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਐਸੋਸੀਏਸ਼ਨ ਪੂਰੀ ਤਰ੍ਹਾਂ ਲੋਕ ਭਲਾਈ ਦੇ ਕੰਮਾਂ ਨੂੰ ਸਮਰਪਿਤ ਹੋ ਕੇ ਲੋਕਾਂ ਦੀ ਸੇਵਾ ਕਰਦੀ ਰਹੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਦਾ ਐਸੋਸੀਏਸ਼ਨ ਸਵਾਗਤ ਕਰਦੀ ਹੈ ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਚੱਲ ਰਹੇ ਨਸ਼ਿਆ ਦੇ ਛੇਵੇਂ ਦਰਿਆ ਨੂੰ ਠੱਲ੍ਹ ਪਾਉਣ ਲਈ ਜਥੇਬੰਦੀ ਸਰਕਾਰ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਤਿਆਰ ਪਰ ਸ਼ਰਤ ਇਹ ਹੈ ਕਿ ਸਰਕਾਰ ਦੀ ਨਸ਼ਿਆ ਖ਼ਿਲਾਫ਼ ਠੱਲ੍ਹ ਪਾਉਣ ਵਾਲੀ ਨੀਤ ਤੇ ਨੀਤੀ ਸਾਫ ਹੋਣੀ ਚਾਹੀਦੀ।ਇਸ ਮੌਕੇ ਗੁਰਜੀਤ ਸਿੰਘ ਦੁੱਬਲੀ ਨੇ ਕਿਹਾ ਕਿ ਨਸ਼ੇ ਦੀ ਆੜ ਹੇਠ ਜਥੇਬੰਦੀ ਦੇ ਕਿਸੇ ਵੀ ਸਾਥੀ ਨੂੰ ਪ੍ਰਸ਼ਾਸਨ ਵੱਲੋਂ ਬਿਨਾ ਵਜ੍ਹਾ ਤੰਗ ਪਰੇਸ਼ਾਨ ਨਾ ਕੀਤਾ ਜਾਵੇ ਕਿਉਂਕਿ ਜਥੇਬੰਦੀ ਪਹਿਲਾਂ ਹੀ ਨਸ਼ਿਆਂ, ਭਰੂਣ ਹੱਤਿਆ ਅਤੇ ਹੋਰ ਸਮਾਜਿਕ ਬੁਰਾਈਆਂ ਦੇ ਸਖ਼ਤ ਖਿਲਾਫ਼ ਹੈ।ਇਸ ਮੌਕੇ ਗੁਰਮੇਜ ਸਿੰਘ ਬੱਠੇ ਭੈਣੀ ਨੇ ਆਪਣੇ ਸਾਥੀਆਂ ਨੂੰ ਸਖ਼ਤ ਤਾੜਨਾ ਕਰਦਿਆਂ ਕਿਹਾ ਕਿ ਜੇਕਰ ਕੋਈ ਵੀ ਸਾਥੀ ਗਲਤ ਕੰਮ ਕਰਦਾ ਪਾਇਆ ਗਿਆ ਤਾਂ ਜਥੇਬੰਦੀ ਵੱਲੋਂ ਉਸ ਦਾ ਕਿਸੇ ਕਿਸਮ ਦਾ ਵੀ ਸਾਥ ਨਹੀਂ ਦਿੱਤਾ ਜਾਵੇਗਾ ।ਇਸ ਮੌਕੇ ਸੁਖਵਿੰਦਰ ਸਿੰਘ ਬੱਬੂ ਵੱਲੋਂ ਆਏ ਹੋਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਮਨਜੀਤ ਸਿੰਘ ਬੋਪਾਰਾਏ, ਸੰਦੀਪ ਕੁਮਾਰ, ਰਾਜਬੀਰ ਸਿੰਘ ਭੱਗੂਪੁਰ, ਰਾਜਪ੍ਰੀਤ ਸਿੰਘ, ਮਹਿੰਦਰ ਸਿੰਘ ਸੀਤੋ, ਬਲਕਾਰ ਸਿੰਘ ਸਭਰਾ, ਬਗੀਚਾ ਸਿੰਘ, ਯਾਦਵਿੰਦਰ ਸਿੰਘ, ਦਵਿੰਦਰ ਸਿੰਘ ਆਦਿ ਹਾਜ਼ਰ ਸਨ ।

# ਪੰਜਾਬ ਦੀ ਜਵਾਨੀ ਨੂੰ ਗਲਤ ਰਾਹ 'ਤੇ ਲਿਜਾਣ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ : ਸ਼ੈਰੀ ਕਲਸੀ



**ਬਟਾਲਾ (ਤਰਲੋਕ ਬੱਗਾ)**- ਅਸੀਂ ਸੂਬੇ ਦੀ ਜਵਾਨੀ ਨੂੰ ਬਚਾਉਣਾ ਹੈ ਅਤੇ ਪੰਜਾਬ ਦੀ ਜਵਾਨੀ ਨੂੰ ਗਲਤ ਰਾਹ 'ਤੇ ਲੈ ਜਾਣ ਵਾਲਿਆਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ।ਨਸ਼ਿਆਂ ਦੇ ਸੌਦਾਗਰਾਂ ਵੱਲੋਂ ਨਸ਼ੇ ਵੇਚ ਕੇ ਬਣਾਈਆਂ ਗਈਆਂ ਜਾਇਦਾਦਾਂ ਨੂੰ ਵੀ ਢਾਹਿਆ ਗਿਆ ਹੈ ਅਤੇ ਢਾਹਿਆ ਜਾ ਰਿਹਾ ਹੈ ਤਾਂ ਜੋ ਮੁੜ ਤੋਂ ਕੋਈ ਵੀ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਆਦਤ ਵਿੱਚ ਨਾ ਫਸਾ ਸਕੇ।ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਨਸ਼ਾ ਮੁਕਤੀ ਯਾਤਰਾ ਤਹਿਤ ਬਟਾਲਾ ਸ਼ਹਿਰ ਵਾਰਡ ਨੰਬਰ 32, ਸੇਖੜੀਆਂ ਮੁਹੱਲਾ ਵਿੱਚ ਕੀਤੀ ਜਨ ਸਭਾਵਾਂ ਦੌਰਾਨ ਕੀਤਾ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਉਪਰ ਮਿਸਾਲੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਅਤੇ ਸੂਬੇ ਨੂੰ ਮੁੜ ਹੱਸਦਾ-ਵਸਦਾ ਤੇ ਰੰਗਲਾ ਪੰਜਾਬ ਬਣਾਉਣ ਦੇ ਵੱਲ ਅੱਗੇ ਵੱਧ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਨਸ਼ਾ ਤਸਕਰ ਜਾਂ ਤਾਂ ਜੇਲ੍ਹਾਂ ਵਿੱਚ ਹਨ ਜਾਂ ਫਿਰ ਪੰਜਾਬ ਛੱਡ ਕੇ ਭੱਜ ਚੁੱਕੇ ਹਨ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਲੋਕ ਲਹਿਰ ਬਣ ਗਈ ਹੈ ਅਤੇ ਹੁਣ ਜਲਦੀ ਹੀ ਪੰਜਾਬ ਵਿਚੋਂ ਨਸ਼ਿਆਂ ਸਫਾਇਆ ਹੋਵੇਗਾ। ਉਨ੍ਹਾਂ ਦੱਸਿਆ ਕਿ ਲੋਕ ਪੰਜਾਬ ਸਰਕਾਰ ਦਾ ਨਸ਼ਾ ਵਿਰੋਧੀ ਮੁਹਿੰਮ ਵਿੱਚ ਬਿਨਾਂ ਕਿਸੇ ਦਬਾਅ ਤੋਂ ਸਹਿਯੋਗ ਦੇ ਰਹੇ ਹਨ।ਇਸ ਮੌਕੇ ਅੰਮ੍ਰਿਤ ਕਲਸੀ, ਵਿਜੈ ਪਾਲ ਸਿੰਘ, ਪਰਦੀਪ ਕੁਮਾਰ, ਬੰਟੀ ਸ਼ਰਮਾ, ਰਵਿੰਦਰ ਬਾਂਸਲ, ਵਿਸ਼ਾਲ ਕਪੂਰ, ਹਨੀ ਕੱਦ, ਅਭੀ ਸੂਰੀ, ਵਿਕਰਮ, ਟੋਨੀ, ਮਨਜੀਤ ਸਿੰਘ ਕੁਆਰਡੀਨੇਟਰ ਬਟਾਲਾ, ਵੀਨੂੰ ਕਾਹਲੋਂ, ਲੰਬੜਦਾਰ ਅਮਰੀਕ ਸਿੰਘ ਸਮੇਤ ਵਾਰਡਾਂ ਦੇ ਮੋਹਤਬਰ ਅਤੇ ਨੌਜਵਾਨ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਸ਼ਹਿਰੀ ਖੇਤਰ ਵਾਲੇ ਸਕੂਲਾਂ 'ਚ ਵਾਧੂ ਅਧਿਆਪਕ ਤਾਇਨਾਤ, ਸਰਕਾਰੀ ਖਜ਼ਾਨੇ 'ਤੇ ਹਰ ਮਹੀਨੇ ਪੈਂਦਾ ਲੱਖਾਂ ਰੁਪਏ ਦਾ ਬੋਝ

**ਵੇਰਕਾ (ਰਾਣਾ)**- ਸਿੱਖਿਆ ਵਿਭਾਗ ਪੰਜਾਬ ਦੇ ਸ਼ਹਿਰੀ ਖੇਤਰ ਵਾਲੇ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕ ਫਾਲਤੂ/ਵਾਧੂ ਤੈਨਾਤ ਕੀਤੇ ਹੋਏ ਹਨ ਜਿਸ ਕਾਰਨ ਹਰ ਮਹੀਨੇ ਸਰਕਾਰ ਦੇ ਖਜ਼ਾਨੇ ਨੂੰ ਲੱਖਾਂ ਰੁਪਏ ਦਾ ਚੂਨਾ ਲਗਾਇਆ ਜਾ ਰਿਹਾ ਹੈ ਜਿਸ ਬਾਬਤ ਸਿੱਖਿਆ ਵਿਭਾਗ ਦੇ ਉਚ-ਅਧਿਕਾਰੀ ਭਲੀਭਾਂਤ ਜਾਣਦੇ ਹੋਏ ਵੀ ਮੂਕ-ਦਰਸ਼ਕ ਬਣੇ ਹੋਏ ਹਨ।ਇਥੇ ਦੱਸਣਯੋਗ ਹੈ ਕਿ ਪੇਂਡੂ ਖੇਤਰ ਦੇ ਸਕੂਲਾਂ 'ਚ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਸਰਕਾਰ ਦੀਆਂ ਹਦਾਇਤਾਂ/ਨਿਯਮਾਂ ਮੁਤਾਬਿਕ ਮਿਲਣ ਵਾਲਾ ਮਾਸਿਕ ਮਕਾਨ ਭੱਤਾ 8% ਫੀਸਦੀ ਮਿਲਦਾ ਹੈ ਅਤੇ ਇਸ ਦੇ ਉਲਟ ਸ਼ਹਿਰੀ ਖੇਤਰ ਦੇ ਸਕੂਲਾਂ 'ਚ ਸੇਵਾ ਨਿਭਾਉਣ ਵਾਲੇ ਟੀਚਰਾਂ ਨੂੰ ਮਾਸਿਕ ਮਕਾਨ ਭੱਤਾ ਦੁੱਗਣਾ ਭਾਵ 16% ਫੀਸਦੀ ਮਿਲਦਾ ਹੈ, ਜਿਸ ਨਾਲ ਸ਼ਹਿਰੀ ਟੀਚਰ ਹਰ ਮਹੀਨੇ ਤਨਖ਼ਾਹ ਬੇਵਜਾ ਹਜ਼ਾਰਾਂ ਰੁਪਏ ਵੱਧ ਲੈਂਦੇ ਹਨ।ਹੁਣ ਇੱਥੇ ਬੜੀ ਵਿਚਾਰਨਯੋਗ ਗੱਲ ਹੈ ਕਿ ਸਭ ਕੁਝ ਸਰਕਾਰ ਦੇ ਐਨ ਨੱਕ ਥੱਲੇ ਵਾਪਰ ਰਿਹਾ ਹੈ।ਪਰ ਇਸ ਸੰਬੰਧੀ ਕੋਈ ਕਾਰਵਾਈ ਅਮਲ 'ਚ ਕਿਉਂ ਨਹੀਂ ਲਿਆਂਦੀ ਜਾਂਦੀ।ਇਸ ਮੌਕੇ ਜ਼ਿਲ੍ਹਾ ਅੰਮ੍ਰਿਤਸਰ ਦੇ ਸੈਂਕੜੇ ਸ਼ਹਿਰੀ ਸਕੂਲਾਂ 'ਚ ਪੜ੍ਹਨ ਵਾਲੇ ਬੱਚਿਆਂ ਦੇ ਅਨੁਪਾਤ ਦੇ ਉਲਟ ਵਾਧੂ/ਫਾਲਤੂ ਅਧਿਆਪਕ ਤਾਇਨਾਤ ਕੀਤੇ ਹੋਏ ਹਨ।ਕਈ ਸਕੂਲਾਂ ਵਿੱਚ ਤਾਂ ਆਲਮ ਇਹ ਬਣਿਆ ਹੈ ਕਿ ਬੱਚਿਆਂ ਵਾਲੀ ਇੱਕੋ ਕਲਾਸ 'ਚ ਦੋ-ਦੋ ਟੀਚਰ ਪੜ੍ਹਾਉਣ ਵਾਸਤੇ ਬਿਠਾਏ ਹੋਏ ਹਨ।ਅਰਥਾਤ ਟੀਚਰ ਕੋਲ ਪੜ੍ਹਾਉਣ ਲਈ ਬੱਚੇ ਨਹੀਂ ਹਨ ਪਰ ਫਿਰ ਵੀ ਇਹਨਾਂ ਸਕੂਲਾਂ 'ਚ ਫਾਲਤੂ ਅਧਿਆਪਕ ਲਾਉਣੇ ਕਈ ਤਰ੍ਹਾਂ ਦੇ ਸਵਾਲ ਉਤਪੰਨ ਕਰਦਾ ਹੈ।ਪਰ ਦੂਜੇ ਪਾਸੇ ਪੇਂਡੂ ਖੇਤਰ ਵਾਲੇ ਕਈ ਸਕੂਲ ਹਾਲੇ ਤੀਕ ਅਧਿਆਪਕ ਵਿਹੂਣੇ ਹਨ।ਜੇਕਰ ਬਾਰਡਰ ਕੰਢੀ ਖੇਤਰ ਵਾਲੇ ਸਕੂਲਾਂ ਦੀ ਗੱਲ ਕਰੀਏ ਤਾਂ ਬਹੁਤੇ ਸਕੂਲਾਂ 'ਚ ਇੱਕ ਅਧਿਆਪਕ ਵੀ ਮੌਜੂਦ ਨਹੀਂ।ਮਹਿਜ਼ ਸਕੂਲ ਖੁੱਲ੍ਹੇ ਰੱਖਣ ਵਾਸਤੇ ਉਥੇ ਸੈਂਟਰ ਸਕੂਲਾਂ ਨੂੰ ਟੀਚਰਾਂ ਦਾ ਅਰਜੀ ਪ੍ਰਬੰਧ ਕਰਨਾ ਪੈਂਦਾ ਹੈ।ਇੱਥੇ ਹੀ ਬੱਸ ਨਹੀਂ ਹੈ, ਸਗੋਂ ਰਾਈਟ ਟੂ ਐਜੂਕੇਸ਼ਨ ਐਕਟ 2009 ਦੀਆਂ ਹਦਾਇਤਾਂ/ਨਿਯਮਾਂ ਦਾ ਵੀ ਸਿੱਖਿਆ ਮਹਿਕਮੇ ਵੱਲੋਂ ਇੰਨ-ਬਿੰਨ ਪਾਲਣ ਨਹੀਂ ਕੀਤਾ ਗਿਆ ਹੈ।ਅਰਥਾਤ ਮੁੱਕਦੀ ਗੱਲ ਹੈ ਕਿ ਜਿਹੜੇ ਸਕੂਲ ਪੜ੍ਹਨ ਵਾਲੇ ਬੱਚੇ ਮੌਜੂਦ ਹਨ, ਉਥੇ ਅਧਿਆਪਕ ਨਹੀਂ ਹਨ।ਇਸ ਦੇ ਉਲਟ ਜਿੱਥੇ ਟੀਚਰ ਹਨ, ਪਰ ਪੜ੍ਹਨ ਵਾਲੇ ਬੱਚੇ ਨਹੀਂ ਹਨ।ਇਸ ਮਾਮਲੇ ਵਿੱਚ ਕਸੂਰਵਾਰ ਭਾਵੇਂ ਕੋਈ ਵੀ ਹੋਵੇ, ਪ੍ਰੰਤੂ ਨੁਕਸਾਨ ਬੱਚਿਆਂ ਦੀ ਪੜ੍ਹਾਈ ਦਾ ਹੀ ਹੁੰਦਾ ਆ ਰਿਹਾ ਹੈ। ਸ਼ਹਿਰਾਂ ਵਾਲੇ ਟੀਚਰ ਬੱਚੇ ਨਾ ਪੜ੍ਹਾ ਕੇ ਵੀ ਮੋਟੀਆਂ ਵਾਧੂ ਤਨਖ਼ਾਹਾਂ ਵਸੂਲ ਰਹੇ ਹਨ ਜਿਸ ਨਾਲ ਸਰਕਾਰ ਦੇ ਖਜਾਨੇ ਨੂੰ ਕਰੋੜਾਂ ਰੁਪਏ ਦੀ ਮਾਸਿਕ ਸ਼ੰਨ ਲੱਗੀ ਹੋਈ ਹੈ।ਇਸ ਸੰਬੰਧ ਵਿੱਚ ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਸੂਬਾਈ ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਪ੍ਰੈੱਸ ਸਕੱਤਰ ਹਰਬਿੰਦਰ ਸਿੰਘ ਰਾਣਾ, ਸੂਬਾਈ ਸੀਨੀ: ਮੀਤ ਪ੍ਰਧਾਨ ਤੇਜਿੰਦਰ ਸਿੰਘ ਸੋਹੀ, ਜਨਰਲ ਸਕੱਤਰ ਦਰਸਨ ਲਾਲ ਕਲੋਤਰਾ, ਜ਼ਿਲ੍ਹਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆ, ਮੀਤ ਪ੍ਰਧਾਨ ਮਨਜੀਤ ਸਿੰਘ ਸੋਹੀਆ ਖੁਰਦ, ਸਕੱਤਰ ਅਮਰਿੰਦਰ ਸਿੰਘ ਛੀਨਾ, ਕਸਮੀਰ ਸਿੰਘ ਸੋਹੀਆ ਖੁਰਦ, ਸੇਵਾਮੁਕਤ ਲੈਕ: ਮੁਖਤਿਆਰ ਸਿੰਘ, ਸੇਵਾਮੁਕਤ ਪ੍ਰਿੰਸੀਪਲ ਜਗਤਾਰ ਸਿੰਘ ਆਦਿ ਜਥੇਬੰਦਕ ਆਗੂਆਂ ਨੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ, ਮਾਨਯੋਗ ਸਿੱਖਿਆ ਮੰਤਰੀ ਪੰਜਾਬ ਸਰਕਾਰ, ਮਾਨਯੋਗ ਸਿੱਖਿਆ ਸਕੱਤਰ ਪੰਜਾਬ ਸਰਕਾਰ ਅਤੇ ਮਾਨਯੋਗ ਡੀਪੀਆਈ (ਐਲੀ:) ਅਜੀਤਗੜ੍ਹ ਪਾਸੋਂ ਮੰਗ ਕੀਤੀ ਹੈ ਕਿ ਤੁਰੰਤ ਤਰਕਸੰਗਤ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕਰਕੇ ਬੱਚਿਆਂ ਦੀ ਗਿਣਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਘੱਟ ਗਿਣਤੀ ਵਿਦਿਆਰਥੀਆਂ ਦੇ ਸਕੂਲਾਂ 'ਚੋਂ ਵਾਧੂ ਟੀਚਰ ਲੋੜਵੰਦ ਸਕੂਲਾਂ ਵਿੱਚ ਭੇਜੇ ਜਾਣ ਤਾਂ ਜੋ ਬੱਚਿਆਂ ਨੂੰ ਉੱਤਮ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ।

# ਕੇਂਦਰ ਤੇ ਸੂਬਾ ਸਰਕਾਰ ਜਨਸੇਵਾ ਨੂੰ ਸਮਰਪਤ ਹੋ ਕੇ ਅੱਗੇ ਵਧ ਰਹੀ : ਰਾਣਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਖੇਤੀਬਾੜੀ ਅਤੇ ਪਸ਼ੂ ਪਾਲਣ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਵਿਜਨ-2047 ਦੇ ਟੀਚੇ ਨੂੰ ਸਾਹਮਣੇ ਰੱਖਦੇ ਹੋਏ ਵਿਕਾਸ ਕੰਮਾਂ ਨੂੰ ਗਤੀ ਪ੍ਰਦਾਨ ਕਰ ਰਹੀ ਹੈ। ਸੂਬਾ ਵਿਕਾਸ ਕੰਮਾਂ ਵਿੱਚ ਤੇਜੀ ਨਾਲ ਮੋਹਰੀ ਬਣ ਰਿਹਾ ਹੈ। ਖੇਤੀਬਾੜੀ ਮੰਤਰੀ ਅੱਜ ਰਿਵਾੜੀ ਦੇ ਬਾਵਲ ਵਿਧਾਨਸਭਾ ਖੇਤਰ ਦੇ ਵਿਧਾਇਕ ਸ੍ਰੀ ਕ੍ਰਿਸ਼ਣ ਕੁਮਾਰ ਦੇ ਨਾਲ ਪਿੰਡਟੀਟ ਵਿੱਚ ਲੋਕਾਂ ਦੀ ਜਨਸਮੱਸਿਆਵਾਂ ਸੁਣ ਰਹੇ ਸਨ।

ਉਨ੍ਹਾ ਕਿਹਾ ਕਿ ਸਰਕਾਰ ਦੀ ਜਨ ਭਲਾਈਕਾਰੀ ਨੀਤੀਆਂ ਨਾਲ ਸੂਬੇ ਦੇ ਸਾਰੇ ਵਰਗ ਖੁਸ਼ ਹਨ। ਸਰਕਾਰ ਵੱਲੋਂ ਚਲਾਈ ਜਾ ਰਹੀ ਨੀਤੀਆਂ ਦਾ ਫਾਇਦਾ ਆਮ ਆਦਮੀ ਤੱਕ ਸਿੱਧਾ ਪਹੁੰਚ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸੂਬੇ ਵਿੱਚ ਸਮਾਨ ਵਿਕਾਸ ਦੀ ਵਿਚਾਰਧਾਰਾ ਤੋਂ ਵਿਕਾਸ ਕੰਮ ਕਰਵਾਏ ਜਾ ਰਹੇ ਹਨ।

# ਨਸ਼ੇ ਦੇ ਸੌਦਾਗਰਾਂ ਦੀਆਂ ਜਾਇਦਾਦਾਂ ਹੋਣਗੀਆਂ ਜ਼ਬਤ : ਧਾਲੀਵਾਲ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਨਸ਼ਿਆਂ ਵਿਰੁੱਧ ਸਾਡਾਂ ਯੁੱਧ ਪੰਜਾਬ ਸਰਕਾਰ ਦਾ ਇੱਕ ਅਜਿਹਾ ਮਿਸ਼ਨ ਹੈ, ਜਿਸ ਤਹਿਤ ਆਪ੍ਰੇਸ਼ਨ ਚਲਾ ਕੇ ਪੰਜਾਬ ਸਰਕਾਰ ਨੇ ਸ਼ੱਕੀ ਥਾਵਾਂ ਤੇ ਛਾਪੇਪਾਰੀ ਕਰਕੇ ਨਸ਼ਿਆਂ ਦੇ ਸੌਦਾਗਰਾਂ ਨੂੰ ਭਾਜੜਾਂ ਪਾ ਦਿੱਤੀਆਂ ਹਨ।ਉਨ੍ਹਾਂ ਕਿਹਾ ਕਿ ਨਸ਼ਿਆਂ ਨੂੰ ਵੇਚਣ ਵਾਲਿਆਂ ਦੀਆਂ ਚੱਲ ਅਤੇ ਅਚੱਲ ਜਾਇਦਾਦਾਂ ਜ਼ਬਤ ਕੀਤੀਆਂ ਜਾਣਗੀਆਂ।ਆਮ ਲੋਕਾਂ ਦੇ ਸਹਿਯੋਗ ਨਾਲ ਨਸ਼ਿਆਂ ਦੀ ਗ੍ਰਿਫਤ ਵਿਚ ਆਏ ਭੋਲੇ ਭਾਲੇ ਲੋਕਾਂ ਨੂੰ ਇਸ ਮੱਕੜ ਜਾਲ ਤੋਂ ਬਾਹਰ ਕੱਢਣ ਲਈ ਇੱਕ ਵਿਆਪਕ ਅਭਿਆਨ ਚਲਾਇਆ ਜਾਵੇਗਾ।ਇਹ ਪ੍ਰਗਟਾਵਾ ਕੁਲਦੀਪ ਸਿੰਘ ਧਾਲੀਵਾਲ ਕੈਬਨਿਟ ਮੰਤਰੀ ਨੇ ਹਾਸ਼ਮਪੁਰਾ, ਬਿਕਰਾਉਰ ਅਤੇ ਸ਼ੇਖਭੱਟੀ ਵਿੱਚ ਨਸ਼ਾ ਮੁਕਤੀ ਯਾਤਰਾਵਾਂ ਦੌਰਾਨ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕੀਤਾ।ਉਨ੍ਹਾਂ ਨੇ ਕਿਹਾ ਕਿ ਇਹ ਮਿਸ਼ਨ ਸਰਕਾਰ ਜਾਂ ਪੁਲਸ ਵੱਲੋ ਇਕੱਲਿਆਂ ਸਫਲ ਨਹੀਂ ਕੀਤਾ ਜਾ ਸਕਦਾ। ਇਸ ਵਿੱਚ ਆਮ ਲੋਕਾਂ ਦਾ ਸਹਿਯੋਗ ਬੇਹੱਦ ਜ਼ਰੂਰੀ ਹੈ।ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਨੇ ਹਮੇਸ਼ਾ ਦੇਸ਼ ਦੀ ਅਗਵਾਈ ਵੱਖ-ਵੱਖ ਖੇਤਰਾਂ ਵਿੱਚ ਕੀਤੀ ਹੈ।ਸਦੀਆਂ ਤੋਂ ਇਸ ਧਰਤੀ ਤੋ ਉਠੀ ਆਵਾਜ਼ ਨੇ ਮਾਨਵਤਾ ਨੂੰ ਜਾਗਰੂਕ ਕੀਤਾ ਹੈ।ਅਸੀਂ ਹਰ ਪਿੰਡ, ਹਰੇਕ ਸ਼ਹਿਰ ਅਤੇ ਗਲੀ ਮੁਹੱਲੇ ਤੱਕ ਲੋਕਾਂ ਨੂੰ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਜਾਗਰੂਕ ਕਰਾਂਗੇ।ਨਸ਼ਿਆਂ ਵਿਰੁੱਧ ਜੋ ਵੀ ਸੂਚਨਾ ਸਾਡੇ ਤੱਕ ਪਹੁੰਚੇਗੀ ਉਹ ਗੁਪਤ ਰੱਖੀ ਜਾਵੇਗੀ।ਜਿਹੜੇ ਇਲਾਕੇ ਵਿੱਚ ਅਜਿਹੇ ਨਸ਼ਿਆਂ ਦੇ ਗ੍ਰਿਫਤ ਵਿਚ ਆਏ ਸਾਡੇ ਭਰਾ ਭੈਣ ਹਨ, ਉਨ੍ਹਾਂ ਨੂੰ ਹਮਦਰਦੀ ਦੀ ਜ਼ਰੂਰਤ ਹੈ ਕਿਉਂਕਿ ਨਸ਼ਿਆਂ ਦੇ ਸੌਦਾਗਰਾਂ ਨੇ ਆਪਣੀਆਂ ਕੋਝੀਆਂ ਚਾਲਾਂ ਚੱਲ ਕੇ ਲੋਕਾਂ ਦਾ ਜੀਵਨ ਬਰਬਾਦ ਕਰਨ ਦਾ ਤਹੱਈਆ ਕੀਤਾ ਹੋਇਆ ਹੈ।ਅਸੀਂ ਆਪਣੀ ਇੱਕ ਜੁਗਤ ਨਾਲ ਅਜਿਹੇ ਸਮਾਜ ਦੇ ਕੋਹੜ ਨੂੰ ਜੜ੍ਹ ਤੋਂ ਪੁੱਟ ਕੇ ਸਮਾਜ ਵਿਰੋਧੀ ਅਨਸਰਾਂ ਨੂੰ ਜੇਲ੍ਹਾਂ ਵਿਚ ਡੱਕਣਾ ਹੈ।ਉਨ੍ਹਾਂ ਨੇ ਕਿਹਾ ਕਿ ਮੇਰੀ ਸਮੁੱਚੇ ਪੰਜਾਬ ਦੇ ਲੋਕਾਂ ਨੂੰ ਅਪੀਲ ਹੈ ਕਿ ਉਹ ਆਪਣੀ ਆਵਾਜ਼ ਬੁਲੰਦ ਕਰਨ ਤੇ ਆਪਣੇ ਇਲਾਕੇ ਵਿੱਚੋਂ ਨਸ਼ੇ ਦਾ ਖਾਤਮਾ ਕਰਨ, ਜਵਾਨੀ ਨੂੰ ਬਰਬਾਦ ਕਰਨ ਵਾਲੇ ਹੁਣ ਬਖਸ਼ੇ ਨਹੀ ਜਾਣਗੇ।ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਵੀ ਨਸ਼ਿਆਂ ਵਿਰੁੱਧ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ, ਪ੍ਰੰਤੂ ਸਪਲਾਈ ਲਾਈਨ ਤੋੜਨ ਦੀ ਜ਼ਰੂਰਤ ਹੈ, ਇਸ ਲਈ ਨਸ਼ਿਆਂ ਦੇ ਸੌਦਾਗਰ ਕਾਬੂ ਕਰਨ ਵਿਚ ਹੁਣ ਹੋਰ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।

## ਸ਼ੁਭਮਨ ਗਿੱਲ ਓਕਲੇ ਦੇ ਬ੍ਰਾਂਡ ਅੰਬੈਸਡਰ ਬਣੇ

**ਲੁਧਿਆਣਾ** : ਭਾਰਤੀ ਕ੍ਰਿਕਟ ਦੇ ਉੱਭਰਦੇ ਸਟਾਰ ਸ਼ੁਭਮਨ ਗਿੱਲ ਨੇ ਹੁਣ ਓਕਲੇ ਦੇ ਬ੍ਰਾਂਡ ਅੰਬੈਸਡਰ ਵਜੋਂ ਆਪਣੀ ਨਵੀਂ ਪਛਾਣ ਬਣਾਈ ਹੈ।ਗਿੱਲ ਹੁਣ 'ਆਰਟੀਫੈਕਟਸ ਫਰਾਮ ਦਿ ਫਿਊਚਰ' ਮੁਹਿੰਮ ਦਾ ਚਿਹਰਾ ਹੋਣਗੇ ਜੋ ਮੁੱਖ ਤੌਰ 'ਤੇ ਖੇਡਾਂ ਅਤੇ ਐਨਕਾਂ ਦੇ ਖੇਤਰ ਵਿੱਚ ਨਵੇਂ ਮਿਆਰ ਸਥਾਪਤ ਕਰੇਗਾ।ਇਹ ਸ਼ੁਭਮਨ ਦੀ ਕਿਸੇ ਐਨਕਾਂ ਦੇ ਬ੍ਰਾਂਡ ਨਾਲ ਪਹਿਲੀ ਸਾਂਝੇਦਾਰੀ ਹੈ।ਸ਼ੁਭਮਨ ਗਿੱਲ ਨੂੰ ਕ੍ਰਿਕਟ ਦੀ ਦੁਨੀਆ ਦੇ ਸਭ ਤੋਂ ਪ੍ਰਤਿਭਾਸ਼ਾਲੀ ਨੌਜਵਾਨ ਖਿਡਾਰੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।ਉਸਨੇ ਆਪਣੀ ਸ਼ਾਨਦਾਰ ਖੇਡ ਕਾਰਨ ਦੁਨੀਆ ਭਰ ਵਿੱਚ ਪ੍ਰਸ਼ੰਸਕ ਬਣਾਏ ਹਨ।ਇਸ ਸਾਂਝੇਦਾਰੀ ਬਾਰੇ ਬੋਲਦਿਆਂ ਸ਼ੁਭਮਨ ਗਿੱਲ ਨੇ ਦੱਸਿਆ ਕਿਸ ਮੈਂ ਓਕਲੇ ਨਾਲ ਜੁੜ ਕੇ ਬਹੁਤ ਉਤਸ਼ਾਹਿਤ ਹਾਂ।ਓਕਲੇ ਦੇ ਸੀਨੀਅਰ ਬ੍ਰਾਂਡ ਬਿਜ਼ਨਸ ਮੈਨੇਜਰ ਸਾਹਿਲ ਜੰਡਿਆਲ ਨੇ ਦੱਸਿਆ ਕਿ ਓਕਲੇ ਦਾ ਸੁਨਹਿਰਾ ਇਤਿਹਾਸ ਖੇਡ ਰੁਚੀਆਂ ਨਾਲ ਸਰਸ਼ਾਰ ਹੈ।ਸ਼ੁਭਮਨ ਵਰਗੇ ਖਿਡਾਰੀਆਂ ਰਾਹੀਂ ਅਸੀਂ ਭਾਈਚਾਰੇ ਅਤੇ ਸੱਭਿਆਚਾਰ ਵਿੱਚ ਆਪਣੀਆਂ ਕਦਰਾਂ-ਕੀਮਤਾਂ ਨੂੰ ਅੱਗੇ ਵਧਾਉਣ ਲਈ ਪ੍ਰੇਰਿਤ ਹੁੰਦੇ ਹਾਂ।


**COURT NOTICE**

In the Court of
**Ms. Pavleen Singh**
Addl. Civil Judge (Senior Division)
Ludhiana
CNR NO: PBLD02-001594-2024
Peshi: 18.07.2025
Daljit Kaur & Parminder Jit Singh
Vs
General Public
Petition For Grant of Succession Certificate
Publication Issued To:
General Public

Whereas the above named petitioner Daljit Kaur & Parminder Jit Singh has filed petition for the grant of Succession Certificate regarding the assets left by the deceased Balveer Kaur Alias Sukhwinder Kaur W/O Shri Sukhdev Singh who had died on 12.11.2023.

Notice is issued in the name of General Public that in case anybody has any objection for the grant of succession certificate, he/she can file objections to the same on or before 18.07.2025 failing which the petition shall be decided in accordance with law

Given under my hand and the seal of the Court, this 14.05.2025

For details logon to https://highcourtchd.gov.in/?trs-district_notice&district=ludhiana

Addi Civil Judge (Senior Division), Ludhiana

**Municipal Council, Nakodar (Jal.)**
Ph: 01821-220029, Email: eomcnkd@yahoo.com
ਪਬਲਿਕ ਨੋਟਿਸ

ਇਸ ਪਬਲਿਕ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਕੌਂਸਲ, ਨਕੋਦਰ ਦੇ ਹਾਊਸ ਟੈਕਸ/ਪ੍ਰਾਪਰਟੀ ਟੈਕਸ ਰਿਕਾਰਡ ਵਿੱਚ ਪ੍ਰਾਪਰਟੀ ਨੰ: 1349 ਵਾਕਿਆ ਮੁਹੱਲਾ ਰੇਲਵੇ ਰੋਡ, ਨਕੋਦਰ ਸ਼੍ਰੀ ਖੇਮ ਰਾਜ, ਸ਼੍ਰੀ ਨੀਲ ਕੰਠ, ਸ਼੍ਰੀ ਹਰਦੀਪ ਕੁਮਾਰ ਅਤੇ ਸ਼੍ਰੀਮਤੀ ਵਿਜੇ ਬਾਲਾ ਪਤਨੀ ਸ਼੍ਰੀ ਨੀਲ ਕੰਠ ਦੇ ਨਾਮ ਤੇ ਦਰਜ ਹੈ। ਪ੍ਰਾਰਥੀ ਸ਼੍ਰੀਮਤੀ ਵਿਜੇ ਬਾਲਾ ਪਤਨੀ ਸ਼੍ਰੀ ਨੀਲ ਕੰਠ ਦੀ ਦਰਖਾਸਤ ਅਨੁਸਾਰ ਸ਼੍ਰੀ ਖੇਮ ਰਾਜ ਅਤੇ ਹਰਦੀਪ ਕੁਮਾਰ ਵਲੋਂ ਆਪਣੇ ਬਣਦੇ ਹਿੱਸੇ ਦਾ ਤਬਦੀਲ ਮਲਕੀਅਤ ਨਾਮਾ ਮਿਤੀ:- 14/12/2020 ਨੂੰ ਸ਼੍ਰੀ ਨੀਲ ਕੰਠ ਪੁੱਤਰ ਸ਼੍ਰੀ ਦੀਨਾ ਨਾਥ ਦੇ ਨਾਮ ਤੇ ਵਸੀਕਾ / ਦਸਤਾਵੇਜ ਨੰ: 2020-21/184/1/778 ਰਾਹੀਂ ਕਰਵਾ ਦਿੱਤਾ ਗਿਆ ਸੀ ( ਤਬਦੀਲ ਮਲਕੀਅਤ ਨਾਮੇ ਦੀ ਤਸਦੀਕ ਸ਼ੁਦਾ ਫੋਟੋ ਕਾਪੀ ਨਾਲ ਨੱਥੀ ਹੈ ਜੀ)। ਸ਼੍ਰੀ ਨੀਲ ਕੰਠ ਪੁੱਤਰ ਸ਼੍ਰੀ ਦੀਨਾ ਨਾਥ ਵੱਲੋਂ ਹੁਣ ਉਕਤ ਅਨੁਸਾਰ ਹੋਏ ਤਬਦੀਲ ਮਲਕੀਅਤ ਨਾਮੇ ਦਾ ਇੰਦਰਾਜ ਨਗਰ ਕੌਂਸਲ ਨਕੋਦਰ ਦੇ ਰਿਕਾਰਡ ਵਿੱਚ ਦਰਜ ਨਹੀ ਕਰਵਾਇਆ ਗਿਆ ਹੈ ਅਤੇ ਹੁਣ ਸ਼੍ਰੀ ਨੀਲ ਕੰਠ ਪੁੱਤਰ ਸ਼੍ਰੀ ਦੀਨਾ ਨਾਥ ਦੀ ਮਿਤੀ:- 11-10-2024 ਨੂੰ ਮੌਤ ਹੋ ਚੁੱਕੀ ਹੈ (ਮੌਤ ਦੀ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਕਾਪੀ ਨਾਲ ਨੱਥੀ ਹੈ ਜੀ) । ਪ੍ਰਾਰਥੀ ਸ਼੍ਰੀਮਤੀ ਵਿਜੇ ਬਾਲਾ ਪਤਨੀ ਸ਼੍ਰੀ ਨੀਲ ਕੰਠ ਦੀ ਦਰਖਾਸਤ ਅਨੁਸਾਰ ਸ਼੍ਰੀ ਨੀਲ ਕੰਠ ਪੁੱਤਰ ਸ਼੍ਰੀ ਦੀਨਾ ਨਾਥ ਜੋ ਕਿ ਰਿਸ਼ਤੇ ਵਿੱਚ ਉਸਦੇ ਪਤੀ ਹਨ ਅਤੇ ਸ਼੍ਰੀ ਨੀਲ ਕੰਠ ਪੁੱਤਰ ਸ਼੍ਰੀ ਦੀਨਾ ਨਾਥ ਦੀ ਮੌਤ ਤੋਂ ਬਾਅਦ ਉਹਨਾਂ ਦੇ 3 ਕਾਨੂੰਨੀ ਵਾਰਿਸ ਹਨ 1. ਸ਼੍ਰੀਮਤੀ ਵਿਜੇ ਬਾਲਾ (ਪਤਨੀ) 2. ਸ਼੍ਰੀ ਨਵਨੀਤ ਐਰੀ (ਪੁੱਤਰ) 3. ਸ਼੍ਰੀ ਮੁਨੀਸ਼ ਐਰੀ (ਪੁੱਤਰ) । ਇਹਨਾਂ ਤੋਂ ਇਲਾਵਾ ਸ਼੍ਰੀ ਨੀਲ ਕੰਠ ਪੁੱਤਰ ਸ਼੍ਰੀ ਦੀਨਾ ਨਾਥ ਦਾ ਹੋਰ ਕੋਈ ਵੀ ਕਾਨੂੰਨੀ ਵਾਰਿਸ ਨਹੀ ਹੈ । ਇਹ ਕਿ ਸ਼੍ਰੀ ਨਵਨੀਤ ਐਰੀ (ਪੁੱਤਰ), ਸ਼੍ਰੀ ਮੁਨੀਸ਼ ਐਰੀ (ਪੁੱਤਰ) ਨੇ ਸਵੈ-ਘੋਸ਼ਣਾ ਦੇ ਕੇ ਸਪਸ਼ਟ ਕੀਤਾ ਹੈ ਕਿ ਜੇਕਰ ਉਕਤ ਪ੍ਰਾਪਰਟੀ ਨੰ: 1349 ਵਾਕਿਆ ਮੁਹੱਲਾ ਰੇਲਵੇ ਰੋਡ, ਨਕੋਦਰ ਸ਼੍ਰੀ ਖੇਮ ਰਾਜ, ਸ਼੍ਰੀ ਹਰਦੀਪ ਕੁਮਾਰ ਅਤੇ ਸ਼੍ਰੀ ਨੀਲ ਕੰਠ ਵਾਲਾ ਹਿੱਸਾ ਸ਼੍ਰੀਮਤੀ ਵਿਜੇ ਬਾਲਾ ਪਤਨੀ ਸ਼੍ਰੀ ਨੀਲ ਕੰਠ ਦੇ ਨਾਮ ਤੇ ਕਰ ਦਿੱਤੀ ਜਾਵੇ ਤਾਂ ਇਸ ਸਬੰਧੀ ਉਪਰੋਕਤ ਦੱਸੇ ਗਏ ਵਾਰਿਸਾ ਨੂੰ ਕੋਈ ਇਤਰਾਜ ਨਹੀ ਹੈ । ਪ੍ਰਾਰਥੀ ਵਲੋਂ ਸਵੈ-ਘੋਸ਼ਣਾ ਦੇ ਕੇ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਉਸ ਵਲੋਂ ਦਿਤੀ ਗਈ ਸੂਚਨਾ ਅਤੇ ਦਸਤਾਵੇਜ ਸਹੀ ਅਤੇ ਦਰੁਸਤ ਹੈ । ਇਸ ਵਿੱਚ ਕੁਝ ਵੀ ਛੁਪਾਇਆ ਨਹੀ ਗਿਆ ਹੈ । ਇਸ ਪ੍ਰਾਪਰਟੀ ਦਾ ਕੋਈ ਵੀ ਘਰੇਲੂ / ਅਦਾਲਤੀ ਝਗੜਾ ਨਹੀ ਚਲਦਾ ਹੈ ਅਤੇ ਨਾ ਹੀ ਇਹ ਪ੍ਰਾਪਰਟੀ ਕਿਸੇ ਪਾਸ ਗਹਿਣੇ ਹੈ । ਪ੍ਰਾਰਥੀ ਵੱਲੋਂ ਇਹ ਵੀ ਲਿਖ ਕੇ ਦਿੱਤਾ ਗਿਆ ਹੈ ਜੇਕਰ ਇਸ ਪ੍ਰਾਪਰਟੀ ਦਾ ਕੋਈ ਵੀ ਬਕਾਇਆ ਜਾਤ ਅਤੇ ਸਰਕਾਰੀ ਫੀਸ ਹੋਵੇ ਤਾਂ ਉਹ ਜਮਾ ਕਰਵਾਉਣ ਲਈ ਤਿਆਰ ਹੈ । ਇਸ ਲਈ ਪ੍ਰਾਰਥੀ ਵਲੋਂ ਪੇਸ ਕੀਤੇ ਗਏ ਦਸਤਾਵੇਜਾਂ ਦੇ ਅਧਾਰ ਤੇ ਪ੍ਰਾਪਰਟੀ ਨੰ: 1349 ਵਾਕਿਆ ਮੁਹੱਲਾ ਰੇਲਵੇ ਰੋਡ, ਨਕੋਦਰ ਦਾ ਟਾਇਟਲ ਹਾਊਸ ਟੈਕਸ / ਪ੍ਰਾਪਰਟੀ ਟੈਕਸ ਮੰਤਵ ਲਈ ਸ਼੍ਰੀ ਖੇਮ ਰਾਜ, ਸ਼੍ਰੀ ਹਰਦੀਪ ਕੁਮਾਰ ਅਤੇ ਸ਼੍ਰੀ ਨੀਲ ਕੰਠ ਦੇ ਨਾਮ ਤੋਂ ਸ਼੍ਰੀਮਤੀ ਵਿਜੇ ਬਾਲਾ ਪਤਨੀ ਸ਼੍ਰੀ ਨੀਲ ਕੰਠ ਦੇ ਨਾਮ ਤੇ ਤਬਦੀਲ ਕਰਨ ਲਈ ਜੇਕਰ ਕਿਸੇ ਨੂੰ ਵੀ ਕੋਈ ਇਤਰਾਜ ਹੈ ਤਾਂ ਉਹ ਆਪਣਾ ਇਤਰਾਜ ਲਿਖਤੀ ਰੂਪ ਵਿੱਚ ਇਸ ਨੋਟਿਸ ਦੀ ਪ੍ਰਕਾਸਨਾ ਹੋਣ ਦੇ 30 ਦਿਨਾਂ ਦੇ ਅੰਦਰ ਅੰਦਰ ਦੇ ਸਕਦਾ ਹੈ । ਸਮਾਂ ਬੀਤਣ ਤੋਂ ਉਪਰੰਤ ਪ੍ਰਾਪਰਟੀ ਸਬੰਧਿਤ ਦੇ ਨਾਮ ਤੇ ਕੇਵਲ ਹਾਊਸ ਟੈਕਸ/ਪ੍ਰਾਪਰਟੀ ਟੈਕਸ ਮੰਤਵ ਲਈ ਤਬਦੀਲ ਕਰ ਦਿਤੀ ਜਾਵੇਗੀ ਅਤੇ ਕੋਈ ਇਤਰਾਜ ਨਹੀ ਸੁਣਿਆ ਜਾਵੇਗਾ।

ਕਾਰਜ ਸਾਧਕ ਅਫਸਰ, ਨਗਰ ਕੌਂਸਲ, ਨਕੋਦਰ ।

# ਕਲਾਸੀਫਾਈਡ ਇਸ਼ਤਿਹਾਰ

**Change of Name**

I Mamta Sharma W/o Laxmi Kant Sharma, R/o H.No. ED-276, Dhan Mohalla,Jalandhar P.O. Jalandhar,Pb-144001 have changed my name from Mamta Rani to Mamta Sharma. All Concerned may note.

I Laxmi Kant Sharma S/o Sh. Hari Dev Sharma,R/o H.No. ED-276, Dhan Mohalla,Jalandhar,P.O. Jalandhar Pb-144001 have changed my name from Laxmi Kant to Laxmi Kant Sharma. All Concerned May Note.

I, Sahil s/o Gurdev Lal r/o Village Nandanpur Colony, Po. Nagra, Distt. Jalandhar, have changed my name from Sahil to Sahil Maan (Surname as Maan) All Please Note.

I, Sagar s/o Makhan Singh r/o Noormahal Road, Mohalla Ravidass Pura, Phillaur, Distt. Jalandhar have changed my name from Sagar to Sagar Kumar (Surname as Kumar) All Please Note.

I, Anupma w/o Harbans Lal r/o W.No. 9, H.No. 9, VPO. Garhdiwala, Tehsil Dasuya, Distt.Hoshiarpur-144207, Punjab have changed my name to Anupama. All Please Note.

I, Parminder Kaur W/o Nirmal Singh r/o VPO. Nathupur, Tanda, Distt. Hoshiarpur, Punjab have changed my name from Parminder Kaur to Kaur Parminder (Surname as Kaur) All Please Note.

I, Lovepreet Singh S/o Bikramjit Singh R/o Vill. Khawaja Bardag, Tehsil Dera Baba Nanak, Dhianpur, Distt.Gurdaspur, Punjab-143605 have changed my name to Singh Lovepreet (Surname as Singh) All Please Note.

I, Jaspreet Kaur W/o Vikramjit Singh Bariach R/o Village Pandori, Tehsil Phagwara, Distt. Kapurthala have changed my name from Jaspreet Kaur to Jaspreet Kaur Bariach. All Please Note.

I, Naranjan Singh Jhand S/o Kewal Singh R/o Vill. Talwandi Pai, Po. Khera Dona, Distt. Kapurthala, Punjab have changed my name from Naranjan Singh Jhand to Naranjan Singh. All Please Note.

I, Sushil Kumar S/o Om Parkash R/o H.No. 58, New Rasila Nagar, Basti Danishmandan, Jalandhar have changed my minor son name from Ayushmaan to Ayushmaan Naagar. All Please Note.

**Change of Name**

I, Amritpal Kaur W/o Ravi Kumar R/o VPO Simbal Majara Teh. Balachaur Distt. SBS Nagar Punjab Have Changed my name to Kaur Amritpal. All please note.

I, Jagdish Kumar S/o Sh. Des Raj R/O Ward No. 04 Balachaur, Teh. Balachaur, Distt. S.B.S Nagar - 144521, Punjab have changed my name from Jagdish Kumar to Jagdish Chhabra. All concerned please note.

I, KANCHAN W/o Sh. Jatinder Kumar R/o H. No. E.R. 52, Pacca Bagh, Near Milap Chowk, Jalandhar declare That in my UID/Adhar Card, PAN Card, Bank Accounts and some other documents my name is written as KANCHAN and in my Passport my name written as KANCHAN BALA . That I am know called and distinguished by the names KANCHAN and KANCHAN BALA. That the names KANCHAN and KANCHAN BALA are of one and the same person i.e. my self.

**ਨਾਂਅ ਦੀ ਬਦਲੀ**

ਮੈਂ, ਪੁਸ਼ਪਾ ਦੇਵੀ ਪਤਨੀ ਸੰਦੀਪ ਕੁਮਾਰ, ਵਾਸੀ ਮਕਾਨ ਨੰਬਰ 88, ਵਾਰਡ ਨੰਬਰ 12-ਏ, ਸ਼ਿਵਪੁਰੀ ਮੁਹੱਲਾ, ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਪੁਸ਼ਪਾ ਰਾਣੀ ਰੱਖ ਲਿਆ ਹੈ।

ਮੈਂ, ਹਰਜੋਤ ਸਿੰਘ ਪੁੱਤਰ ਹਰਜੀਤ ਸਿੰਘ ਵਾਸੀ ਸਰਪੰਚ ਕਲੋਨੀ, ਕਤਨੀ ਗੇਟ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਫਰਦ ਜਮਾਬੰਦੀ ਵਿੱਚ ਮੇਰੇ ਪਿਤਾ ਜੀ ਦਾ ਨਾਮ ਨਿਰਮਲ ਸਿੰਘ ਲਿਖਿਆ ਹੈ ਜਦਕਿ ਉਹਨਾਂ ਦੇ ਸਾਰੇ ਦਸਤਾਵੇਜ ਆਧਾਰ ਕਾਰਡ, ਪੈਨ ਕਾਰਡ ਵਿੱਚ ਉਹਨਾਂ ਦਾ ਨਾਮ ਹਰਜੀਤ ਸਿੰਘ ਹੈ। ਉਪਰੋਕਤ ਦੋਵੇਂ ਨਾਮ ਮੇਰੇ ਪਿਤਾ ਜੀ ਦੇ ਹਨ ਅਤੇ ਇੱਕੋ ਹੀ ਵਿਅਕਤੀ ਦੇ ਹਨ।

**ਆਮ ਸੂਚਨਾ**

ਮੈਂ, ਮੰਗਲ ਸਿੰਘ ਪੁੱਤਰ ਜਗਤ ਰਾਮ ਵਾਸੀ ਪਿੰਡ ਤੇ ਡਾਕਖਾਨਾ ਰਾਏਪੁਰ ਰਸੂਲਪੁਰ, ਜ਼ਿਲਾ ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਵਿਕਰਮ ਸਿੰਘ ਨੂੰ ਮੇਰੇ ਕਹਿਣੇ ਵਿੱਚ ਨਾ ਹੋਣ ਕਰਕੇ ਮਿਤੀ 8-04-2024 ਨੂੰ ਅਖ਼ਬਾਰ ਨਵਾਂ ਜ਼ਮਾਨਾ ਅਤੇ ਉਤਮ ਹਿੰਦੂ ਵਿੱਚ ਦਿੱਤੇ ਇਸ਼ਤਿਹਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਵਿਕਰਮ ਸਿੰਘ ਮੇਰੇ ਕਹਿਣੇ ਵਿੱਚ ਹੈ। ਮੈਂ ਇਸ ਦੀ ਬੇਦਖਲੀ ਵਾਪਿਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦਾ ਵਾਰਿਸ ਹੋਵੇਗਾ। ਸੰਬੰਧਿਤ ਨੋਟ ਕਰਨ।

**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

**ਬੇਦਖਲੀ ਨੋਟਿਸ**

ਮੈਂ, ਪਰਮਿੰਦਰ ਸਿੰਘ ਪੁੱਤਰ ਦਲੇਲ ਸਿੰਘ ਵਾਸੀ ਪਿੰਡ ਸਰਾਈਂ, ਡਾਕਖਾਨਾ ਹੁਸੈਨਪੁਰ ਲਾਲੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਲਖਵੀਰ ਕੌਰ , ਮੇਰਾ ਵੱਡਾ ਲੜਕਾ ਸਰਬਜੀਤ ਸਿੰਘ, ਉਸ ਦੀ ਪਤਨੀ ਸੁਸ਼ਮਾ ਸੂਦ, ਉਸ ਦਾ ਲੜਕਾ ਜਸਨੂਰ ਸਿੰਘ ਅਤੇ ਦੂਸਰਾ ਲੜਕਾ ਪਰਮਜੀਤ ਸਿੰਘ ਅਤੇ ਤੀਸਰਾ ਮੁੰਡਾ ਬਲਕਰਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਮੇਰੇ ਨਾਲ ਕੁੱਟਮਾਰ ਕਰਦੇ ਹਨ। ਬੁਢਾਪੇ ਵਿਚ ਮੇਰੀ ਸੇਵਾ ਨਹੀਂ ਕਰਦੇ। ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ ਉਨ੍ਹਾਂ ਦੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦਾ ਜ਼ਿੰਮੇਵਾਰ ਨਹੀਂ ਹੋਵਾਂਗਾ। ਉਹ ਆਪਣੇ ਕੀਤੇ ਦੇ ਖੁਦ ਜ਼ਿੰਮੇਵਾਰ ਹੋਣਗੇ। ਸੰਬੰਧਤ ਨੋਟ ਕਰਨ।

ਮੈਂ, ਗੀਤਾ ਪਤਨੀ ਲੇਟ ਮਹਿੰਦਰ ਪਾਲ ਵਾਸੀ 85, ਭਰਤ ਨਗਰ, ਚੁਗਿੱਟੀ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਵੱਡਾ ਲੜਕਾ ਰਾਜੇਸ਼ ਕੁਮਾਰ ਅਤੇ ਉਸਦੀ ਪਤਨੀ ਮੀਨਾ ਅਤੇ ਉਹਨਾਂ ਦੇ ਬੱਚੇ, ਅਤੇ ਮੇਰਾ ਛੋਟਾ ਲੜਕਾ ਸਾਹਿਲ ਕੁਮਾਰ ਅਤੇ ਉਸਦੀ ਪਤਨੀ ਸੁਲਕਸ਼ਣਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਚਮਨ ਖੜਵਾਲ ਪੁੱਤਰ ਬੰਸੀ ਧਾਰ ਵਾਸੀ ਮਕਾਨ ਨੰਬਰ 36/9-ਆਰ, ਸ਼ਹੀਦ ਬਾਬੂ ਲਾਭ ਸਿੰਘ ਨਗਰ, ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਿਤੇਸ਼ ਖੜਵਾਲ ਵਾ ਉਸਦੀ ਪਤਨੀ ਹੀਨਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਬਚਨ ਲਾਲ ਪੁੱਤਰ ਸ੍ਰੀ ਕਰਮ ਚੰਦ ਵਾਸੀ ਮਕਾਨ ਨੰਬਰ-254, ਬੈਕ ਸਾਇਡ ਗਾਂਧੀ ਨਗਰ ਕੈਂਪ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਰਬਜੀਤ ਉਰਫ ਸੰਨੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਮੋਹਿੰਦਰ ਸਿੰਘ ਪੁੱਤਰ ਚਰਨ ਸਿੰਘ ਵਾਸੀ ਸੇਖਵਾਂ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਪ੍ਰੀਤ ਸਿੰਘ ਅਤੇ ਨੂੰਹ ਰਾਜਬੀਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।


ਅਸੀਂ ਸੁਖਜਿੰਦਰ ਸਿੰਘ ਪੁੱਤਰ ਸ੍ਰ. ਬਲਕਾਰ ਸਿੰਘ ਵਾ ਬਲਵਿੰਦਰ ਕੌਰ ਪਤਨੀ ਸ੍ਰ. ਸੁਖਜਿੰਦਰ ਸਿੰਘ ਵਾਸੀਆਨ ਪਿੰਡ ਅਲੀਵਾਲ ਅਰਾਈਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੇ ਹਾਂ ਕਿ ਅਕਾਸ਼ਦੀਪ ਸਿੰਘ ਪੁੱਤਰ ਸ੍ਰ. ਕੁਲਵੰਤ ਸਿੰਘ ਜੋ ਕਿ ਛੋਟੇ ਹੁੰਦਿਆਂ ਤੋਂ ਹੀ ਅਸੀਂ ਇਸ ਨੂੰ ਗੋਦ ਲਿਆ ਹੋਇਆ ਸੀ। ਹੁਣ ਸਾਡਾ ਪੁੱਤਰ ਅਕਾਸ਼ਦੀਪ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਵਾ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।


## ਤਾਨੀਆ ਨੇ ਹਿਜ਼ ਐਕਸੀਲੈਂਟ ਐਂਡ ਇੰਸਟੀਚਿਊਟ ਨੂੰ ਚਾਰ ਚੰਨ ਲਾਏ : ਡਾ. ਆਸ਼ੀਸ਼ ਸਰੀਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬੀ ਸਪੈਕਟ੍ਰਮ ਸਰਵਿਸ ਹਾਲ ਹੀ ਵਿੱਚ ਘੋਸ਼ਿਤ ਹੋਏ +2 ਦੇ ਨਤੀਜਿਆਂ ਵਿਚ ਹਿਜ਼ ਇੰਸਟੀਚਿਊਟ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜਿਸ ਵਿੱਚ ਤਾਨੀਆ ਨੇ 94.8 ਪ੍ਰਤੀਸ਼ਤ ਅੰਕ ਹਾਸਲ ਕਰਕੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਦੂਜਾ ਸਥਾਨ ਪਲਕ ਕੁਮਾਰੀ ਤੇ ਤੀਜਾ ਸਥਾਨ ਮਮਤਾ ਦੇਵੀ ਨੇ ਪ੍ਰਾਪਤ ਕੀਤਾ। ਨਾਨ-ਮੈਡੀਕਲ ਵਿੱਚ ਤਨਪ੍ਰੀਤ ਨੇ 94.4 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਤਰੁਨਦੀਪ ਅਤੇ ਯੁਵਰਾਜ ਨੇ ਦੂਜਾ ਸਥਾਨ ਤੇ ਤੀਸਰਾ ਸਥਾਨ ਸਮਾਯਿਰਾ ਹਾਂਡਾ, ਹੈਲਸੀਅਨ ਸਿਹਮਾਰ ਨੇ ਹਾਸਲ ਕੀਤਾ। ਇਸੇ ਤਰ੍ਹਾਂ ਕਾਮਰਸ ਵਿੰਗ ਵਿੱਚ ਹਰਮਨ ਪ੍ਰੀਤ ਕੌਰ ਨੇ ਪਹਿਲਾ, ਹਰੀਤਿਕ ਕੁਮਾਰ ਨੇ ਦੂਜਾ ਤੇ ਗਗਨਵੀਰ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਸਾਰਿਆਂ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਡਾ. ਅਸ਼ੀਸ਼ ਸਰੀਨ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਮਾਹਿਲਪੁਰ 'ਚ ਚੱਲਿਆ ਕਾਸੋ ਅਪ੍ਰੇਸ਼ਨ



**ਮਾਹਿਲਪੁਰ (ਸ਼ਫਰੀ)**- ਪੰਜਾਬ ਸਰਕਾਰ ਵੱਲੋਂ ਚਲਾਏ ਗਏ ਕਾਸੋ ਅਪ੍ਰੇਸ਼ਨ ਤਹਿਤ ਡੀ ਐਸ ਪੀ ਜਗੀਰ ਸਿੰਘ ਹੁਸ਼ਿਆਰਪੁਰ ਅਤੇ ਡੀ ਐਸ ਪੀ ਜਸਪ੍ਰੀਤ ਸਿੰਘ ਗੜ੍ਹਸ਼ੰਕਰ ਦੀ ਅਗਵਾਈ ਹੇਠ ਥਾਣਾ ਮੁਖੀ ਪਰਮਿੰਦਰ ਸਿੰਘ ਮਾਹਿਲਪੁਰ ਨੇ ਸਮੇਤ ਪੁਲਸ ਪਾਰਟੀ ਥਾਣਾ ਮਾਹਿਲਪੁਰ ਅਧੀਨ ਪੈਂਦੇ ਪਿੰਡਾਂ ਵਿੱਚ ਅਪ੍ਰੇਸ਼ਨ ਕਾਸੋ ਤਹਿਤ ਕੀਤੀ ਛਾਪੇਮਾਰੀ, ਜਿਸ ਦੌਰਾਨ ਕੋਈ ਵੱਡੀ ਸਫਲਤਾ ਨਹੀਂ ਮਿਲ ਸਕੀ। ਥਾਣਾ ਮੁਖੀ ਮਾਹਿਲਪੁਰ ਨੇ ਦੱਸਿਆ ਕਿ ਅਪ੍ਰੇਸ਼ਨ ਕਾਸੋ ਤਹਿਤ ਪੁਲਿਸ ਦੀਆਂ ਤਿੰਨ ਟੀਮਾਂ ਬਣਾਈਆਂ ਗਈਆਂ। ਦੋ ਮਾਹਿਲਪੁਰ ਸ਼ਹਿਰ ਵਿਚ ਅਤੇ ਇਕ ਟੀਮ ਨੇ ਮਾਹਿਲਪੁਰ ਦੇ ਆਲੇ ਦੁਆਲੇ ਪਿੰਡਾਂ ਵਿੱਚ ਛਾਪੇਮਾਰੀ ਕੀਤੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨਸ਼ਾ ਤਸਕਰਾਂ ਤੇ ਸਾਨੂੰ ਸ਼ੱਕ ਸੀ ਉਨ੍ਹਾਂ ਦੇ ਘਰਾਂ ਨੂੰ ਜਿੰਦਰੇ ਲੱਗੇ ਪਾਏ ਗਏ। ਹੋ ਸਕਦਾ ਹੈ ਇਨ੍ਹਾਂ ਲੋਕਾਂ ਨੂੰ ਪਹਿਲਾਂ ਹੀ ਪੁਲਸ ਦੇ ਆਣ ਦੀ ਭਿਣਕ ਲੱਗ ਗਈ ਹੋਵੇ । ਜਿਸ ਕਰਕੇ ਪੁਲਸ ਨੂੰ ਖ਼ਾਲੀ ਹੱਥ ਵਾਪਸ ਮੁੜਨਾ ਪਿਆ। ਪੰਜਾਬ ਵਿੱਚ ਚੱਲ ਰਹੇ ਕਾਸੋ ਅਪ੍ਰੇਸ਼ਨ ਪ੍ਰਤੀ ਮਾਪਿਆਂ ਨੂੰ ਆਪਣੇ ਨੌਜਵਾਨ ਗੱਭਰੂ ਪੁੱਤਾਂ ਲਈ ਉਸਾਰੂ ਆਸ ਦੀ ਕਿਰਨ ਦਿਖਾਈ ਦੇ ਰਹੀ ਹੈ ।

## ਸਰਕਾਰ ਸਿੱਖਿਆ ਦਾ ਪੱਧਰ ਹੋਰ ਉੱਚਾ ਚੁੱਕਣ ਲਈ ਵਚਨਬੱਧ : ਢਿੱਲੋਂ



ਧੂਰੀ (ਮਹਿੰਦਰ ਗਰਗ, ਵਿੰਨੀ ਗਰਗ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ, ਸਿੱਖਿਆ ਦਾ ਪੱਧਰ ਹੋਰ ਉੱਚਾ ਚੁੱਕਣ ਲਈ ਵਚਨਬੱਧ ਹੈ, ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਾਹੇਵੰਦ ਸਾਬਿਤ ਹੋ ਰਹੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਰਾਜ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਲੀਆਂ ਵਿਖੇ 42 ਲੱਖ 01 ਹਜ਼ਾਰ ਰੁਪਏ ਦੀ ਲਾਗਤ ਨਾਲ ਤਿਆਰ ਹੋਏ 06 ਆਧੁਨਿਕ ਕਲਾਸ ਰੂਮ ਲੋਕ ਅਰਪਿਤ ਕਰਨ ਮੌਕੇ ਕੀਤਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰ ਅੰਦੇਸ਼ੀ ਸੋਚ ਸਦਕਾ ਸਰਕਾਰੀ ਸਕੂਲਾਂ ਨੂੰ ਸਾਰੀਆਂ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਨਾਲ ਲੈਸ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਸਾਫ਼ ਪੀਣ ਵਾਲਾ ਪਾਣੀ, ਹਾਈ ਸਪੀਡ ਵਾਈਫਾਈ ਕੁਨੈਕਸ਼ਨ, ਡੈਸਕ ਤੇ ਕੁਰਸੀਆਂ, ਚਾਰਦੀਵਾਰੀ ਤੇ ਹੋਰ ਸਹੂਲਤਾਂ ਸ਼ਾਮਲ ਹਨ।ਚੇਅਰਮੈਨ ਢਿੱਲੋਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਖ਼ਾਤਮੇ ਲਈ ਸੂਬਾ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਗ੍ਰਿਫ਼ਤ ਵਿੱਚੋਂ ਬਾਹਰ ਕੱਢਿਆ ਜਾ ਸਕੇ।ਉਨ੍ਹਾਂ ਇਸ ਮੌਕੇ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ।

## ਸਮੂਹ ਸੰਗਤਾਂ ਵਹੀਰਾਂ ਘੱਤ ਕੇ 1 ਜੂਨ ਨੂੰ ਮੋਰਚੇ 'ਚ ਪਹੁੰਚਣ : ਸਿੱਧੂ



ਸਮਾਣਾ (ਇਕਬਾਲ ਸਿੰਘ ਬੱਲ)-ਲਾਹੌਰ ਦੀ ਤੱਤੀ ਤਵੀ, ਸਰਹੰਦ ਦਾ ਠੰਡਾ ਬੁਰਜ ਤੇ ਸਮਾਣੇ ਦਾ 400 ਫੁੱਟ ਉੱਚਾ ਟਾਵਰ, ਭਾਈ ਗੁਰਜੀਤ ਸਿੰਘ ਖ਼ਾਲਸਾ ਵੱਲੋਂ ਪਿਛਲੇ ਸਾਢੇ ਸੱਤ ਮਹੀਨਿਆਂ ਤੋਂ ਕੀਤੇ ਜਾ ਰਹੇ ਸੰਘਰਸ਼ ਨੇ ਇਨ੍ਹਾਂ ਤਿੰਨਾਂ ਦੀ ਇੱਕ ਸਾਂਝ ਬਣਾ ਦਿੱਤੀ ਹੈ।12 ਅਕਤੂਬਰ ਤੋਂ ਉੱਚੇ ਟਾਵਰ 'ਤੇ ਬੈਠ ਕੇ ਜਿੱਥੇ ਉਸ ਨੇ ਪੋਹ ਦੀਆਂ ਠੰਡੀਆਂ ਰਾਤਾਂ ਝੱਲੀਆਂ, ਉੱਥੇ ਹੀ ਹੁਣ ਜੇਠ ਦੀ ਤਪਸ਼ ਵੀ ਸਹਾਰ ਰਿਹਾ ਹੈ।ਇਹ ਸਭ ਕੁਝ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਨ-ਸ਼ਾਨ ਵਾਸਤੇ ਹੋ ਰਿਹਾ ਹੈ।ਪੰਜਾਬ ਸਰਕਾਰ ਤੋਂ ਬੇਅਦਬੀ ਦੇ ਦੋਸ਼ੀਆਂ ਤੇ ਸਾਜ਼ਿਸ਼ ਘਾੜਿਆਂ ਲਈ ਸਖ਼ਤ ਸਜ਼ਾ ਦਾ ਕਾਨੂੰਨ ਮੰਗ ਰਿਹਾ ਭਾਈ ਖ਼ਾਲਸਾ, ਹੁਣ ਪੰਥ ਨੂੰ ਉਡੀਕ ਰਿਹਾ ਹੈ।ਇਹ ਵਿਚਾਰ ਮੀਡੀਆ ਨੂੰ ਮੁਖ਼ਾਤਿਬ ਹੁੰਦੇ ਹੋਏ ਵਿਸ਼ਵ ਕੋਆਰਡੀਨੇਟਰ ਭਾਈ ਗੁਰਪ੍ਰੀਤ ਸਿੰਘ ਨੇ ਸਾਂਝੇ ਕੀਤੇ।ਸੰਘਰਸ਼ ਨੂੰ ਅਗਲੇ ਮੁਕਾਮ ਤੱਕ ਪਹੁੰਚਾਉਣ ਲਈ 'ਬੇਅਦਬੀ ਗੁਰਾਂ ਦੀ ਰੋਕਣ ਲਈ ਪੰਥ ਸਮਾਣੇ ਚੱਲਿਆ' ਦੇ ਨਾਹਰੇ ਹੇਠ 1 ਜੂਨ ਨੂੰ ਸਵੇਰੇ 10 ਵਜੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਤੇ ਸਮੂਹ ਪੰਜਾਬੀਆਂ ਦੀ ਭਾਰੀ ਇਕੱਤਰਤਾ ਟਾਵਰ ਮੋਰਚਾ ਸਮਾਣਾ, ਨੇੜੇ ਤਹਿਸੀਲ ਕੰਪਲੈਕਸ ਬੁਲਾਈ ਗਈ ਹੈ।ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਭਾਈ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਪੰਥਕ ਇਕੱਠ ਵਿੱਚ ਬੱਸਾਂ ਰਾਹੀਂ ਸੰਗਤਾਂ ਨੂੰ ਲਿਆਉਣ ਦੀ ਵਾਸਤੇ ਸਿੱਖ ਸੰਸਥਾਵਾਂ ਤੇ ਧਾਰਮਿਕ ਆਗੂਆਂ ਨੂੰ ਅੱਗੇ ਆਉਣਾ ਚਾਹੀਦਾ ਹੈ।ਭਾਈ ਕੁਲਵਿੰਦਰ ਸਿੰਘ ਸਿੱਧੂ ਪ੍ਰਧਾਨ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਮਾਣਾ ਨੇ ਸਮੂਹ ਸੰਗਤਾਂ ਨੂੰ ਵਹੀਰਾਂ ਘੱਤ ਕੇ 1 ਜੂਨ ਨੂੰ ਮੋਰਚੇ 'ਤੇ ਪਹੁੰਚਣ ਦੀ ਅਪੀਲ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੀਪ ਸਿੰਘ ਭੁੱਲਰ, ਹਰਦੀਪ ਸਿੰਘ, ਪ੍ਰਗਟ ਸਿੰਘ, ਭਾਈ ਰੰਮੀ ਸਿੰਘ ਸਹਿਗਲ ਮੌਜੂਦ ਸਨ।

## ਸਾਬਕਾ ਵਿਧਾਇਕ ਆਂਵਲਾ ਵੱਲੋਂ ਸਕੂਲ ਨੂੰ ਇਨਵੇਟਰ ਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਲਈ ਰਾਸ਼ੀ ਭੇਟ



ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)-ਆਪਣੀ ਦਰਿਆਦਿਲੀ ਤੇ ਸੇਵਾ ਹੀ ਮੰਤਵ ਨੂੰ ਲੈ ਕੇ ਜਾਣੇ ਜਾਂਦੇ ਸਾਬਕਾ ਐੱਮ ਐੱਲ ਏ ਤੇ ਸਮਾਜਸੇਵੀ ਰਮਿੰਦਰ ਸਿੰਘ ਆਂਵਲਾ ਵੱਲੋਂ ਗੁਰੂ ਹਰਸਹਾਏ ਵਿਖੇ ਸਥਿਤ ਕਾਲੋਨੀ ਇੰਪੀਰੀਅਲ ਇੰਨਕਲੇਵ ਵਿਖੇ ਆਪਣੇ ਦੌਰੇ ਦੌਰਾਨ ਉਨ੍ਹਾਂ ਨੇ ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਚੱਲ ਰਹੀ ਇਮਾਰਤ ਦੀ ਉਸਾਰੀ ਲਈ ਉਨ੍ਹਾਂ ਨੇ ਦੋ ਲੱਖ ਰੁਪਏ ਦਾ ਚੈੱਕ ਪ੍ਰਬੰਧਕਾਂ ਨੂੰ ਸੌਂਪਿਆ।ਇਸ ਸਮੇਂ ਹਾਜ਼ਰ ਐਡਵੋਕੇਟ ਸੁਖਚੈਨ ਸਿੰਘ ਸੋਢੀ, ਮੱਖਣ ਸਿੰਘ ਸੋਢੀ ਲਾਡਾਂ ਵੋਹਰਾ, ਪਰਵੀਨ ਅਗਰਵਾਲ, ਜਸਵੰਤ ਮੈਣੀ, ਬੱਬੂ ਬੇਦੀ ਪ੍ਰਬੰਧਕਾਂ ਵੱਲੋਂ ਤੇ ਹਾਜ਼ਰ ਕਾਲੋਨੀ ਦੇ ਪਤਵੰਤਿਆਂ ਵੱਲੋਂ ਉਨ੍ਹਾਂ ਦੀ ਇਸ ਦਰਿਆਦਿਲੀ ਦਾ ਸਨਮਾਨ ਤੇ ਧੰਨਵਾਦ ਕੀਤਾ ਗਿਆ।ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਮੋਹਨ ਕੇ ਹਿਠਾੜ ਵਿਖੇ ਗਰਮੀ ਦੇ ਕਹਿਰ ਨੂੰ ਦੇਖਦੇ ਸਕੂਲ ਦੇ ਸਟਾਫ ਦੀ ਮੰਗ ਅਨੁਸਾਰ ਸਕੂਲ ਵਿੱਚ ਬੱਚਿਆਂ ਦੀ ਸਹੂਲਤ ਲਈ ਦੋ ਸੋਲਰ ਇੰਨਵੈਟਰ ਬੈਟਰੇ ਸਕੂਲ ਨੂੰ ਦਾਨ ਦਿੱਤੇ ਗਏ।ਇਸ 'ਤੇ ਸਕੂਲ ਦੇ ਬਲਦੇਵ ਸਿੰਘ ਸੈਂਟਰ ਹੈੱਡ ਟੀਚਰ ਤੇ ਸਮੂਹ ਸਟਾਫ਼ ਵੱਲੋਂ ਸਾਬਕਾ ਵਿਧਾਇਕ ਆਂਵਲਾ ਜੀ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਸ੍ਰੀ ਆਂਵਲਾ ਨੇ ਦੱਸਿਆ ਕਿ ਸਿਹਤ ਤੇ ਸਿੱਖਿਆ ਨਾਲ ਜੁੜੇ ਕੰਮਾਂ ਨੂੰ ਉਨ੍ਹਾਂ ਦੀ ਹਮੇਸ਼ਾ ਪਹਿਲ ਰਹੀ ਹੈ।ਉਹ ਆਉਂਦੇ ਸਮੇਂ ਵਿੱਚ ਹੋਰਨਾਂ ਪਿੰਡਾਂ ਲਈ ਵੀ ਅਜਿਹੀਆਂ ਸਹੂਲਤਾਂ ਨੂੰ ਪਹਿਲ ਦਿੰਦੇ ਰਹਿਣਗੇ।ਇਸ ਮੌਕੇ ਉਨ੍ਹਾਂ ਨਾਲ ਬਲਾਕ ਪ੍ਰਧਾਨ ਅਮਰੀਕ ਸਿੰਘ, ਬਲਾਕ ਪ੍ਰਧਾਨ ਭੀਮ ਕੰਬੋਜ, ਸਰਪੰਚ ਕੁਲਵਿੰਦਰ ਸਿੰਘ ਕਾਹਨ ਸਿੰਘ ਵਾਲਾ, ਰਿੰਕੂ ਸੋਢੀ, ਮੋਨੂੰ ਨੰਬਰਦਾਰ, ਅਸ਼ਵਨੀ ਕੁਮਾਰ ਚੇਅਰਮੈਨ ਐੱਸ ਐੱਮ ਸੀ ਤੇ ਸਮੂਹ ਕਮੇਟੀ ਮੈਂਬਰ, ਗਗਨਦੀਪ ਸਰਪੰਚ ਤੇ ਸਮੂਹ ਪੰਚਾਇਤ ਮੋਹਨ ਕੇ ਹਿਠਾੜ ਹਾਜ਼ਰ ਸਨ।

## ਸਾਨੂੰ ਸਮੇਂ ਦੀ ਬੇਕਦਰੀ ਨਹੀਂ ਕਰਨੀ ਚਾਹੀਦੀ : ਪ੍ਰਿੰ. ਗੁਲੇਰੀਆ



ਅਜੀਤਵਾਲ (ਨਛੱਤਰ ਸੰਧੂ)-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਸਮੇਂ ਦੀ ਸਹੀ ਵਰਤੋਂ ਵਿਸ਼ੇ 'ਤੇ ਸੈਮੀਨਾਰ ਲਗਾਇਆ ਗਿਆ।ਇਸ ਦੌਰਾਨ ਪ੍ਰਿੰਸੀਪਲ ਸਾਕਸ਼ੀ ਗਲੇਰੀਆ ਨੇ ਸਕੂਲ ਦੀਆਂ ਵੱਖ ਵੱਖ ਜਮਾਤਾਂ ਦੇ ਬੱਚਿਆਂ ਨਾਲ ਸੰਵਾਦ ਕਰਦਿਆਂ ਕਿਹਾ ਕਿ ਜੀਵਨ 'ਚ ਸਫਲਤਾ ਤਦ ਹੀ ਮਿਲ ਸਕਦੀ ਹੈ, ਜਦ ਬੱਚੇ ਇੱਕ ਸਪੱਸ਼ਟ ਟੀਚੇ ਨੂੰ ਨਿਰਧਾਰਤ ਕਰਕੇ ਆਪਣੇ ਸਮੇਂ ਨੂੰ ਮੈਨੇਜ ਕਰਨਗੇ। ਉਨ੍ਹਾਂ ਇਹ ਵੀ ਦੱਸਿਆ ਕਿ ਬੱਚਿਆਂ ਦੇ ਨਾਲ ਉਨ੍ਹਾਂ ਦੇ ਟਾਈਮ ਮੈਨੇਜਮੈਂਟ, ਉਨ੍ਹਾਂ ਦੀ ਰੋਜ਼ ਦੀ ਰੁਟੀਨ, ਪੜ੍ਹਨ ਦੇ ਢੰਗ ਬਾਰੇ ਵਿਚਾਰ ਵਟਾਂਦਰਾ ਕੀਤਾ ਅਤੇ ਉਸ ਦੇ ਬਾਅਦ ਉਨ੍ਹਾਂ ਨੇ ਬੱਚਿਆਂ ਤੋਂ ਵੀ ਉਨ੍ਹਾਂ ਦੇ ਵਿਚਾਰ ਲਏ।ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕੇ ਸਾਨੂੰ ਸਮੇਂ ਦੀ ਬੇਕਦਰੀ ਨਹੀਂ ਕਰਨੀ ਚਾਹੀਦੀ।ਸਮਾਂ ਹਰ ਇੱਕ ਮਨੁੱਖ ਲਈ ਬਹੁਤ ਹੀ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਰੋਜ਼ਾਨਾ ਸਵੇਰੇ ਜਲਦੀ ਉੱਠਣਾ ਚਾਹੀਦਾ ਹੈ ਤੇ ਚੰਗੀਆਂ ਆਦਤਾਂ ਅਪਣਾਉਣੀਆਂ ਚਾਹੀਦੀਆਂ ਹਨ। ਇਸ ਮੌਕੇ ਸਕੂਲ ਸਟਾਫ ਹਾਜ਼ਰ ਸੀ।

## ਮੱਲਾਂ ਮਾਰਨ ਵਾਲੇ ਵਿਦਿਆਰਥੀ ਸਨਮਾਨਤ



ਹਠੂਰ (ਨਛੱਤਰ ਸੰਧੂ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਦੁਆਰਾ ਇਸ ਵਾਰ ਬਹੁਤ ਹੀ ਵਿਲੱਖਣ ਤਰੀਕੇ ਨੂੰ ਅਪਣਾਉਂਦੇ ਹੋਏ ਕਲਾਸ ਬਾਰਵੀਂ ਦੀਆਂ ਬੋਰਡ ਪ੍ਰੀਖਿਆਵਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਪਿੰਡਾਂ ਵਿੱਚ ਜਾ ਕੇ ਸਨਮਾਨਤ ਕੀਤਾ ਜਾ ਰਿਹਾ ਹੈ।ਇਸੇ ਉਦੇਸ਼ ਲਈ ਪਿੰਡ ਛੀਨੀਵਾਲ ਦੇ ਕਾਮਰਸ ਗਰੁੱਪ ਦੇ ਵਿਦਿਆਰਥੀ ਦਿਲਜਾਨ ਸਿੰਘ ਧਾਲੀਵਾਲ, ਜਿਸ ਨੇ 94.8% ਅੰਕ ਪ੍ਰਾਪਤ ਕੀਤੇ, ਰਾਜਵੀਰ ਕੌਰ ਧਾਲੀਵਾਲ ਜੋ ਕਿ ਸਾਇੰਸ ਗਰੁੱਪ ਦੀ ਵਿਦਿਆਰਥਣ ਹੈ, ਉਸ ਨੇ 91.4% ਅੰਕ ਪ੍ਰਾਪਤ ਕੀਤੇ, ਨੂੰ ਪਿੰਡ ਦੀ ਪੰਚਾਇਤ, ਸਾਕ ਸੰਬੰਧੀਆਂ ਤੇ ਰਿਸ਼ਤੇਦਾਰਾਂ ਦੀ ਮੌਜੂਦਗੀ ਵਿੱਚ ਸਨਮਾਨਤ ਕੀਤਾ ਗਿਆ।ਉਧਰ ਪਿੰਡ ਗਹਿਲ ਦੀ ਬੇਟੀ ਜਸ਼ਨਦੀਪ ਕੌਰ ਧਾਲੀਵਾਲ ਨੇ ਸਾਇੰਸ ਗਰੁੱਪ 'ਚੋਂ 96.8% ਅੰਕ ਪ੍ਰਾਪਤ ਕੀਤੇ ਤੇ ਪਿੰਡ ਦੀਵਾਨਾਂ ਦੀ ਬੇਟੀ ਜਸ਼ਨਦੀਪ ਕੌਰ ਢਿੱਲੋਂ, ਜਿਸ ਨੇ ਕਾਮਰਸ ਗਰੁੱਪ 'ਚੋਂ 91% ਅੰਕ ਪ੍ਰਾਪਤ ਕੀਤੇ, ਨੂੰ ਵੀ ਸਨਮਾਨਤ ਕੀਤਾ ਗਿਆ।ਇਸ ਮੌਕੇ ਮੌਜੂਦ ਸਕੂਲ ਪ੍ਰਧਾਨ ਚਰਨ ਸਿੰਘ, ਚੇਅਰਮੈਨ ਯੋਗਿੰਦਰ ਸ਼ਰਮਾ, ਪ੍ਰਿੰਸੀਪਲ ਕੁੰਜੂਮੋਲ ਜੋਅ ਤੇ ਵਾਈਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਸਾਰੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਸਾਰਿਆਂ ਦਾ ਪਹੁੰਚਣ 'ਤੇ ਧੰਨਵਾਦ ਕੀਤਾ।



ਜ਼ਿਲ੍ਹਾ ਮੋਗਾ ਦੀ ਨਾਮਵਰ ਸੰਸਥਾ ਸਰਾਂ ਇੰਮੀਗਰੇਸ਼ਨ ਨਿਹਾਲ ਸਿੰਘ ਵਾਲਾ ਨੂੰ ਸਿੰਗਾਪੁਰ ਵਿੱਚ ਇੰਟਰਨੈਸ਼ਨਲ ਐਵਾਰਡ ਯੂ ਐੱਸ ਏ ਨਾਲ ਨਿਵਾਜਿਆ ਗਿਆ। (ਫੋਟੋ ਤੇ ਵੇਰਵਾ : ਲਵਲੀ ਮਾਛੀਕੇ)

# ਸਿੱਖ ਨੂੰ ਅਕਾਲ ਤਖ਼ਤ ਸਾਹਿਬ ਪਹਿਲਾਂ, ਦੁਨਿਆਵੀ ਅਹੁਦੇ ਬਾਅਦ 'ਚ : ਸਤਵਿੰਦਰ ਸਿੰਘ ਟੌਹੜਾ



ਨਾਭਾ (ਵਰਿੰਦਰ ਵਰਮਾ)- ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਬੁੱਕਲ 'ਚ ਬਚਪਨ ਤੋਂ ਹੀ ਰਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਤਵਿੰਦਰ ਸਿੰਘ ਟੌਹੜਾ ਨੇ ਕਿਹਾ ਕਿ ਪਿੰਡ ਮੰਡੌਰਾਂ ਵਿਚ 22 ਮਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ 2 ਦਸੰਬਰ ਦੇ ਹੁਕਮਨਾਮੇ ਅਨੁਸਾਰ ਹੋਈ ਵਿਸ਼ਾਲ ਮੀਟਿੰਗ ਤੋਂ ਘਬਰਾਏ ਬਾਦਲ ਦਲ ਦੇ ਆਗੂ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭਗੌੜਿਆਂ ਨੇ ਆਪਣੀ ਗੰਦਗੀ ਭਰੀ ਸੋਚ ਅਨੁਸਾਰ ਬਿਆਨ ਜਾਰੀ ਕੀਤੇ ਹੈ, ਜਿਸ ਨੂੰ ਸਿੱਖ ਸੰਗਤ ਬਰਦਾਸ਼ਤ ਨਹੀਂ ਕਰੇਗੀ। ਟੌਹੜਾ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ। ਸਤਵਿੰਦਰ ਸਿੰਘ ਟੌਹੜਾ ਨੇ ਕਿਹਾ ਕਿ 22 ਮਈ ਦੇ ਇਕੱਠ 'ਚ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭਗੌੜਿਆਂ ਵਿਚ ਸ਼ਾਮਲ ਮੱਖਣ ਸਿੰਘ ਲਾਲਕਾ ਨੇ ਜੋ ਬਿਆਨਬਾਜ਼ੀ ਕੀਤੀ ਸੀ, ਉਹ ਅਸੀਂ ਬਰਦਾਸ਼ਤ ਕਰ ਲਈ ਸੀ, ਪਰ ਜੋ ਬਿਆਨਬਾਜ਼ੀ ਇਕੱਠ ਤੋਂ ਬਾਅਦ ਕੀਤੀ, ਉਸ ਵਿਚ ਸਾਡੇ ਕੌਮੀ ਸ਼ਹੀਦ ਭਾਈ ਅਮਰੀਕ ਸਿੰਘ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਪੰਜ ਮੈਂਬਰੀ ਕਮੇਟੀ ਨੂੰ ਆਰਐਸਐਸ ਦੇ ਮੈਂਬਰ ਕਹਿਣਾ ਕਿਸੇ ਵੀ ਹਾਲ ਵਿਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਭਗੌੜਿਆਂ ਨੇ ਗਲਤ ਪੱਖ ਵਿਚ ਖੜਦਿਆਂ ਉਨ੍ਹਾਂ ਸੱਚੇ ਸੁੱਚੇ ਮਹਾਨ ਪੰਥਕ ਵਿਰੁੱਧ ਬੋਲਿਆ ਜੋ ਪੰਥਕ ਵਿਰਾਸਤਾਂ ਦੀ ਪਹਿਰੇਦਾਰੀ ਕਰ ਰਹੇ ਹਨ।ਉਨ੍ਹਾਂ 'ਤੇ ਇਹ ਦੋਸ਼ਾਂ ਲਾਏ ਮਨਘੜਤ ਨਾਲ ਕੂੜ ਤੋਲਣ ਲੱਗ ਪਏ, ਇਸ ਵੇਲੇ ਮੱਖਣ ਸਿੰਘ ਲਾਲਕਾ ਵਰਗਿਆਂ ਨੇ ਹੋਰ ਵੀ ਘਟੀਆ ਬਿਆਨਬਾਜ਼ੀ ਕੀਤੀ ਹੈ, ਜਿਵੇਂ ਕਿ ਉਨ੍ਹਾਂ ਸਿੱਖ ਕੌਮ ਦੇ ਵੱਡੇ ਵਿਦਵਾਨ ਬਾਬਾ ਦਰਸ਼ਨ ਸਿੰਘ ਮੱਲੇਵਾਲ 'ਤੇ ਵੀ ਘਟੀਆ ਰਾਜਨੀਤੀ ਵਰਤ ਕੇ ਹੋਛੀ ਬਿਆਨਬਾਜ਼ੀ ਕੀਤੀ।

ਗੁਰਦੁਆਰਾ ਰੋੜੀ ਸਾਹਿਬ ਦੇ ਲੰਬੇ ਸਮੇਂ ਪ੍ਰਧਾਨ ਚਲੇ ਆ ਰਹੇ ਰਣਧੀਰ ਸਿੰਘ ਢੀਂਡਸਾ ਤੇ ਸੁਰਜੀਤ ਸਿੰਘ ਰੱਖੜਾ ਪਰਿਵਾਰ ਖ਼ਿਲਾਫ਼ ਜੋ ਭੱਦੀ ਤੇ ਗੈਰ ਨੈਤਿਕਤਾ ਵਾਲੀ ਸ਼ਬਦਾਵਲੀ ਵਰਤੀ ਹੈ, ਉਸ ਦਾ ਸਿੱਖ ਸੰਗਤ ਜਵਾਬ ਲਵੇਗੀ ਤੇ ਜੇਕਰ ਅਜਿਹੀ ਬਿਆਨਬਾਜ਼ੀ ਇਨ੍ਹਾਂ ਜਾਰੀ ਰੱਖੀ ਤਾਂ ਇਨ੍ਹਾਂ ਨੂੰ ਪਿੰਡਾਂ ਵਿਚ ਵੜਨ ਤੋਂ ਵੀ ਰੋਕੇਗੀ।ਐਡ. ਰਵਿੰਦਰ ਸ਼ਾਹਪੁਰ ਨੇ ਕਿਹਾ ਕਿ ਇਨ੍ਹਾਂ ਪੰਥ ਦੋਖੀਆਂ ਨੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਪਿੰਡ ਦੇਣ ਦੀ ਗੱਲ ਆਖੀ ਹੈ, ਪਰ ਸ਼੍ਰੋਮਣੀ ਕਮੇਟੀ ਮੈਂਬਰ ਦੀ ਡਿਊਟੀ ਗੁਰੂ ਸਿਧਾਂਤਾਂ ਅਨੁਸਾਰ ਚੱਲਣਾ ਹੁੰਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪਿੱਠ ਦਿਖਾ ਕੇ ਭਗੌੜੇ ਹੋਣਾ ਨਹੀਂ, ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨਤਾ ਨੂੰ ਜਾਣਦੇ ਹਾਂ। ਉਨ੍ਹਾਂ ਕਿਹਾ ਕਿ ਰੱਖੜਾ ਪਰਵਾਰ ਜਿਨ੍ਹਾਂ ਦੇ ਦਰ ਤੇ ਇਹ ਰੱਖੜਿਆ ਅਲਖ ਜਗਾਉਂਦੇ ਸੀ ਉਨ੍ਹਾਂ ਤੇ ਵੀ ਉਂਗਲਾਂ ਚੁੱਕ ਰਹੇ ਹਨ, ਜੇਕਰ ਰੱਖੜਾ ਪਰਿਵਾਰ ਬੋਲ ਪਿਆ ਤਾਂ ਇਨ੍ਹਾਂ ਨੂੰ ਮੂੰਹ ਛੁਪਾਉਣ ਲਈ ਥਾਂ ਨਹੀਂ ਥਿਆਉਣੀ। ਇੰਦਰ ਪ੍ਰੀਤ ਢਿੱਲੋਂ ਨੇ ਕਿਹਾ ਕਿ ਸੰਗਤ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਹੈ ਗੁਰੂ ਪੰਥ ਦੇ ਨਾਲ ਹੈ, ਪਰ ਇਹ ਲੋਕ ਪੰਥ ਦੇ ਅਸਲ ਅਕੀਦੇ ਤੋਂ ਪਾਸਾ ਵੱਟ ਗਏ ਹਨ। ਜਥੇਦਾਰਾਂ ਦੀ ਧੌਣ ਤੇ ਗੋਡੇ ਰੱਖ ਕੇ ਹੁਕਮਨਾਮੇ ਜਾਰੀ ਕਰਾਉਂਦੇ ਰਹੇ ਹਨ। ਪਰ ਅੱਜ ਇਹ ਲੋਕ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਵੱਡੇ ਹੋ ਗਏ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹੀ ਪਿੱਠ ਦਿਖਾ ਗਏ, ਜਿਸ ਦਾ ਸਮੁੱਚੀਆਂ ਗੁਰਦੁਆਰਾ ਕਮੇਟੀਆਂ ਨੇ ਬੁਰਾ ਮਨਾਇਆ।

## ਅਕਾਲ ਤਖ਼ਤ ਦੀ ਸਰਬਉੱਚਤਾ ਤੇ ਮਹਾਨਤਾ ਫਿਰਕੂ ਹੁਕਮਰਾਨਾਂ ਤੋਂ ਬਰਦਾਸ਼ਤ ਨਹੀਂ ਹੋ ਰਹੀ : ਟਿਵਾਣਾ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮੀਰੀ-ਪੀਰੀ ਦੇ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਮਨੁੱਖਤਾ ਪੱਖੀ ਉੱਚ ਮਰਿਯਾਦਾਵਾਂ ਦੀ ਬਦੌਲਤ ਸਮੁੱਚੇ ਸੰਸਾਰ ਵਿੱਚ ਖ਼ਾਲਸਾ ਪੰਥ ਦੀ ਇਸ ਸੰਸਥਾ ਦੀ ਸਰਬਉੱਚਤਾ ਤੇ ਮਹਾਨਤਾ ਕਾਇਮ ਹੈ, ਜਿੱਥੋਂ ਹੋਣ ਵਾਲੇ ਕੌਮੀ ਫੈਸਲਿਆਂ ਨੂੰ ਸਮੁੱਚੇ ਸੰਸਾਰ ਵਿੱਚ ਮਾਨਤਾ ਹਾਸਲ ਹੁੰਦੀ ਹੈ।ਇਸ ਦੀ ਸਰਬਉੱਚਤਾ ਤੇ ਮਹਾਨਤਾ ਫਿਰਕੂ ਹੁਕਮਰਾਨਾਂ ਨੂੰ ਬਰਦਾਸ਼ਤ ਨਹੀਂ ਹੋ ਰਹੀ।ਇਹੀ ਵਜ੍ਹਾ ਹੈ ਕਿ ਸੈਂਟਰ ਦੇ ਮੁਤੱਸਵੀ ਹੁਕਮਰਾਨਾਂ ਨੇ ਪਹਿਲੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੇ ਹੁਣ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪ੍ਰਬੰਧਕੀ ਬੋਰਡਾਂ ਵਿੱਚ ਆਪਣੇ ਚੇਹਤਿਆਂ ਦੀ ਬਹੁ-ਗਿਣਤੀ ਕਰਕੇ ਇਨ੍ਹਾਂ ਤਖ਼ਤਾਂ ਉੱਤੇ ਇਕ ਤਰ੍ਹਾਂ ਨਾਲ ਆਪਣੇ ਸਿਆਸੀ ਕੰਟਰੋਲ ਕਰਨ ਦੀ ਅਵੱਗਿਆ ਕੀਤੀ ਹੈ, ਜਿਸ ਕਾਰਨ ਸਮੁੱਚੀ ਸਿੱਖ ਕੌਮ ਵਿੱਚ ਸੈਂਟਰ ਦੀ ਮੌਜੂਦਾ ਬੀਜੇਪੀ-ਆਰ.ਐੱਸ.ਐੱਸ. ਹਕੂਮਤ ਵਿਰੁੱਧ ਪਹਿਲੋਂ ਹੀ ਬਹੁਤ ਵੱਡਾ ਰੋਸ ਉਤਪੰਨ ਹੋ ਚੁੱਕਿਆ ਹੈ।ਹੁਣ ਅਜਿਹੀਆਂ ਸਾਜ਼ਿਸ਼ਾਂ 'ਤੇ ਅਮਲ ਕਰਕੇ ਸਾਡੇ ਇਨ੍ਹਾਂ ਮਹਾਨ ਤਖ਼ਤਾਂ ਦਾ ਰਾਜਸੀ ਕਰਨ ਕਰਕੇ ਸਿੱਖ ਕੌਮ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ।ਤਖ਼ਤ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਜੋ ਗੈਰ-ਸਿਧਾਂਤਕ ਢੰਗ ਨਾਲ ਆਪਹੁਦਰੇ ਕੌਮੀ ਰਵਾਇਤਾਂ ਦੇ ਉਲਟ ਫੈਸਲਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਢਾਅ ਲਗਾਉਣ ਦੇ ਦੁੱਖਦਾਇਕ ਅਮਲ ਹੋ ਰਹੇ ਹਨ।ਇਸ ਪਿੱਛੇ ਬੀਜੇਪੀ-ਆਰ.ਐੱਸ.ਐੱਸ. ਦੀ ਸਿੱਖ ਕੌਮ ਵਿਰੋਧੀ ਨਫਰਤ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਹੁਕਮਰਾਨ ਸਿੱਖ ਕੌਮ ਵਿੱਚ ਭਰਾਮਾਰੂ ਜੰਗ ਨੂੰ ਪ੍ਰਫੁੱਲਤ ਕਰਕੇ ਆਪਣੇ ਸਿਆਸੀ ਸਵਾਰਥਾਂ ਦੀ ਪੂਰਤੀ ਕਰਨ ਦੇ ਨਾਲ-ਨਾਲ ਸਾਡੀਆਂ ਸਿੱਖ ਸੰਸਥਾਵਾਂ ਦੀ ਜੋ ਆਜ਼ਾਦ ਫਿਜ਼ਾ ਹੈ, ਉਸ ਨੂੰ ਤਹਿਸ ਨਹਿਸ ਕਰਨ ਦੇ ਸਾਜ਼ਿਸ਼ੀ ਅਮਲ ਕਰ ਰਹੇ ਹਨ, ਜਿਸ ਵਿੱਚ ਉਹ ਕਤਈ ਕਾਮਯਾਬ ਨਹੀਂ ਹੋ ਸਕਣਗੇ।

# ਵਿਧਾਇਕ ਕੋਹਲੀ ਵੱਲੋਂ ਸਰਕਾਰੀ ਸਕੂਲ 'ਚ ਕਰਵਾਏ ਵਿਕਾਸ ਕਾਰਜ ਲੋਕ ਅਰਪਿਤ

**ਅਧਿਆਪਕਾਂ ਨੂੰ ਵਿਦੇਸ਼ਾਂ 'ਚ ਟ੍ਰੇਨਿੰਗ ਕਰਵਾ ਕੇ ਵਿਸ਼ਵ ਪੱਧਰੀ ਵਿੱਦਿਅਕ ਮਾਹੌਲ ਸਿਰਜਿਆ**



ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਹਾਈ ਸਕੂਲ ਪਟਿਆਲਾ ਕੈਂਟ ਵਿਖੇ ਲਗਭਗ 4 ਲੱਖ ਰੁਪਏ ਦੀ ਗ੍ਰਾਂਟ ਨਾਲ ਹੋਏ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਸਮਰਪਤ ਕੀਤੇ।ਇਸ ਮੌਕੇ ਵਿਦਿਆਰਥੀਆਂ ਦਾ ਸਨਮਾਨ ਕਰਦਿਆਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਪੰਜਾਬ ਦੇ ਸਕੂਲ ਦੇਸ਼ ਲਈ ਮਾਡਲ ਬਣ ਗਏ ਹਨ। ਵਿਧਾਇਕ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪ੍ਰਿੰਸੀਪਲਾਂ ਤੇ ਅਧਿਆਪਕਾਂ ਨੂੰ ਅਗਲੇਰੀ ਸਿਖਲਾਈ ਲਈ ਸਿੰਗਾਪੁਰ ਤੇ ਫਿਨਲੈਂਡ ਆਦਿ ਦੇਸ਼ਾਂ ਵਿਖੇ ਟ੍ਰੇਨਿੰਗ ਕਰਵਾ ਕੇ ਵਿਸ਼ਵ ਪੱਧਰੀ ਵਿੱਦਿਅਕ ਮਾਹੌਲ ਸਿਰਜਿਆ ਗਿਆ ਹੈ।ਸ੍. ਕੋਹਲੀ ਨੇ ਕਿਹਾ ਕਿ ਉਨ੍ਹਾਂ ਦੇ ਹਲਕੇ ਦੇ ਸਾਰੇ ਸਕੂਲਾਂ ਵਿੱਚ ਲੋੜੀਂਦੇ ਹਰ ਤਰ੍ਹਾਂ ਦੇ ਵਿਕਾਸ ਕਾਰਜ ਕਰਵਾਏ ਗਏ ਹਨ, ਜਿਸ ਕਰਕੇ ਕਿਸੇ ਸਕੂਲ ਵਿੱਚ ਹੁਣ ਕੋਈ ਕਮੀ ਬਾਕੀ ਨਹੀਂ ਰਹੇਗੀ।ਉਨ੍ਹਾਂ ਅੱਠਵੀਂ, ਦਸਵੀਂ ਜਮਾਤ ਦੇ ਚੰਗੇ ਨਤੀਜੇ ਲੈ ਕੇ ਆਏ ਵਿਦਿਆਰਥੀਆਂ ਦੀ ਵੀ ਸ਼ਲਾਘਾ ਕੀਤੀ।ਸਮਾਰੋਹ ਮੌਕੇ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ।ਇਸ ਮੌਕੇ ਮਿਊਂਸਪਲ ਕੌਂਸਲਰ ਜਗਮੋਹਨ ਸਿੰਘ, ਪ੍ਰੋਗਰਾਮ ਹਲਕਾ ਕੋਆਰਡੀਨੇਟਰ ਅਮਿਤ ਡਾਬੀ, ਹਲਕਾ ਨੋਡਲ ਅਫਸਰ ਮਨੋਜ ਥਾਪਰ, ਹੈੱਡ ਮਿਸਟ੍ਰੈਸ ਰੁਪਿੰਦਰ ਕੌਰ ਗਰੇਵਾਲ, ਮਹਿਲਾ ਵਿੰਗ ਦੇ ਹਲਕਾ ਕੋਆਰਡੀਨੇਟਰ ਮੋਨਿਕਾ ਸ਼ਰਮਾ, ਮਹਿਲਾ ਆਗੂ ਦੀਪਮਾਲਾ ਤੇ ਇਲਾਕੇ ਦੇ ਪਤਵੰਤੇ ਸੱਜਣ ਹਾਜ਼ਰ ਰਹੇ।

# ਨਸ਼ਾ ਮੁਕਤੀ ਯਾਤਰਾ ਲੋਕ ਲਹਿਰ ਬਣਨ ਲੱਗੀ : ਜਗਦੀਪ ਜੱਗਾ

**ਕੋਆਰਡੀਨੇਟਰ ਵੱਲੋਂ ਪਿੰਡਾਂ 'ਚ ਡਿਫੈਂਸ ਕਮੇਟੀਆਂ ਨਾਲ ਮੀਟਿੰਗਾਂ**



ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)-ਯੁੱਧ ਨਸ਼ਿਆਂ ਵਿਰੁੱਧ ਮੋਰਚੇ ਦੇ ਮਾਲਵਾ ਪੂਰਬੀ ਜ਼ੋਨ ਦੇ ਕੋਆਰਡੀਨੇਟਰ ਤੇ ਪਟਿਆਲਾ ਦੇ ਡਿਪਟੀ ਮੇਅਰ ਸ੍. ਜਗਦੀਪ ਸਿੰਘ ਜੱਗਾ ਨੇ ਨਸ਼ਾ ਮੁਕਤੀ ਯਾਤਰਾ ਤਹਿਤ ਹਲਕਾ ਸੁਨਾਮ ਦੇ ਪਿੰਡਾਂ ਗੱਗੜਪੁਰ ਤੇ ਖੇੜੀ ਵਿਖੇ ਡਿਫੈਂਸ ਕਮੇਟੀਆਂ ਦੀਆਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਨੂੰ ਹਰ ਘਰ ਤੱਕ ਪਹੁੰਚਾਇਆ ਜਾ ਰਿਹਾ ਹੈ ਤਾਂ ਜੋ ਨਸ਼ਿਆਂ ਦਾ ਸੂਬੇ 'ਚੋਂ ਮੁਕੰਮਲ ਖ਼ਾਤਮਾ ਕੀਤਾ ਜਾ ਸਕੇ।ਸ੍. ਜਗਦੀਪ ਸਿੰਘ ਜੱਗਾ ਨੇ ਕਿਹਾ ਕਿ ਇਸ ਮੁਹਿੰਮ ਨੂੰ ਸ਼ੁਰੂ ਕਰਨ ਦਾ ਮੁੱਖ ਮਕਸਦ ਸੂਬੇ 'ਚ ਨਸ਼ਿਆਂ ਖ਼ਿਲਾਫ਼ ਲੋਕ ਲਹਿਰ ਪੈਦਾ ਕਰਨਾ ਹੈ, ਜਿਸ ਨੂੰ ਵੱਡੀ ਸਫਲਤਾ ਮਿਲ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਛੱਡਣ ਵਾਲੇ ਵਿਅਕਤੀਆਂ ਦੇ ਇਲਾਜ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ, ਲੋੜ ਹੈ ਇਨ੍ਹਾਂ ਵਿਅਕਤੀਆਂ ਨੂੰ ਇਲਾਜ ਲਈ ਪ੍ਰੇਰਿਤ ਕਰਨ ਦੀ ਜੋ ਹਲਕਾ ਕੁਆਰਡੀਨੇਟਰ ਆਪਣੀ ਟੀਮ ਨਾਲ ਘਰ ਘਰ ਜਾ ਕੇ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਨਸ਼ੇ ਦੇ ਖ਼ਾਤਮੇ ਲਈ ਜ਼ਰੂਰੀ ਹੈ ਕਿ ਇਸ ਦੀ ਸਪਲਾਈ ਲਾਈਨ ਨੂੰ ਤੋੜਿਆ ਜਾਵੇ ਇਸ ਲਈ ਪਿੰਡ ਜਾ ਮੁਹੱਲੇ ਵਿੱਚ ਜੇਕਰ ਕੋਈ ਨਸ਼ਾ ਵੇਚਦਾ ਹੈ ਤਾਂ ਇਸ ਦੀ ਸੂਚਨਾ ਪੁਲਸ ਨੂੰ ਦੇਣ ਲਈ ਹਲਕਾ ਤੇ ਜ਼ਿਲ੍ਹਾ ਕੁਆਰਡੀਨੇਟਰ ਆਪਣੀ ਪੂਰੀ ਟੀਮ ਨਾਲ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਹਨ। ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਹੁਣ ਲੋਕ ਲਹਿਰ ਦੇ ਰੂਪ ਵਿੱਚ ਵਧ ਫੁੱਲ ਰਹੀ ਹੈ।ਉਨ੍ਹਾਂ ਕਿਹਾ ਕਿ ਕਿਸੇ ਮੁਹਿੰਮ ਦਾ ਲੋਕ ਲਹਿਰ ਵਜੋਂ ਵਿਕਸਿਤ ਹੋਣਾ ਇਸ ਗੱਲ ਦਾ ਸੰਕੇਤ ਹੈ ਕਿ ਲੋਕ ਤਨ-ਮਨ ਨਾਲ ਸਰਕਾਰ ਦੇ ਨਾਲ ਖੜ੍ਹੇ ਹਨ ਤੇ ਨਸ਼ਿਆਂ ਵਰਗੀ ਭਿਆਨਕ ਸਮਾਜਿਕ ਬੁਰਾਈ ਦਾ ਖਾਤਮਾ ਕਰਨ ਲਈ ਦ੍ਰਿੜ੍ਹ ਹਨ।ਇਸ ਮੌਕੇ ਹਾਜ਼ਰੀਨ ਨੂੰ ਨਸ਼ਿਆਂ ਖ਼ਿਲਾਫ਼ ਸਹੁੰ ਵੀ ਚੁਕਾਈ ਗਈ।

## ਬੰਗੜ ਹਸਪਤਾਲ ਵੱਲੋਂ ਮੁਫਤ ਚੈੱਕਅਪ ਕੈਂਪ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਸਿਹਤ ਸੇਵਾਵਾਂ ਪੱਖੋਂ ਵੱਡਾ ਨਾਮ ਬੰਗੜ ਸੁਪਰ ਸਪੈਸ਼ਲਟੀ ਹਸਪਤਾਲ ਫਿਰੋਜ਼ਪੁਰ ਵੱਲੋਂ ਲਗਾਤਾਰ ਵੱਖ ਵੱਖ ਸਕੂਲਾਂ ਵਿੱਚ ਬੱਚਿਆਂ ਦੀ ਜਾਂਚ ਲਈ ਕੈਂਪ ਲਗਾਏ ਜਾ ਰਹੇ ਹਨ। ਇਸੇ ਤਰ੍ਹਾਂ ਹੀ ਅਡਾਪਟਿੰਗ ਐਜੂਕੇਸ਼ਨ ਪਲੇਅ ਸਕੂਲ ਫਿਰੋਜ਼ਪੁਰ ਵਿਖੇ ਫਰੀ ਚੈੱਕਅਪ ਕੈਂਪ ਲਗਾਇਆ ਗਿਆ। ਇਹ ਕੈਂਪ ਬੱਚਿਆਂ ਦੇ ਮਾਹਰ ਡਾਕਟਰ ਰੋਹਿਤ ਡੁੱਗਰ ਦੀ ਅਗਵਾਈ ਵਿੱਚ ਲਗਾਇਆ ਗਿਆ। ਇਸ ਦੌਰਾਨ ਗਰਮੀਂ ਦੇ ਦਿਨਾਂ ਵਿੱਚ ਲੋਅ, ਮਲੇਰੀਆ ਵਰਗੀ ਬਿਮਾਰੀਆਂ ਤੋਂ ਬਚਾਅ ਲਈ ਸਾਵਧਾਨੀਆਂ ਵਰਤਣ ਸਬੰਧੀ ਜਾਗਰੂਕ ਕੀਤਾ ਗਿਆ ਅਤੇ ਬੰਗੜ ਸੁਪਰ ਸਪੈਸ਼ਲਟੀ ਹਸਪਤਾਲ ਫਿਰੋਜ਼ਪੁਰ ਕੱਚਾ ਜ਼ੀਰਾ ਰੋਡ ਵਿੱਚ ਚੱਲ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਪ੍ਰਿੰਸੀਪਲ ਰੀਤੂ ਗਿਰਧਰ, ਵਿਕਾਸ ਕੁਮਾਰ, ਨਿਸ਼ਾਨ ਸਿੰਘ ਅਰਮਾਨਪੁਰਾ, ਵਿਸ਼ਾਲ ਤੇਜੀ, ਵਿੱਕੀ ਕੰਬੋਜ ਤੋਂ ਇਲਾਕਾ ਹੋਰ ਵੀ ਹਾਜ਼ਰ ਸਨ।

# 'ਸ਼ੌਂਕੀ ਸਰਦਾਰ' ਦੀ ਪ੍ਰਮੋਸ਼ਨ ਲਈ ਬੱਬੂ ਮਾਨ ਪਾਤੜਾਂ ਪੁੱਜੇ

**ਸਿਨੇਮਾ ਸਿੱਖਿਆ ਦਾ ਬੁਨਿਆਦੀ ਅੰਗ : ਬੱਬੂ ਮਾਨ**



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪ੍ਰਸਿੱਧ ਪੰਜਾਬੀ ਅਦਾਕਾਰ ਬੱਬੂ ਮਾਨ ਆਪਣੀ ਨਵੀਂ ਆ ਰਹੀ ਫਿਲਮ ਸ਼ੌਂਕੀ ਸਰਦਾਰ ਦੀ ਪ੍ਰਮੋਸ਼ਨ ਲਈ ਪਾਤੜਾਂ ਪੁੱਜੇ।ਇਸ ਦੌਰਾਨ ਉਨ੍ਹਾਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨਾਲ ਪਾਤੜਾਂ ਦੇ ਓਮ ਜੀ ਸਿਨੇਮਾ ਵਿੱਚ ਦਰਸ਼ਕਾਂ ਨਾਲ ਫਿਲਮ ਦੇਖੀ।ਫਿਲਮ ਸੈੱਟ ਉੱਤੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਪਿੰਡ ਦੇ ਜੰਮਪਲ ਹਨ ਤੇ ਪਿੰਡ ਦੀ ਮਿੱਟੀ ਦਾ ਮੋਹ ਸਦਾ ਉਨ੍ਹਾਂ 'ਤੇ ਭਾਰੂ ਰਿਹਾ ਹੈ।ਦੇਸ਼ ਭਗਤਾਂ, ਸੂਰਬੀਰ ਤੇ ਵਿਰਾਸਤੀ ਕਹਾਣੀਆਂ ਦੇ ਨਾਇਕਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਅਤੇ ਪੰਜਾਬੀ ਸਿਨੇਮਾ ਦੇ ਦਰਸ਼ਕਾਂ ਨੂੰ ਉਨ੍ਹਾਂ ਦੀਆਂ ਜੀਵਨ ਕਹਾਣੀਆਂ ਤੋਂ ਜਾਣੂ ਕਰਾਉਣਾ ਉਨ੍ਹਾਂ ਦਾ ਮਕਸਦ ਰਿਹਾ ਹੈ।

ਫਿਲਮ ਦੀ ਪ੍ਰਮੋਸ਼ਨ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸਿਨੇਮਾ ਸਿੱਖਿਆ ਦਾ ਬੁਨਿਆਦੀ ਅੰਗ ਹੈ, ਪਰ ਸਾਡੇ ਬਹੁਤੇ ਅਖੌਤੀ ਬੁੱਧੀਜੀਵੀ ਇਸ ਗੱਲ ਨੂੰ ਮੰਨਣ ਲਈ ਰਾਜ਼ੀ ਨਹੀਂ, ਜਿਸ ਕਰਕੇ ਪੰਜਾਬੀ ਸਿਨੇਮਾ ਪੱਛੜ ਰਿਹਾ ਹੈ।ਦੱਖਣੀ ਭਾਰਤ ਦੀਆਂ ਐਕਸ਼ਨ ਫਿਲਮਾਂ ਦੀ ਤਰਜ਼ 'ਤੇ ਪੰਜਾਬੀ ਫਿਲਮਾਂ ਬਣਾਏ ਜਾਣ ਸੰਬੰਧੀ ਇੱਕ ਸਵਾਲ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਗੁਰੂਆਂ ਪੀਰਾਂ ਦੀ ਧਰਤੀ ਹੈ, ਜਿੱਥੋਂ ਦੇ ਲੋਕਾਂ ਨੇ ਸਦਾ ਧਾਰਮਿਕ, ਸੱਭਿਆਚਾਰਕ ਤੇ ਲੋਕ ਨਾਇਕਾਂ ਦੇ ਆਧਾਰਤ ਫਿਲਮਾਂ ਨੂੰ ਮਾਨਤਾ ਦਿੱਤੀ ਹੈ।ਉਨ੍ਹਾਂ ਕਿਹਾ ਕਿ ਐਕਸ਼ਨ ਫਿਲਮਾਂ ਨੂੰ ਔਰਤਾਂ ਕਦੇ ਵੀ ਪਸੰਦ ਨਹੀਂ ਕਰਦੀਆਂ, ਇਸ ਲਈ ਉਨ੍ਹਾਂ ਦਾ ਧਿਆਨ ਪੰਜਾਬ ਦੀ ਮਿੱਟੀ ਨਾਲ ਜੁੜੇ ਵਿਸ਼ਿਆਂ 'ਤੇ ਫਿਲਮਾਂ ਬਣਾਉਣਾ ਰਿਹਾ ਹੈ।ਸ਼ੌਂਕੀ ਸਰਦਾਰ ਤੋਂ ਵੱਡੀਆਂ ਉਮੀਦਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਫਿਲਮ ਲੋਕਾਂ ਦੀਆਂ ਆਸਾਂ ਉੱਤੇ ਪੂਰੀ ਉਤਰੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ, ਸੀਨੀਅਰ ਆਪ ਆਗੂ ਕੁਲਦੀਪ ਸਿੰਘ ਥਿੰਦ, ਸਰਪੰਚ ਬਲਜਿੰਦਰ ਸਿੰਘ ਜੋਗੇਵਾਲਾ, ਰਵਿੰਦਰ ਸਿੰਘ ਭਿੰਡਰ, ਪ੍ਰੀਤ ਗਿੱਲ, ਸਰਪੰਚ ਚਰਨਜੀਤ ਸਿੰਘ ਮੌਲਵੀਵਾਲਾ ਆਦਿ ਹਾਜ਼ਰ ਸਨ।

# ਉੱਪ ਮੰਡਲ ਪੱਧਰ 'ਤੇ ਕੌਮੀ ਲੋਕ ਅਦਾਲਤ 'ਚ 661 ਕੇਸਾਂ ਦਾ ਮੌਕੇ 'ਤੇ ਫੈਸਲਾ

**ਕਰੀਬ 70716794 ਰੁਪਏ ਦੇ ਅਵਾਰਡ ਕੀਤੇ ਪਾਸ**



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) : ਸਮਾਣਾ ਦੀਆਂ ਨਿਆਇਕ ਅਦਾਲਤਾਂ ਵਿਖੇ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਮੈਡਮ ਰੁਪਿੰਦਰਜੀਤ ਚਹਿਲ ਤੇ ਐੱਮ ਐੱਸ ਅਮਨਦੀਪ ਕੰਬੋਜ ਸੀ.ਜੇ.ਐੱਮ-ਕਮ-ਸੈਕਟਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੀ ਅਗਵਾਈ ਹੇਠ ਸ੍ਰੀ ਮਨਦੀਪ ਸਿੰਘ ਵਧੀਕ ਸਿਵਲ ਜੱਜ ਸੀਨੀਅਰ ਡਵੀਜ਼ਨ ਸਮਾਣਾ, ਕਮ-ਚੇਅਰਮੈਨ ਉਪ-ਮੰਡਲ ਕਾਨੂੰਨੀ ਸੇਵਾਵਾਂ ਕਮੇਟੀ, ਸਮਾਣਾ ਦੀ ਪ੍ਰਧਾਨਗੀ ਹੇਠ ਇਸ ਸਾਲ ਦੀ ਦੂਜੀ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ।ਉਪ-ਮੰਡਲ ਪੱਧਰ 'ਤੇ 6 ਕੌਮੀ ਲੋਕ ਅਦਾਲਤਾਂ ਦਾ ਆਯੋਜਨ ਕੀਤਾ ਗਿਆ, ਜਿਨ੍ਹਾਂ ਵਿੱਚੋਂ ਇੱਕ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਸ੍ਰੀ ਮਨਦੀਪ ਸਿੰਘ ਵਧੀਕ ਸਿਵਲ ਜੱਜ ਸੀਨੀਅਰ ਡਵੀਜ਼ਨ ਸਮਾਣਾ, ਦੂਜੀ ਦੀ ਪ੍ਰਧਾਨਗੀ ਜੱਜ ਡਾਕਟਰ ਰਾਜਵਿੰਦਰ ਕੌਰ, ਤੀਜੀ ਦੀ ਪ੍ਰਧਾਨਗੀ ਮੈਡਮ ਏਕਤਾ ਸੇਡਾ, ਚੌਥੀ ਦੀ ਪ੍ਰਧਾਨਗੀ ਮੈਡਮ ਜਸਲੀਨ ਕੌਰ ਬਵੇਜਾ, ਪੰਜਵੀਂ ਦੀ ਪ੍ਰਧਾਨਗੀ ਮੈਡਮ ਮੋਹਿਨੀ ਗੋਇਲ ਤੇ ਛੇਵੀਂ ਲੋਕ ਅਦਾਲਤ ਦੀ ਪ੍ਰਧਾਨਗੀ ਮੈਡਮ ਡਿੰਪਲ ਗਰਗ ਨੇ ਕੀਤੀ।ਇਨ੍ਹਾਂ ਕੌਮੀ ਲੋਕ ਅਦਾਲਤਾਂ ਵਿੱਚ ਦੀਵਾਨੀ ਤੇ ਸਮਝੌਤਾ ਯੋਗ ਫੌਜਦਾਰੀ, ਟ੍ਰੈਫਿਕ ਚਲਾਨ, ਬੈਂਕਾਂ ਦੇ ਕੇਸ ਆਦਿ ਸੁਣਵਾਈ ਲਈ ਪੇਸ਼ ਹੋਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਕੇਸਾਂ ਦੇ ਆਪਸੀ ਸਮਝੌਤੇ ਕਰਵਾ ਕੇ ਕੇਸ ਫੈਸਲੇ ਕਰਵਾ ਦਿੱਤੇ ਗਏ, ਇਨ੍ਹਾਂ ਕੌਮੀ ਲੋਕ ਅਦਾਲਤਾਂ ਵਿੱਚ ਕਰੀਬ 3760 ਕੇਸ ਸੁਣਵਾਈ ਲਈ ਪੇਸ਼ ਹੋਏ, ਜਿਨ੍ਹਾਂ ਵਿੱਚੋਂ 661 ਕੇਸਾਂ ਦੇ ਆਪਸੀ ਸਮਝੌਤਿਆਂ ਰਾਹੀਂ ਫੈਸਲੇ ਕਰਵਾ ਦਿੱਤੇ ਗਏ ਅਤੇ ਕਰੀਬ 70716794 ਰੁਪਏ ਦੇ ਐਵਾਰਡ ਪਾਸ ਕੀਤੇ ਗਏ।ਇਸ ਮੌਕੇ ਲੋਕ ਅਦਾਲਤ ਕਮੇਟੀ ਮੈਂਬਰ ਐਡਵੋਕੇਟਸ ਸੰਜੀਵ ਬਾਂਸਲ, ਬਲਰਾਜ ਨਰੈਣ, ਅਰਵਿੰਦਰ ਸਿੰਘ, ਮੈਡਮ ਮਨਪ੍ਰੀਤ ਕੌਰ, ਮੈਡਮ ਪਾਇਲ, ਮੈਡਮ ਹਿਮਾਂਸੀ, ਪਵਨ ਸਾਸਤਰੀ, ਸੰਜੇ ਸਿੰਗਲਾ, ਸ਼ਿਵ ਕੁਮਾਰ ਘੱਗਾ, ਸੋਮ ਪ੍ਰਕਾਸ਼, ਆਸਾ ਨੰਦ ਤੁਲਾਨੀ, ਜਤਿੰਦਰ ਕੁਮਾਰ ਢੀਂਗੜਾ ਤੋਂ ਇਲਾਵਾ ਰੀਡਰ ਮੇਜਰ ਸਿੰਘ, ਗੁਰਦੀਪ ਸਿੰਘ, ਰਜਿੰਦਰ ਸਿੰਘ, ਰਾਹੁਲ ਢੀਂਗੜਾ, ਕਿਰਨ ਕੁਮਾਰ, ਸਰਵੇਸ਼ ਕੁਮਾਰ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਐਡਵੋਕੇਟ ਵਿਪਨ ਬਾਂਸਲ ਤੇ ਪੀ ਐੱਲ ਵੀ ਮੋਨਿਕਾ ਪਹੂਜਾ ਤੋਂ ਇਲਾਵਾ ਬਾਰ-ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਸ੍ਃ ਨਵਦੀਪ ਸਿੰਘ ਢਿੱਲੋਂ, ਸੈਕਟਰੀ ਕਸਮੀਰ ਸਿੰਘ ਚੂੰਬਰ, ਮੀਤ ਪ੍ਰਧਾਨ, ਸੰਦੀਪ ਜਿੰਦਲ, ਜਾਇੰਟ ਸੈਕਟਰੀ ਕੁਲਜੀਤ ਸਿੰਘ ਵਿਰਕ, ਕੈਸ਼ੀਅਰ, ਬਘੇਲ ਸਿੰਘ ਸੰਧੂ, ਲਾਈਬ੍ਰੇਰੀਅਨ ਖਵਾਬ ਸੋਨੀ, ਕਾਰਜਕਾਰੀ ਮੈਂਬਰ ਅਰਨਦੀਪ ਸਿੰਘ ਸੰਧੂ, ਜਸਵਿੰਦਰ ਸਿੰਘ ਗੋਲਣ, ਨੇਹਾ ਚੋਪੜਾ, ਸਾਬਕਾ ਪ੍ਰਧਾਨ ਸ੍ਃ ਕਰਮਜੀਤ ਸਿੰਘ ਰੰਧਾਵਾ, ਐਡਵੋਕੇਟ ਦਵਿੰਦਰ ਸਿੰਘ ਢਿੱਲੋਂ ਐਡਵੋਕੇਟਸ ਰਿਸ਼ੀ ਚੋਪੜਾ ਤੋਂ ਇਲਾਵਾ ਸਮਾਣਾ ਬਾਰ ਦੇ ਵਕੀਲ ਸਹਿਬਾਨ, ਵੱਖ-ਵੱਖ ਬੈਂਕਾਂ ਦੇ ਕਰਮਚਾਰੀ ਤੇ ਕੇਸਾਂ ਦੀ ਸੁਣਵਾਈ ਵਾਲੇ ਲੋਕ ਹਾਜ਼ਰ ਸਨ।ਇਸ ਮੌਕੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸ੍ਃ ਨਵਦੀਪ ਸਿੰਘ ਢਿੱਲੋਂ, ਮੀਤ ਪ੍ਰਧਾਨ ਸੰਦੀਪ ਜਿੰਦਲ, ਸੈਕਟਰੀ ਕਸ਼ਮੀਰ ਸਿੰਘ ਚੂੰਬਰ ਨੇ ਕੌਮੀ ਲੋਕ ਅਦਾਲਤਾਂ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਕੌਮੀ ਲੋਕ ਅਦਾਲਤਾਂ ਵਿੱਚ ਦੋਨਾਂ ਧਿਰਾਂ ਨੂੰ ਸਮਝਾ ਕੇ ਕੇਸਾਂ ਵਿੱਚ ਹੁੰਦੇ ਨੁਕਸਾਨ ਤੋਂ ਜਾਣੂ ਕਰਵਾ ਕੇ ਆਪਸੀ ਸਹਿਮਤੀ ਨਾਲ ਸਮਝੌਤੇ ਕਰਵਾਏ ਜਾਂਦੇ ਹਨ ਤੇ ਰਿਕਵਰੀ ਕੇਸਾਂ ਵਿੱਚ ਲਗਾਈ ਗਈ ਕੋਰਟ ਫੀਸ ਸਾਇਲ ਨੂੰ ਪੂਰੀ ਵਾਪਸ ਮਿਲ ਜਾਂਦੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਚਲਦੇ ਕੇਸਾਂ ਦੇ ਫੈਸਲੇ ਕੌਮੀ ਲੋਕ ਅਦਾਲਤਾਂ ਰਾਹੀਂ ਕਰਵਾਉਣ ਤਾਂ ਜੋ ਆਪਸੀ ਪਿਆਰ ਤੇ ਭਾਈਚਾਰਾ ਬਣਿਆ ਰਹੇ ਅਤੇ ਲੋਕ ਕੇਸਾਂ ਰਾਹੀਂ ਹੁੰਦੀ ਪੈਸੇ ਤੇ ਸਮੇਂ ਦੀ ਬਰਬਾਦੀ ਤੋਂ ਬਚੇ ਰਹਿਣ।

## ਸਰਕਾਰੀ ਸਕੂਲ ਗੰਢੂ ਕਲਾਂ ਦੇ 14 ਬੱਚਿਆਂ ਨੇ ਕੀਤੀ ਮੈਰੀਟੋਰੀਅਸ ਦਾਖਲਾ ਪ੍ਰੀਖਿਆ ਪਾਸ



ਬੋਹਾ (ਨਿਰੰਜਣ ਬੋਹਾ)-ਸਰਕਾਰੀ ਸੈਕੰਡਰੀ ਸਕੂਲ ਗੰਢੂ ਕਲਾਂ ਦੇ ਸਕੂਲ ਮੁਖੀ ਸ੍ਰੀ ਸੰਜੀਵ ਕੁਮਾਰ ਵੱਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਸਕੂਲ ਦੇ 14 ਵਿਦਿਆਰਥੀਆਂ ਨੇ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਮੈਰੀਟੋਰੀਅਸ ਸਕੂਲਾਂ ਦੀ ਦਾਖਲਾ ਪ੍ਰੀਖਿਆ ਪਾਸ ਕਰ ਲਈ ਹੈ।ਮੈਰੀਟੋਰੀਅਸ ਦੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਵਿੱਚ ਤਨਵੀਰ ਮੁਹੰਮਦ, ਸੁਮਨ ਕੌਰ, ਨਵਪ੍ਰੀਤ ਕੌਰ, ਨਵਨੀਤ ਕੌਰ, ਰਮਨਦੀਪ ਕੌਰ, ਅਮਨਦੀਪ ਕੌਰ, ਸੰਦੀਪ ਕੌਰ, ਲਵਪ੍ਰੀਤ ਕੌਰ, ਸਿਮਰਨਜੀਤ ਕੌਰ, ਜਸ਼ਨਪ੍ਰੀਤ ਕੌਰ, ਗੀਤ ਕੌਰ, ਲਵਪ੍ਰੀਤ ਕੌਰ, ਸਿਮਰਨਜੀਤ ਕੌਰ, ਜੈਸਮੀਨ ਕੌਰ ਸ਼ਾਮਲ ਹਨ।ਹੁਣ ਇਹ ਵਿਦਿਆਰਥੀ ਮੈਰੀਟੋਰੀਅਸ ਸਕੂਲਾਂ ਵਿੱਚ ਮੈਡੀਕਲ, ਨਾਨ-ਮੈਡੀਕਲ ਜਾਂ ਕਾਮਰਸ ਦੀ ਪੜ੍ਹਾਈ ਮੁਫ਼ਤ ਕਰ ਸਕਦੇ ਹਨ।ਸਕੂਲ ਮੁਖੀ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਇਸ ਪ੍ਰਾਪਤੀ ਵਿੱਚ ਸ੍ਰੀ ਗੁਰਪ੍ਰੀਤ ਸਿੰਘ ਮੈਥ ਮਾਸਟਰ ਜੀ ਦਾ ਅਹਿਮ ਯੋਗਦਾਨ ਰਿਹਾ ਹੈ।ਸਕੂਲ ਮੁਖੀ ਸ੍ਰੀ ਸੰਜੀਵ ਕੁਮਾਰ, ਜਮਾਤ ਇੰਚਾਰਜ ਮੈਡਮ ਸੁਖਵੀਰ ਕੌਰ ਤੇ ਮੈਡਮ ਅਮਨਦੀਪ ਕੌਰ ਤੇ ਸਮੂਹ ਸਟਾਫ਼ ਵੱਲੋਂ ਪ੍ਰੀਖਿਆ ਪਾਸ ਕਰਨ ਵਾਲੇ ਬੱਚਿਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਅਧਿਆਪਕ ਜਸਬੀਰ ਸਿੰਘ, ਅਵਤਾਰ ਸਿੰਘ, ਸਰਵਨ ਸਿੰਘ, ਸ਼ਸ਼ੀ ਭੂਸ਼ਣ, ਗੁਰਪ੍ਰੀਤ ਸਿੰਘ, ਅੰਕਿਤ ਕੁਮਾਰ, ਇਕਬਾਲ ਸਿੰਘ, ਅਜੈ ਕੁਮਾਰ, ਮੈਡਮ ਵੀਰਪਾਲ ਕੌਰ, ਗੋਲੋ ਕੌਰ, ਸੁਖਵੀਰ ਕੌਰ, ਅਮਨਦੀਪ ਕੌਰ, ਗਗਨਪਾਲ ਕੌਰ, ਰਜਨੀ ਸਿੰਗਲਾ, ਸੁਮਨਦੀਪ ਕੌਰ, ਅਮਨਦੀਪ ਕੌਰ ਆਦਿ ਹਾਜ਼ਰ ਸਨ ।

## ਬਰੌਂਡਵੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਲੁਧਿਆਣਾ ਸਟਾਕ ਐਕਸਚੇਂਜ ਦਾ ਦੌਰਾ



ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਬਰੌਂਡਵੇ ਪਬਲਿਕ ਸਕੂਲ ਮਨਾਲ ਦੇ ਬਾਰਵੀਂ ਕਾਮਰਸ ਦੇ 45 ਉਤਸ਼ਾਹੀ ਵਿਦਿਆਰਥੀਆਂ ਦੇ ਇੱਕ ਸਮੂਹ ਨੇ ਆਪਣੇ ਅਧਿਆਪਕਾਂ ਸ਼੍ਰੀ ਨਿਤੀਸ਼ ਜੈਨ (ਕਾਮਰਸ ਕੋਆਰਡੀਨੇਟਰ) ਤੇ ਸ਼੍ਰੀਮਤੀ ਹਰਪ੍ਰੀਤ ਕੌਰ ਦੇ ਨਾਲ ਸ਼ੇਅਰ ਮਾਰਕੀਟ ਤੇ ਇਸਦੇ ਕੰਮਕਾਜ 'ਤੇ ਕੇਂਦ੍ਰਿਤ ਇੱਕ ਸੂਝਵਾਨ ਵਿੱਦਿਅਕ ਯਾਤਰਾ ਲਈ ਲੁਧਿਆਣਾ ਸਟਾਕ ਐਂਡ ਕੈਪੀਟਲ ਲਿਮਟਿਡ ਦਾ ਦੌਰਾ ਕੀਤਾ। ਸੈਸ਼ਨ ਲਈ ਸਰੋਤ ਵਿਅਕਤੀ ਸ਼੍ਰੀ ਅਤੁਲ ਚਿਕਰਸਲ (ਜਨਰਲ ਮੈਨੇਜਰ) ਨੇ ਲਾਈਵ ਟ੍ਰੇਡਿੰਗ, ਆਈ ਪੀ ਓ, ਈ ਟੀ ਐੱਫ, ਐੱਨ ਐੱਸ ਈ/ਬੀ ਐੱਸ ਈ, ਬਲਦ ਤੇ ਰਿੱਛ ਬਾਜ਼ਾਰ, ਪੋਰਟਫੋਲੀਓ ਪ੍ਰਬੰਧਨ, ਡੀ ਈ ਐੱਮ ਏ ਟੀ ਖਾਤੇ ਤੇ ਹੋਰ ਬਹੁਤ ਸਾਰੀਆਂ ਬੁਨਿਆਦੀ ਸ਼ੇਅਰ ਮਾਰਕੀਟ ਸ਼ਰਤਾਂ ਵਰਗੀਆਂ ਮੁੱਖ ਧਾਰਨਾਵਾਂ ਨੂੰ ਕਵਰ ਕਰਨ ਵਾਲਾ ਇੱਕ ਦਿਲਚਸਪ ਤੇ ਜਾਣਕਾਰੀ ਭਰਪੂਰ ਸੈਸ਼ਨ ਦਿੱਤਾ।ਇਸ ਦੌਰੇ ਵਿੱਚ ਦੋ ਇੰਟਰਐਕਟਿਵ ਸੈਸ਼ਨ ਸ਼ਾਮਲ ਸਨ, ਜਿਸ ਤੋਂ ਬਾਅਦ ਸਾਰੇ ਭਾਗੀਦਾਰਾਂ ਲਈ ਦੁਪਹਿਰ ਦਾ ਖਾਣਾ ਸੀ।ਇਸ ਵਿੱਦਿਅਕ ਪਹਿਲਕਦਮੀ ਦੀ ਸਕੂਲ ਦੀ ਲੀਡਰਸ਼ਿਪ ਵੱਲੋਂ ਪ੍ਰਸ਼ੰਸਾ ਕੀਤੀ ਗਈ, ਜਿਸ ਵਿੱਚ ਚੇਅਰਮੈਨ ਰਣਜੀਤ ਸਿੰਘ ਚੀਮਾ, ਡਾਇਰੈਕਟਰ ਸ਼੍ਰੀਮਤੀ ਨਵਰੀਤ ਕੌਰ ਤੇ ਸ਼੍ਰੀ ਐੱਮ. ਏ. ਸੈਫੀ (ਪ੍ਰਿੰਸੀਪਲ) ਸ਼ਾਮਲ ਸਨ।ਉਨ੍ਹਾਂ ਇਸ ਯਤਨ ਦੀ ਸ਼ਲਾਘਾ ਕੀਤੀ ਤੇ ਅਜਿਹੇ ਹੋਰ ਸਮਾਗਮਾਂ ਦਾ ਆਯੋਜਨ ਕਰਨ ਲਈ ਸਕਾਰਾਤਮਕ ਪ੍ਰਵਾਨਗੀ ਦਿੱਤੀ, ਜੋ ਵਿਦਿਆਰਥੀਆਂ ਨੂੰ ਅਸਲ ਜੀਵਨ ਦੇ ਕਾਰੋਬਾਰੀ ਦ੍ਰਿਸ਼ਾਂ ਦਾ ਅਨੁਭਵ ਕਰਨ ਵਿੱਚ ਮਦਦ ਕਰਦੇ ਹਨ, ਇਸ ਤਰ੍ਹਾਂ ਪਾਠ-ਪੁਸਤਕਾਂ ਤੋਂ ਪਰੇ ਉਨ੍ਹਾਂ ਦੀ ਅਕਾਦਮਿਕ ਯਾਤਰਾ ਨੂੰ ਅਮੀਰ ਬਣਾਉਂਦੇ ਹਨ।ਇਸੇ ਤਰ੍ਹਾਂ ਦਾ ਐਕਸਪੋਜ਼ਰ ਨਾ ਸਿਰਫ਼ ਵਿਦਿਆਰਥੀਆਂ ਵਿੱਚ ਵਿੱਤੀ ਸਾਖਰਤਾ ਨੂੰ ਵਧਾਉਂਦਾ ਹੈ, ਬਲਕਿ ਆਧੁਨਿਕ ਕਾਮਰਸ ਸਿੱਖਿਆ ਦੇ ਨਾਲ ਜੁੜੇ ਵਿਹਾਰਕ ਸਿੱਖਿਆ ਨੂੰ ਵੀ ਉਤਸ਼ਾਹਤ ਕਰਦਾ ਹੈ।

## ਡਾ. ਬਲਬੀਰ ਸਿੰਘ ਵੱਲੋਂ ਪਿੰਡ-ਪਿੰਡ ਨਸ਼ਾ ਮੁਕਤੀ ਯਾਤਰਾ ਨੇ ਫੜੀ ਰਫ਼ਤਾਰ




ਨਾਭਾ/ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬ ਵਿੱਚ ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਦਿਨੋ ਦਿਨ ਰਫ਼ਤਾਰ ਫੜ ਰਹੀ ਹੈ।ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਰੋਜ਼ਾਨਾ ਪਟਿਆਲਾ ਦੇ ਪਿੰਡਾਂ ਵਿੱਚ ਜਾ ਕੇ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾ ਰਹੇ ਹਨ।ਸਿਹਤ ਮੰਤਰੀ ਡਾਃ ਬਲਬੀਰ ਸਿੰਘ ਨੇ ਰਾਮਗੜ੍ਹ ਛੰਨਾ, ਲਲੌਂਦਾ, ਲਬਾਣਾ ਟਿੱਕੂ, ਘਮਰੌਦਾ, ਕੈਦਪੁਰ ਦੇ ਦੌਰੇ ਦੌਰਾਨ ਲੋਕਾਂ ਨੂੰ ਅਪੀਲ ਕੀਤੀ ਕਿ ਹਰ ਪੰਜਾਬੀ ਨੂੰ ਇਸ ਯਾਤਰਾ ਦਾ ਹਿੱਸਾ ਬਣ ਕੇ ਨਸ਼ਿਆਂ ਖਿਲਾਫ਼ ਲੜਾਈ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਦੀ ਲਹਿਰ ਹੁਣ ਆਪਣੀਆਂ ਸਿਖਰਾਂ 'ਤੇ ਹੈ।ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪਿੰਡਾਂ ਦੀਆਂ ਡਿਫੈਂਸ ਕਮੇਟੀਆਂ ਨਸ਼ਾ ਕਰਨ ਵਾਲਿਆਂ 'ਤੇ ਨਿਗਰਾਨੀ ਰੱਖਣ ਅਤੇ ਨਸ਼ਾ ਤਸਕਰਾਂ 'ਤੇ ਕਾਰਵਾਈ ਕਰਨ ਲਈ ਅਹਿਮ ਭੂਮਿਕਾ ਨਿਭਾ ਰਹੀਆਂ ਹਨ।

## ਦੀ ਸੌਢਾ ਬਹੁਮੰਤਵੀ ਖੇਤੀਬਾੜੀ ਸੇਵਾ ਸੁਸਾਇਟੀ ਦੇ ਮੈਂਬਰਾਂ ਦੀ ਚੋਣ



ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਦੀ ਸੌਢਾ ਬਹੁਮੰਤਵੀ ਖੇਤੀਬਾੜੀ ਸੇਵਾ ਸੁਸਾਇਟੀ ਪਿੰਡ ਸੌਢਾ ਦੇ ਮੈਂਬਰਾਂ ਦੀ ਚੋਣ ਸਰਬਸੰਮਤੀ ਦੇ ਨਾਲ ਕੀਤੀ ਗਈ, ਜਿਨ੍ਹਾਂ ਦਾ ਵਿਧਾਇਕ ਲਖਵੀਰ ਸਿੰਘ ਰਾਏ ਵੱਲੋਂ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।ਰਾਜ ਦਵਿੰਦਰ ਸਿੰਘ ਲਾਡੀ ਖਰੇ ਨੇ ਦੱਸਿਆ ਕਿ ਦੀ ਸੌਢਾ ਬਹੁਮੰਤਵੀ ਖੇਤੀਬਾੜੀ ਸੇਵਾ ਸੁਸਾਇਟੀ, ਭਮਾਰਸੀ ਜੇਰ, ਭਮਾਰਸੀ ਬੁਲੰਦ, ਬੀੜ ਭਮਾਰਸੀ ਤੇ ਸੌਢਾ ਪਿੰਡ ਦੀ ਸਾਂਝੀ ਸੇਵਾ ਸੁਸਾਇਟੀ ਹੈ।ਉਕਤ ਸੁਸਾਇਟੀ ਦੇ ਲਈ 11 ਮੈਂਬਰਾਂ ਦੀ ਚੋਣ ਸਰਬਸੰਮਤੀ ਦੇ ਨਾਲ ਕੀਤੀ ਗਈ ਹੈ। ਚੁਣੇ ਗਏ ਮੈਂਬਰਾਂ ਨੂੰ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਵੱਲੋਂ ਸਿਰੋਪਾਓ ਭੇਟ ਕਰ ਸਨਮਾਨਤ ਕੀਤਾ ਗਿਆ।ਆਉਣ ਵਾਲੇ ਦਿਨਾਂ ਦੇ ਵਿੱਚ ਏਜੰਡਾ ਕੱਢਿਆ ਜਾਵੇਗਾ ਤੇ ਪ੍ਰਧਾਨ ਸਮੇਤ ਹੋਰ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ।ਚੁਣੇ ਗਏ ਮੈਂਬਰਾਂ ਦੇ ਵਿੱਚ ਸੁਖਦੀਪ ਕੌਰ, ਹਰਦੇਵ ਸਿੰਘ, ਮਨਜੀਤ ਸਿੰਘ, ਜਸਵੀਰ ਸਿੰਘ, ਮੰਗਜੀਤ ਸਿੰਘ, ਹਰਭਜਨ ਕੌਰ, ਗੁਰਵਿੰਦਰ ਸਿੰਘ, ਗੁਰਨਾਮ ਸਿੰਘ, ਬੇਅੰਤ ਸਿੰਘ, ਹਰਵਿੰਦਰ ਸਿੰਘ, ਨਿਰਮਲ ਸਿੰਘ ਆਦਿ ਨੂੰ ਸਰਬ ਸੰਮਤੀ ਦੇ ਨਾਲ ਸ਼ਾਮਲ ਕੀਤਾ ਗਿਆ ਹੈ।ਲਖਬੀਰ ਸਿੰਘ ਰਾਏ ਨੇ ਕਿਹਾ ਕਿ ਉਕਤ ਸੁਸਾਇਟੀਆਂ ਦਾ ਕੰਮ ਪਿੰਡਾਂ ਦਾ ਸਰਬਪੱਖੀ ਵਿਕਾਸ ਹੈ।

## ਨਵੀਂ ਦਾਣਾ ਮੰਡੀ 'ਚ ਮੂੰਗੀ ਦੀ ਖ਼ਰੀਦ ਸ਼ੁਰੂ



ਜਗਰਾਉਂ (ਅਮਿਤ ਖੰਨਾ)-ਏਸ਼ੀਆ ਦੀ ਦੂਜੀ ਸਭ ਤੋਂ ਵੱਡੀ ਅਨਾਜ ਮੰਡੀ 'ਚ ਮੂੰਗੀ ਦੀ ਖਰੀਦ ਸ਼ੁਰੂ ਹੋਈ।ਮੰਡੀ ਵਿਖੇ ਕਿਸਾਨ ਕੰਵਲਜੀਤ ਸਿੰਘ ਤਿਹਾੜਾ ਦੀ ਮੂੰਗੀ ਫ਼ਸਲ 50 ਕੁਇੰਟਲ ਦੀ ਖ਼ੀਦ ਨੰਦ ਲਾਲ ਐਂਡ ਕੰਪਨੀ ਵੱਲੋਂ ਕੀਤੀ ਗਈ।ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਕਨੱਈਆ ਲਾਲ ਬਾਂਕਾ ਨੇ ਕਿਹਾ ਕਿ ਏਸ਼ੀਆ ਦੀ ਦੂਜੀ ਸਭ ਤੋਂ ਵੱਡੀ ਅਨਾਜ ਮੰਡੀ ਮੂੰਗੀ ਦੀ ਹੱਬ ਹੈ।ਇੱਥੇ ਮੂੰਗੀ ਬਹੁਤ ਵੱਡੀ ਪੱਧਰ 'ਤੇ ਵਿਕਰੀ ਹੁੰਦੀ ਹੈ।ਕਿਸਾਨ ਪੂਰੇ ਪੰਜਾਬ 'ਚੋਂ ਮੂੰਗੀ ਵੇਚਣ ਜਗਰਾਉਂ ਆਉਂਦੇ ਹਨ।ਉਨ੍ਹਾਂ ਕਿਹਾ ਕਿ ਇਸ ਵਾਰ ਮੂੰਗੀ 7900/- ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਵੇਚੀ ਗਈ।

## ਡੇਅਰੀ ਸ਼ਿਫਟਿੰਗ ਦੀਆਂ ਤਿਆਰੀਆਂ ਜ਼ੋਰਾਂ 'ਤੇ, 90 ਫ਼ੀਸਦੀ ਕੰਮ ਪੂਰੇ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਸ਼ਹਿਰ ਦੇ ਸੀਵਰੇਜ ਜਾਮ 'ਚ ਵੱਡੀ ਸਮੱਸਿਆ ਬਣ ਰਹੀਆਂ ਡੇਅਰੀਆਂ ਨੂੰ ਜਲਦ ਸ਼ਿਫ਼ਟ ਕਰਨ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ।ਡੇਅਰੀ ਪ੍ਰੋਜੈਕਟ ਦੇ ਲਗਭਗ 90 ਫ਼ੀਸਦੀ ਤੋਂ ਵੱਧ ਕੰਮ ਪੂਰੇ ਹੋ ਗਏ ਹਨ। ਪਿਛਲੇ 10 ਦਿਨਾਂ ਵਿਚ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਡੇਅਰੀ ਪ੍ਰੋਜੈਕਟ ਨੂੰ ਲੈ ਕੇ ਨਿਗਮ ਅਧਿਕਾਰੀਆਂ ਤੇ ਡੇਅਰੀ ਮਾਲਕਾਂ ਨਾਲ ਤੀਸਰੀ ਮੀਟਿੰਗ ਕੀਤੀ ਹੈ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਨਿਗਮ ਦੇ ਮੇਅਰ ਕੁੰਦਨ ਗੋਗੀਆ, ਕਮਿਸ਼ਨਰ ਪਰਮਵੀਰ ਸਿੰਘ ਵੀ ਹਾਜ਼ਰ ਸਨ।ਆਮ ਆਦਮੀ ਪਾਰਟੀ ਦੇ ਪਟਿਆਲਾ ਤੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅਬਲੋਵਾਲ ਡੇਅਰੀ ਪ੍ਰੋਜੈਕਟ ਨੂੰ ਲੈ ਕੇ ਵੱਡੀ ਜ਼ਿੰਮੇਵਾਰੀ ਚੁੱਕਦਿਆਂ ਕਿਹਾ ਕਿ ਸ਼ਹਿਰ ਦੇ ਡੇਅਰੀ ਵਾਲਿਆਂ ਦੀਆਂ ਮੰਗਾਂ ਨੂੰ ਵੀ 90 ਫ਼ੀਸਦੀ ਤੱਕ ਪੂਰਾ ਕਰਾਇਆ, ਜਿਸ ਕਾਰਨ ਹੁਣ ਅਬਲੋਵਾਲ ਵਿਖੇ ਇਹ ਡੇਅਰੀਆਂ ਸ਼ਿਫਟ ਹੋਣਗੀਆਂ। ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਇਸ ਪ੍ਰੋਜੈਕਟ ਲਈ ਸ਼ਹਿਰ ਦੇ ਵੱਖ-ਵੱਖ ਲੋਕਾਂ ਨਾਲ ਜਿੱਥੇ ਸਮੇਂ-ਸਮੇਂ 'ਤੇ ਮੀਟਿੰਗਾਂ ਕੀਤੀਆਂ, ਉੱਥੇ ਲੋਕਾਂ ਨੂੰ ਇਸ ਪ੍ਰੋਜੈਕਟ ਨੂੰ ਲੈ ਕੇ ਆ ਰਹੀਆਂ ਸਮੱਸਿਆਵਾਂ ਜਿਵੇਂ ਪਲਾਟਾਂ, ਰੇਟਾਂ, ਪਾਣੀ ਦੀ ਨਿਕਾਸੀ ਆਦਿ ਛੋਟੀ ਮੋਟੀ ਸਮੱਸਿਆਵਾਂ ਨੂੰ ਵੀ ਹੱਲ ਕਰਾ ਕੇ ਉਨ੍ਹਾਂ ਦੇ ਕੰਮਾਂ ਨੂੰ ਪੂਰਾ ਕਰਾਇਆ ਗਿਆ। ਵਿਧਾਇਕ ਕੋਹਲੀ ਨੇ ਆਖਿਆ ਕਿ ਇਸ ਪ੍ਰੋਜੈਕਟ ਦੀਆਂ ਤਿਆਰੀਆਂ ਪੂਰੇ ਜ਼ੋਰਾਂ-ਸ਼ੋਰਾਂ 'ਤੇ ਚੱਲ ਰਹੀਆਂ ਹਨ ਤੇ ਬਹੁਤ ਜਲਦ ਹੀ ਇਸ ਪ੍ਰੋਜੈਕਟ ਪੂਰਾ ਕਰਕੇ ਡੇਅਰੀਆਂ ਨੂੰ ਸ਼ਹਿਰ 'ਚੋਂ ਬਾਹਰ ਸ਼ਿਫਟ ਕੀਤਾ ਜਾਵੇਗਾ ਤੇ ਲੋਕਾਂ ਨੂੰ ਬਣਦੀਆਂ ਸੁਵਿਧਾਵਾਂ ਵੀ ਪ੍ਰਦਾਨ ਕੀਤੀਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਡੇਅਰੀ ਪ੍ਰੋਜੈਕਟ ਨੂੰ ਲੈ ਕੇ ਜਿੰਨੇ ਵੀ ਲੋਕਾਂ ਨੂੰ ਸਮੱਸਿਆਵਾਂ ਆ ਰਹੀਆਂ ਸਨ, ਉਨ੍ਹਾਂ ਨੂੰ ਪੂਰਾ ਕਰ ਦਿੱਤਾ ਗਿਆ ਹੈ ਤੇ ਸਾਰੇ ਕੰਮਾਂ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹ ਦਿੱਤਾ ਗਿਆ ਹੈ।

26 May Page-8.qxd 5/25/2025 10:42 PM Page 1



# ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ ਨੇ ਜ਼ਿਲ੍ਹਾ ਪੱਧਰੀ ਕਿਸਾਨ ਮੇਲਾ ਲਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਵੱਲੋਂ ਹੁਸ਼ਿਆਰਪੁਰ ਦੇ ਸਿਟੀ ਸੈਂਟਰ ਵਿਖੇ ਜ਼ਿਲ੍ਹਾ ਪੱਧਰੀ ਕਿਸਾਨ ਮੇਲਾ ਲਗਾਇਆ ਗਿਆ। ਇਹ ਮੇਲਾ ਵਿਭਾਗ ਦੇ ਡਾਇਰੈਕਟਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕਿਸਾਨਾਂ ਨੂੰ ਸਾਉਣੀ ਦੀਆਂ ਫ਼ਸਲਾਂ ਨਾਲ ਸਬੰਧਤ ਨਵੀਨਤਮ ਤਕਨੀਕਾਂ ਅਤੇ ਸਰਕਾਰੀ ਯੋਜਨਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਆਯੋਜਿਤ ਕੀਤਾ ਗਿਆ ਸੀ। ਮੇਲੇ ਦਾ ਉਦਘਾਟਨ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਮੁੱਖ ਮਹਿਮਾਨ ਵਜੋਂ ਕੀਤਾ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਪਰਾਲੀ ਨਾ ਸਾੜਨ ਤਾਂ ਜੋ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ। ਉਨ੍ਹਾਂ ਵੱਖ-ਵੱਖ ਵਿਭਾਗਾਂ ਨੂੰ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਅਤੇ ਕਿਸਾਨ ਪੱਖੀ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਹੋਰ ਯਤਨ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਗੁਰਵਿੰਦਰ ਸਿੰਘ ਪਾਬਲਾ ਨੇ ਕਿਸਾਨਾਂ ਨੂੰ ਵਾਤਾਵਰਨ ਸੰਭਾਲ ਅਤੇ ਕੁਦਰਤੀ ਸਰੋਤਾਂ ਦੀ ਟਿਕਾਊ ਵਰਤੋਂ ਲਈ ਵਿਗਿਆਨੀਆਂ ਦੁਆਰਾ ਸੁਝਾਈਆਂ ਗਈਆਂ ਖੇਤੀਬਾੜੀ ਤਕਨੀਕਾਂ ਨੂੰ ਅਪਣਾਉਣ ਦੀ ਅਪੀਲ ਕੀਤੀ। ਮਾਰਕੀਟ ਕਮੇਟੀ ਦੇ ਚੇਅਰਮੈਨ ਜਸਪਾਲ ਸਿੰਘ ਚੇਚੀ ਨੇ ਕਿਹਾ ਕਿ ਅਜਿਹੇ ਮੇਲਿਆਂ ਰਾਹੀਂ ਕਿਸਾਨਾਂ ਨੂੰ ਨਾ ਸਿਰਫ਼ ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਮਿਲਦੀ ਹੈ, ਸਗੋਂ ਉਨ੍ਹਾਂ ਦੇ ਤਜਰਬੇ ਖੇਤੀਬਾੜੀ ਖੇਤਰ ਵਿਚ ਖੋਜ ਨੂੰ ਵੀ ਪ੍ਰਦਾਨ ਕਰਦੇ ਹਨ। ਸੰਯੁਕਤ ਨਿਰਦੇਸ਼ਕ ਜਲ ਵਿਗਿਆਨ ਡਾ. ਅਰੁਣ ਕੁਮਾਰ ਗੋਇਲ ਨੇ ਵਿਭਾਗੀ ਗਤੀਵਿਧੀਆਂ 'ਤੇ ਚਾਨਣਾ ਪਾਇਆ ਅਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਵਿਭਾਗ ਵੱਲੋਂ ਪਰਾਲੀ ਪ੍ਰਬੰਧਨ ਲਈ ਮੁਹੱਈਆ ਕਰਵਾਈਆਂ ਜਾ ਰਹੀਆਂ ਖੇਤੀਬਾੜੀ ਮਸ਼ੀਨਾਂ ਦਾ ਲਾਭ ਉਠਾਉਣ। ਮੁੱਖ ਖੇਤੀਬਾੜੀ ਅਫਸਰ ਡਾ. ਦਵਿੰਦਰ ਸਿੰਘ ਨੇ ਮਿੱਟੀ ਪਰਖ ਅਨੁਸਾਰ ਖਾਦਾਂ ਦੀ ਵਰਤੋਂ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਵਿਭਾਗ ਮਿਆਰੀ ਬੀਜਾਂ, ਖਾਦਾਂ ਅਤੇ ਖੇਤੀਬਾੜੀ ਰਸਾਇਣਾਂ ਦੀ ਉਪਲਬਧਤਾ ਨੂੰ ਯਕੀਨੀ ਬਣਾ ਰਿਹਾ ਹੈ। ਖੇਤੀਬਾੜੀ ਵਿਗਿਆਨ ਕੇਂਦਰ ਦੇ ਮਾਹਰ ਡਾ. ਮਨਿੰਦਰ ਸਿੰਘ ਬੌਂਸ ਅਤੇ ਉਨ੍ਹਾਂ ਦੀ ਟੀਮ ਨੇ ਪਰਾਲੀ ਪ੍ਰਬੰਧਨ, ਸਬਜ਼ੀਆਂ ਦੇ ਉਤਪਾਦਨ ਸੁਧਰੇ ਹੋਏ ਬੀਜ ਅਤੇ ਖੇਤੀ ਜੰਗਲਾਤ ਆਦਿ ਵਿਸ਼ਿਆਂ ਬਾਰੇ ਜਾਣਕਾਰੀ ਦਿੱਤੀ। ਇਸ ਮੇਲੇ ਵਿਚ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਤੋਂ ਵੱਡੀ ਗਿਣਤੀ ਵਿਚ ਕਿਸਾਨਾਂ ਨੇ ਹਿੱਸਾ ਲਿਆ। ਮੇਲੇ ਵਿਚ ਸਵੈ-ਸਹਾਇਤਾ ਸਮੂਹਾਂ ਅਤੇ ਵਿਭਾਗਾਂ ਵੱਲੋਂ ਪ੍ਰਦਰਸ਼ਨੀ ਸਟਾਲ ਵੀ ਲਗਾਏ ਗਏ ਸਨ।

# ਬ੍ਰਹਮਲੀਨ ਸੰਤ ਮਾਹਣ ਦਾਸ ਦੇ ਜਨਮ ਦਿਨ ਨੂੰ ਸਮਰਪਤ ਸਮਾਗਮ ਸ਼ਰਧਾ-ਪੂਰਵਕ ਮਨਾਏ



**ਹੁਸ਼ਿਆਰਪੁਰ (ਓ ਪੀ ਰਾਣਾ)**- ਬ੍ਰਹਮਲੀਨ ਸੰਤ ਮਾਹਣ ਦਾਸ ਦੇ ਜਨਮ ਦਿਨ ਨੂੰ ਸਮਰਪਤ ਵਿਸ਼ਾਲ ਸਮਾਗਮ ਡੇਰਾ ਸੰਤ ਇੰਦਰ ਦਾਸ ਸੇਖੇ ਵਿਖੇ ਮੌਜੂਦਾ ਗੱਦੀਨਸ਼ੀਨ ਸੰਤ ਇੰਦਰ ਦਾਸ ਜਨਰਲ ਸਕੱਤਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੀ ਅਗਵਾਈ ਅਤੇ ਸੰਤ ਪ੍ਰਮੇਸ਼ਵਰੀ ਦਾਸ ਦੀ ਦੇਖ ਰੇਖ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਸ਼ਰਧਾ ਪੂਰਵਕ ਮਨਾਏ ਗਏ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਅਤੇ ਸੰਤ ਸਮਾਗਮ ਦੇ ਦੀਵਾਨ ਸਜਾਏ ਗਏ, ਜਿਸ ਵਿੱਚ ਰਾਗੀ, ਢਾਡੀ ਅਤੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਅਤੇ ਵੱਖ ਵੱਖ ਡੇਰਿਆਂ ਦੇ ਸੰਤ ਮਹਾਂਪੁਰਸ਼ਾਂ ਵੱਲੋਂ ਕੀਰਤਨ, ਕਥਾ ਰਾਹੀਂ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ।ਇਸ ਮੌਕੇ ਸੰਤ ਸਰਵਣ ਦਾਸ ਬੋਹਣ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ, ਸੰਤ ਸਰਵਣ ਦਾਸ ਸਲੇਮਟਾਵਰੀ, ਸੰਤ ਪਰਮਜੀਤ ਦਾਸ ਨਗਰ, ਸੰਤ ਬਲਵੰਤ ਸਿੰਘ ਡੀਂਗਰੀਆਂ, ਸੰਤ ਰਮੇਸ਼ ਦਾਸ ਡੇਰਾ ਕੱਲਰਾਂ ਸ਼ੇਰਪੁਰ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ, ਸੰਤ ਵਿਨੈ ਮੁਨੀ ਜੰਮੂ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਬੀਬੀ ਕਮਲੇਸ਼ ਕੌਰ ਨਾਹਲਾਂ, ਸੰਤ ਮਨਜੀਤ ਦਾਸ ਵਿਛੋਹੀ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਰਜੇਸ਼ ਦਾਸ ਬਜਵਾੜਾ, ਸੰਤ ਟਹਿਲ ਦਾਸ ਫਗਵਾੜਾ, ਸੰਤ ਹਰਨਾਮ ਦਾਸ ਫਗਵਾੜਾ, ਸੰਤ ਕਪੂਰ ਦਾਸ ਅਬਾਦਪੁਰਾ, ਸੰਤ ਨਿਰਮਲ ਦਾਸ ਲੁਧਿਆਣਾ, ਸੰਤ ਬਲਵੀਰ ਦਾਸ ਅਲਾਵਲਪੁਰ, ਸੰਤ ਮਨੋਹਰ ਦਾਸ ਲਿੱਧੜਾਂ, ਸੇਵਾਦਾਰ ਸੋਨੂੰ, ਗੁਰਨਾਮ ਸਿੰਘ ਭੱਟੀ, ਭਾਈ ਸੁਰਜੀਤ ਸਿੰਘ ਜਲੰਧਰ, ਨਰਿੰਦਰ ਸਿੰਘ, ਦਰਸ਼ਨ ਸਿੰਘ ਦਰਗਾ ਹੇੜੀ, ਸੁਰਿੰਦਰ ਸਿੰਘ ਧਾਮੀਆਂ, ਨਰਿੰਦਰ ਸਿੰਘ ਫਗਵਾੜਾ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਵੀ ਹਾਜ਼ਰ ਸਨ। ਸਟੇਜ ਸਕੱਤਰ ਦੀ ਸੇਵਾ ਪਰਮਜੀਤ ਸਿੰਘ ਹੈੱਡ ਟੀਚਰ ਘੜਿਆਲਾ ਨੇ ਨਿਭਾਈ।ਇਸ ਮੌਕੇ ਡੇਰਾ ਸੰਚਾਲਕ ਸੰਤ ਇੰਦਰ ਦਾਸ ਅਤੇ ਸੰਤ ਪ੍ਰਮੇਸ਼ਵਰੀ ਦਾਸ ਵੱਲੋਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸ਼ਖਸੀਅਤਾਂ ਨੂੰ ਸਿਰਪਾਓ ਭੇਟ ਕਰਕੇ ਵਿਸ਼ੇਸ਼ ਸਨਮਾਨਤ ਕੀਤਾ ।ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਤਹਿਤ ਚਲਾਈ ਗਈ ਮੁਹਿੰਮ



**ਮਹਿਲਪੁਰ (ਜਗਤਾਰ ਸਿੰਘ ਭੁੰਗਰਨੀ)**- ਸਿਹਤ ਤੇ ਪਰਿਵਾਰ ਭਲਾਈ ਪੰਜਾਬ ਦੇ ਹੁਕਮਾਂ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ.ਪਵਨ ਕੁਮਾਰ ਤੇ ਸੀਨੀਅਰ ਮੈਡੀਕਲ ਅਫਸਰ ਡਾ. ਮਨਪ੍ਰੀਤ ਸਿੰਘ ਬੈਂਸ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬਲਾਕ ਹਾਰਟਾ ਬਡਲਾ ਅਧੀਨ ਪੁਲਸ ਸਟੇਸ਼ਨ ਵਿਖੇ ਡੇਂਗੂ ਦੀ ਰੋਕਥਾਮ ਸੰਬਧੀ ਹਰ ਸ਼ੁੱਕਰਵਾਰ-ਡੇਂਗੂ ਤੇ ਵਾਰ ਮੁਹਿੰਮ ਤਹਿਤ ਗਤੀਵਿਧੀਆਂ ਕੀਤੀਆਂ ਗਈਆਂ।ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਮਨਪ੍ਰੀਤ ਸਿੰਘ ਬੈਂਸ ਨੇ ਦੱਸਿਆ ਕਿ ਸਰਕਾਰ ਦੇ ਹੁਕਮਾਂ ਮੁਤਾਬਿਕ ਅੱਜ ਸਿਹਤ ਵਿਭਾਗ ਦੀ ਟੀਮ ਵੱਲੋਂ ਥਾਣਾ ਮੇਹਟੀਆਣਾ ਵਿਖੇ ਡੇਂਗੂ ਦੇ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ ਪਾਏ ਗਏ ਲਾਰਵੇ ਨੂੰ ਮੌਕੇ 'ਤੇ ਹੀ ਨਸ਼ਟ ਕੀਤਾ ਗਿਆ। ਸਿਹਤ ਕਰਮਚਾਰੀਆਂ ਵਲੋਂ ਮੌਕੇ ਤੇ ਹਾਜ਼ਰ ਥਾਣੇ ਦੇ ਸਟਾਫ ਨੂੰ ਦੱਸਿਆ ਗਿਆ ਕਿ ਡੇਂਗੂ ਏਡੀਜ਼ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਜੋ ਕਿ ਸਾਫ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਦਿਨ ਵੇਲੇ ਕੱਟਦਾ ਹੈ। ਇਸ ਦੇ ਕੱਟਣ ਨਾਲ ਤੇਜ਼ ਬੁਖਾਰ, ਸਿਰ ਦਰਦ, ਮਾਸ ਪੇਸ਼ੀਆਂ ਵਿੱਚ ਦਰਦ, ਚਮੜੀ ਤੇ ਦਾਣੇ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਮਸੂੜਿਆਂ ਅਤੇ ਨੱਕ ਆਦਿ ਵਿੱਚੋਂ ਖੂਨ ਵਗਣਾ ਸ਼ੁਰੂ ਹੋ ਜਾਂਦਾ ਹੈ।ਉਨ੍ਹਾਂ ਕਿਹਾ ਕਿ ਕਿਸੇ ਵੀ ਤਰਾਂ ਦਾ ਬੁਖਾਰ ਹੋਣ ਦੀ ਸੂਰਤ ਵਿੱਚ ਜਲਦੀ ਤੋਂ ਜਲਦੀ ਨੇੜੇ ਦੇ ਸਿਹਤ ਕੇਂਦਰ ਵਿੱਚ ਜਾ ਕੇ ਆਪਣਾ ਟੈਸਟ ਕਰਵਾਉਣਾ ਚਾਹੀਦਾ ਹੈ।ਡੇਂਗੂ ਦਾ ਟੈਸਟ ਤੇ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ।ਡੇਂਗੂ ਤੋਂ ਬਚਾਅ ਲਈ ਸਾਨੂੰ ਹਰ ਸ਼ੁੱਕਰਵਾਰ ਆਪਣੇ ਦਫ਼ਤਰਾਂ ਅਤੇ ਘਰਾਂ ਦੇ ਕੂਲਰਾਂ, ਡਰੰਮਾਂ, ਫਰਿਜਾਂ ਦੀਆਂ ਟ੍ਰੇਆਂ, ਟਾਇਰਾਂ, ਗਮਲਿਆਂ ਦੇ ਵਿੱਚ ਖੜ੍ਹੇ ਪਾਣੀ ਨੂੰ ਜ਼ਰੂਰ ਸਾਫ਼ ਕਰਨਾ ਚਾਹੀਦਾ ਹੈ ਕਿਉਂਕਿ ਡੇਂਗੂ ਦਾ ਮੱਛਰ ਹਫ਼ਤੇ ਵਿੱਚ ਅੰਡੇ ਤੋਂ ਪੂਰਾ ਮੱਛਰ ਬਣਦਾ ਹੈ।ਇਸ ਤੋਂ ਇਲਾਵਾ ਛੱਤਾਂ ਤੇ ਪਏ ਕਬਾੜ ਅਤੇ ਘਰਾਂ ਦੇ ਛੱਤਾਂ 'ਤੇ ਰੱਖੀਆਂ ਪਾਣੀ ਵਾਲੀ ਟੈਂਕੀਆਂ ਦੇ ਢੱਕਣਾਂ ਨੂੰ ਚੰਗੀ ਤਰ੍ਹਾਂ ਬੰਦ ਰੱਖੋ।ਘਰਾਂ ਵਿੱਚ ਰਾਤ ਨੂੰ ਸੌਣ ਸਮੇਂ ਮੱਛਰਦਾਨੀ ਦੀ ਵਰਤੋਂ ਕੀਤੀ ਜਾਵੇ ਅਤੇ ਕੱਪੜੇ ਅਜਿਹੇ ਪਾਓ ਜਿਸ ਨਾਲ ਸਰੀਰ ਢਕਿਆ ਰਹੇ ਤਾਂ ਕਿ ਤਹਾਨੂੰ ਮੱਛਰ ਕੱਟ ਨਾ ਸਕੇ।

# ਡੇਰਾ ਭਰੋਮਜਾਰਾ ਵਿਖੇ ਸੰਤ ਬਾਬਾ ਖੁਸ਼ੀ ਰਾਮ ਦੀ ਬਰਸੀ ਮਨਾਈ



**ਬੰਗਾ (ਅਵਤਾਰ ਕਲੇਰ)**-ਡੇਰਾ 108 ਸੰਤ ਬਾਬਾ ਮੇਲਾ ਰਾਮ ਭਰੋਮਜਾਰਾ ਵਿਖੇ ਤਪੱਸਵੀ ਸੰਤ ਬਾਬਾ ਖੁਸ਼ੀ ਰਾਮ ਮਹਾਰਾਜ ਦੀ ਸਲਾਨਾ ਬਰਸੀ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੀ ਸਰਪ੍ਰਸਤੀ ਵਿੱਚ ਮਨਾਈ ਗਈ। ਸ੍ਰੀ ਸਹਿਜ ਪਾਠ ਦੇ ਭੋਗ ਪੈਣ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ। ਵੱਖ ਵੱਖ ਡੇਰਿਆਂ ਤੋਂ ਪਹੁੰਚੇ ਸੰਤਾਂ ਨੇ ਸੰਗਤਾਂ ਨੂੰ ਸਾਂਝੇ ਤੌਰ 'ਤੇ ਉਪਦੇਸ਼ ਦਿੰਦਿਆ ਕਿਹਾ ਕਿ ਸਾਨੂੰ ਸੰਤ ਬਾਬਾ ਖੁਸ਼ੀ ਰਾਮ ਮਹਾਰਾਜ ਦੇ ਦੱਸੇ ਹੋਏ ਮਾਰਗ ਦਰਸ਼ਨ 'ਤੇ ਚੱਲ ਕੇ ਆਪਣਾ ਜੀਵਨ ਸਫਲ ਬਣਾਉਣਾ ਚਾਹੀਦਾ ਹੈ। ਸੰਤਾਂ ਵਲੋਂ ਜਿਥੇ ਸਾਰਿਆਂ ਦਾ ਧੰਨਵਾਦ ਕੀਤਾ ਗਿਆ ਉਥੇ ਸੰਤ ਮਹਾਪੁਰਸ਼ਾਂ ਦਾ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਸੰਤ ਕੁਲਵੰਤ ਰਾਮ ਭਰੋਮਜਾਰਾ, ਸੰਤ ਮਹਿੰਦਰ ਪਾਲ ਪੰਡਵਾ, ਸੰਤ ਜਸਵਿੰਦਰ ਸਿੰਘ ਡਾਂਡੀਆ, ਸੰਤ ਸਤਨਾਮ ਦਾਸ ਗੱਜਰ ਮਹਿਦੂਦ, ਸੰਤ ਬੀਬੀ ਮੀਨਾ ਦੇਵੀ ਡੇਰਾ ਰਤਨਪੁਰੀ ਜੇਜੋਂ ਦੋਆਬਾ, ਸੰਤ ਤਾਰਾ ਚੰਦ ਸੰਧਵਾਂ, ਸੰਤ ਸੀਤਲ ਦਾਸ ਕਾਲੇਵਾਲ ਭਗਤਾਂ, ਸਾਈਂ ਸਾਧੂ ਸ਼ਾਹ ਚਿਸ਼ਤੀ ਕਟਾਰੀਆਂ, ਸੰਤ ਸਰਬਜੀਤ ਸਿੰਘ ਲੜੋਆ, ਸੰਤ ਗੁਰਮੁੱਖ ਨਾਥ ਲਧਾਣਾ, ਸੰਤ ਮੋਨਿਕਾ ਗੜ੍ਹਸ਼ੰਕਰ, ਸੰਤ ਅਵਤਾਰ ਦਾਸ, ਸੰਤ ਆਤਮਾ ਦਾਸ ਅੱਪਰਾ, ਸੰਤ ਗੁਰਮੀਤ ਰਾਮ ਹਾਜੀਪੁਰ, ਸੰਤ ਕਪੂਰ ਦਾਸ ਅਵਾਦਪੁਰਾ, ਸੰਤ ਬੇਲਾ ਦਾਸ ਨਰੂੜ, ਸੰਤ ਸਤਨਾਮ ਸਿੰਘ ਨਰੂੜ, ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ, ਸਾਬਕਾ ਮੰਤਰੀ ਦੇਸ ਰਾਜ ਧੁੱਗਾ, ਜਰਨੈਲ ਨੰਗਲ ਆਪ ਆਗੂ, ਲੈਕ:ਰਾਮ ਲੁਭਾਇਆ ਕਲਸੀ, ਮੈਂਬਰ ਜ਼ਿਲ੍ਹਾ ਪ੍ਰੀਸ਼ਦ ਕਮਲਜੀਤ ਬੰਗਾ, ਹਰਭਜਨ ਸਿੰਘ ਭਰੋਲੀ, ਰੋਬਨ ਸੈਂਪਲੇ ਜਲੰਧਰ, ਕੇ ਕੇ ਪਾਲ ਵੜਿੰਗ, ਬਲਵੰਤ ਰਾਏ ਵੜਿੰਗ, ਹਰਕੇਸ਼ ਜਲੰਧਰ, ਦੇਸ ਰਾਜ ਚੱਕਗੁਰੂ, ਗਿਆਨੀ ਨਾਜਰ ਸਿੰਘ ਜੱਸੋਮਜਾਰਾ, ਬਿਹਾਰੀ ਲਾਲ ਨੰਗਲ ਭਾਖੜਾ, ਸੋਮ ਨਾਥ ਗੜ੍ਹਸ਼ੰਕਰ, ਬੀਬੀ ਅਮਰਜੀਤ ਕੌਰ ਨਵਾਂਸ਼ਹਿਰ, ਮਦਨ ਲਾਲ ਰੰਧਾਵਾ, ਆਦਿ ਹਾਜ਼ਰ ਸਨ।

# 18 ਘੰਟੇ ਉੜਮੁੜ ਸ਼ਹਿਰ ਦੀ ਬਿਜਲੀ ਗੁੱਲ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਪੰਜਾਬ ਸਰਕਾਰ ਵੱਲੋਂ ਬਿਜਲੀ ਖਪਤਕਾਰਾਂ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਦੇਣ ਲਈ ਬਿਜਲੀ ਵਿਭਾਗ ਵਿੱਚ ਨਵੇਂ ਮੁਲਾਜ਼ਮ ਰੱਖਣ ਦੀ ਬਜਾਏ ਬਿਜਲੀ ਦੀਆਂ ਨਵੀਆਂ ਤਾਰਾਂ ਵਿਛਾਉਣ, ਟਰਾਂਸਫਾਰਮਰਾਂ ਦੀ ਮੁਰੰਮਤ ਅਤੇ ਬਿਜਲੀ ਖਪਤਕਾਰਾਂ ਦੀਆਂ ਸ਼ਿਕਾਇਤਾਂ ਦੂਰ ਕਰਨ ਲਈ ਪ੍ਰਾਈਵੇਟ ਕੰਪਨੀ ਨੂੰ ਠੇਕਾ ਦੇ ਦਿੱਤਾ, ਪਰ ਠੇਕੇਦਾਰ ਦੇ ਮੁਲਾਜ਼ਮਾਂ ਵੱਲੋਂ ਖਪਤਕਾਰਾਂ ਨੂੰ ਸਹੂਲਤਾਂ ਦੇਣ ਦੀ ਥਾਂ ਪਰੇਸ਼ਾਨੀਆਂ ਦਿੱਤੀਆਂ ਜਾ ਰਹੀਆਂ ਹਨ। ਬਿਜਲੀ ਖਪਤਕਾਰਾਂ ਦੀਆਂ ਇਨ੍ਹਾਂ ਪਰੇਸ਼ਾਨੀਆਂ ਨੂੰ ਦੇਖਦੇ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਕਾਰਜਕਾਰੀ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ ਪ੍ਰਸ਼ਾਂਤ ਪੰਡਿਤ, ਵਿਵੇਕ ਵਿਜਨ, ਸੰਜੀਵ ਖੰਨਾ, ਨੀਰਜ ਵਰਮਾ, ਰਾਜੀਵ ਖੰਨਾ, ਦੀਪਕ ਕੁਮਾਰ, ਸੌਰਵ ਸਹੋਤਾ ਸੋਬਾ, ਭਰਤ ਮਰਵਾਹਾ, ਸੰਨੀ ਖੋਸਲਾ, ਅਰਬ ਖੋਸਲਾ, ਮਨੀਸ਼ ਕੁਮਾਰ, ਆਕਾਸ਼ਦੀਪ ਸਿੰਘ, ਸਾਬੀ ਮੱਟੂ, ਸੰਜੂ ਖੋਸਲਾ ਅਤੇ ਹੋਰ ਸ਼ਿਵ ਸੈਨਾ ਵਰਕਰਾਂ ਨੇ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਦੇ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਪ੍ਰਧਾਨ ਰਾਹੁਲ ਖੰਨਾ ਨੇ ਕਿਹਾ ਕਿ ਬੀਤੇ ਦਿਨ ਉੜਮੁੜ ਸ਼ਹਿਰ ਦੀ ਬਿਜਲੀ ਬੰਦ ਹੋਣ ਕਾਰਨ ਬਿਜਲੀ ਖਪਤਕਾਰਾਂ ਨੇ ਸੰਬੰਧਤ ਵਿਭਾਗ ਨੂੰ ਸ਼ਿਕਾਇਤ ਦਰਜ ਕਰਵਾ ਦਿੱਤੀ ਸੀ ਪਰ 18 ਘੰਟਿਆਂ ਤੱਕ ਕੋਈ ਵੀ ਬਿਜਲੀ ਮੁਲਾਜ਼ਮ ਬਿਜਲੀ ਠੀਕ ਕਰਨ ਨਹੀਂ ਆਇਆ। ਉਨ੍ਹਾਂ ਕਿਹਾ ਕਿ ਅਜਿਹੀ ਸ਼ਿਕਾਇਤ ਸਬੰਧੀ ਜਾਣਕਾਰੀ ਦੇਣ ਲਈ ਟਾਂਡਾ ਸ਼ਹਿਰੀ ਜੇ.ਈ ਨਾਲ ਸੰਪਰਕ ਕਰਨ ਲਈ ਸ਼ਹਿਰ ਨਿਵਾਸੀ ਫੋਨ ਕਰਦੇ ਹਨ ਤਾਂ ਉਨ੍ਹਾਂ ਵੱਲੋਂ ਫੋਨ ਨਹੀਂ ਉਠਾਇਆ । ਉਨ੍ਹਾਂ ਕਿਹਾ ਕਿ ਪਿਛਲੇ 3-4 ਦਿਨ ਪਹਿਲਾਂ ਉੜਮੁੜ ਦੇ ਘਰਾਂ 'ਚ ਸ਼ਾਵਰ ਦੇ ਪਾਣੀ ਵਿੱਚ ਕਰੰਟ ਆ ਰਿਹਾ ਸੀ ਅਤੇ ਆਸ ਪਾਸ ਦੁਕਾਨਾਂ ਦੇ ਸ਼ਟਰਾਂ ਵਿੱਚ ਵੀ ਕਰੰਟ ਆ ਰਿਹਾ ਸੀ ਜਿਸ ਦੀ ਕੰਪਲੇਂਟ ਬਿਜਲੀ ਵਿਭਾਗ ਦੇ ਟੋਲ ਫਰੀ ਨੰਬਰ 1912 'ਤੇ ਕਈ ਵਾਰ ਲਿਖਵਾਈ ਗਈ ਸੀ ਪਰ ਅੱਜ ਤੱਕ ਉਸ ਦਾ ਵੀ ਕੋਈ ਹੱਲ ਨਹੀਂ ਕੀਤਾ ਗਿਆ, ਜਿਸ ਕਾਰਨ ਇੱਕ ਦੁਕਾਨ ਦੀ ਚੁੰਨੀਆਂ ਨੂੰ ਅੱਗ ਵੀ ਪੈ ਗਈ ਸੀ। ਜੇਕਰ ਮੌਕਾ ਰਹਿੰਦੇ ਦੁਕਾਨਦਾਰ ਵੱਲੋਂ ਉਨ੍ਹਾਂ ਚੁੰਨੀਆਂ ਨੂੰ ਦੁਕਾਨ ਵਿੱਚੋਂ ਬਾਹਰ ਨਾ ਸੁੱਟਿਆ ਜਾਂਦਾ ਤਾਂ ਇੱਕ ਵੱਡਾ ਹਾਦਸਾ ਵੀ ਵਾਪਰ ਸਕਦਾ ਸੀ। ਉਨ੍ਹਾਂ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜਾਂ ਤਾਂ ਜਿਸ ਕੰਪਨੀ ਨੂੰ ਠੇਕਾ ਦਿੱਤਾ ਹੈ ਉਸ ਦੀ ਥਾਂ ਕਿਸੇ ਹੋਰ ਨੂੰ ਠੇਕਾ ਦਿੱਤਾ ਜਾਵੇ ਜਾਂ ਫਿਰ ਬਿਜਲੀ ਵਿਭਾਗ ਚ ਨਵੇਂ ਮੁਲਾਜ਼ਮ ਰੱਖੇ ਜਾਣ ਤਾਂ ਜੋ ਬਿਜਲੀ ਖਪਤਕਾਰਾਂ ਨੂੰ ਪਰੇਸ਼ਾਨੀਆਂ ਤੋਂ ਰਾਹਤ ਮਿਲ ਸਕੇ। ਅਜਿਹਾ ਨਾ ਹੋਣ 'ਤੇ ਸ਼ਿਵ ਸੈਨਾ ਹਿੰਦੁਸਤਾਨ ਟਾਂਡਾ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਰੋਸ ਪ੍ਰਦਰਸ਼ਨ ਤੇ ਸੜਕ ਜਾਮ ਲਗਾਏਗੀ।ਇਸ ਸਬੰਧੀ ਬਿਜਲੀ ਵਿਭਾਗ ਟਾਂਡਾ ਸ਼ਹਿਰ ਦੇ ਐਸ.ਡੀ.ਓ ਪਰਮਜੀਤ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਠੇਕੇਦਾਰ ਦੇ ਮੁਲਾਜ਼ਮ ਹੜਤਾਲ 'ਤੇ ਹਨ ਅਤੇ ਮੇਰੇ ਕੋਲ ਸਟਾਫ਼ ਦੀ ਬਹੁਤ ਘਾਟ ਹੈ, ਇਸ ਲਈ ਹਰ ਬਿਜਲੀ ਖਪਤਕਾਰਾਂ ਦੀ ਸ਼ਿਕਾਇਤ ਦੂਰ ਕਰਨ ਵਿੱਚ ਸਮਾਂ ਲੱਗ ਰਿਹਾ ਹੈ।



# ਰਾਜਾ ਵੜਿੰਗ ਦੀ ਅਗਵਾਈ ਹੇਠ ਹੋਈ ਨਵਾਂਸ਼ਹਿਰ ਵਿਖੇ ਸੰਵਿਧਾਨ ਬਚਾਓ ਰੈਲੀ

**ਬਲਾਚੌਰ (ਜਸਵਿੰਦਰ ਬੈਂਸ)**- ਕਾਂਗਰਸ ਪਾਰਟੀ ਵੱਲੋਂ ਸੰਵਿਧਾਨ ਦੀ ਰੱਖਿਆ ਲਈ ਨਵਾਂਸ਼ਹਿਰ ਵਿਖੇ ਸੰਵਿਧਾਨ ਬਚਾਓ ਰੈਲੀ ਕੀਤੀ ਗਈ, ਜਿਸ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਵੱਲੋਂ ਵਿਸ਼ਾਲ ਕਾਂਗਰਸੀ ਵਰਕਰਾਂ ਦੇ 'ਕੱਠ ਨੂੰ ਸੰਬੋਧਨ ਕੀਤਾ ਗਿਆ। ਪੰਜਾਬ ਪ੍ਰਧਾਨ ਵੱਲੋਂ ਪੰਜਾਬੀਆਂ ਨੂੰ ਸੰਵਿਧਾਨ ਬਾਰੇ ਜ਼ਮੀਨੀ ਪੱਧਰ ਉੱਤੇ ਆਪਣੇ ਫ਼ਰਜ਼ਾਂ ਦੀ ਰਾਖੀ ਕਰਨ ਬਾਰੇ ਜਾਗਰੂਕ ਕੀਤਾ ਗਿਆ। ਰੈਲੀ ਵਿੱਚ ਪਵਨ ਕੁਮਾਰ ਆਦੀਆ ਜ਼ਿਲ੍ਹਾ ਕੋਆਰਡੀਨੇਟਰ ਵੱਲੋਂ ਆਪਣੀ ਸਪੀਚ ਨਾਲ ਪਾਰਟੀ ਵਰਕਰਾਂ ਵਿੱਚ ਜੋਸ਼ ਭਰਿਆ ਗਿਆ। ਇਸ ਉਪਰੰਤ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਵੱਲੋਂ ਕਾਂਗਰਸ ਪਾਰਟੀ ਵਰਕਰਾਂ ਨੂੰ ਸੰਵਿਧਾਨ ਦੀ ਰੱਖਿਆ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਅਵਾਜ਼ ਬੁਲੰਦ ਕਰਨ ਲਈ ਜ਼ੋਰ ਪਾਇਆ ਗਿਆ। ਇਸ ਰੈਲੀ ਵਿੱਚ ਅੰਗਦ ਸੈਣੀ ਸਾਬਕਾ ਵਿਧਾਇਕ ਨਵਾਂਸ਼ਹਿਰ ਅਤੇ ਤਰਲੋਚਨ ਸਿੰਘ ਸੂੰਢ ਵੱਲੋਂ ਸ਼ਾਮਲ ਹੁੰਦਿਆਂ ਹੋਇਆਂ ਕਾਂਗਰਸ ਪਾਰਟੀ ਦੀ ਭਵਿੱਖ ਵਿੱਚ ਮਜ਼ਬੂਤੀ ਲਈ ਪਾਰਟੀ ਵਰਕਰਾਂ ਤੋਂ ਵਚਨਬੱਧਤਾ ਦਾ ਪ੍ਰਣ ਲਿਆ ਗਿਆ। ਇਸ ਰੈਲੀ ਵਿੱਚ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨ, ਓ.ਬੀ.ਸੀ. ਵਿੰਗ, ਐਸ.ਸੀ. ਵਿੰਗ, ਕਿਸਾਨ ਵਿੰਗ, ਸੇਵਾ ਦਲ ਵਿੰਗ, ਯੂਥ ਵਿੰਗ, ਮਹਿਲਾ ਵਿੰਗ, ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਵਿੰਗ ਇਨ੍ਹਾਂ ਸਾਰਿਆਂ ਦੇ ਜ਼ਿਲ੍ਹਾ ਪ੍ਰਧਾਨ ਅਤੇ ਸਮੂਹ ਬਲਾਕ ਪ੍ਰਧਾਨਾਂ ਸਮੇਤ ਪਾਰਟੀ ਵਰਕਰਾਂ ਵੱਲੋਂ ਵੱਧ-ਚੜ੍ਹ ਕੇ ਹਿੱਸਾ ਲਿਆ ਗਿਆ ਅਤੇ ਇਸ ਰੈਲੀ ਨੂੰ ਸਫਲ ਬਣਾਇਆ ।



# ਗੁਰਦੁਆਰਾ ਟਾਹਲੀ ਸਾਹਿਬ ਮੂਨਕਾਂ 'ਚ ਮੱਸਿਆ ਦਾ ਦਿਹਾੜਾ 27 ਨੂੰ ਮਨਾਇਆ ਜਾਵੇਗਾ

**ਅੱਡਾ ਸਰਾਂ (ਜਸਵੀਰ ਕਾਜਲ)**- ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਇਤਿਹਾਸਿਕ ਅਸਥਾਨ ਗੁਰਦੁਆਰਾ ਟਾਹਲੀ ਸਾਹਿਬ ਮੂਨਕਾਂ ਵਿਖੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਤ ਸਲਾਨਾ ਜੋੜ ਮੇਲਾ 12 ਜੂਨ ਨੂੰ ਮਨਾਇਆ ਜਾਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਮਿਸਲ ਸ਼ਹੀਦਾਂ ਤਰਨਾ ਹਰੀਆਂ ਵੇਲਾਂ ਵਾਲਿਆਂ ਦੇ ਮੌਜੂਦਾ ਮੁਖੀ ਜ਼ਿੰਦਾ ਸ਼ਹੀਦ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਸੰਤ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਦੀ ਅਗਵਾਈ ਵਿੱਚ ਹੋਣ ਵਾਲੇ ਸਲਾਨਾ ਜੋੜ ਮੇਲੇ ਦੇ ਸੰਬਧ ਵਿੱਚ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਸੇਵਾਦਾਰ ਭਾਈ ਹਰਪ੍ਰੀਤ ਸਿੰਘ ਤੇ ਬਾਬਾ ਕੁਲਦੀਪ ਸਿੰਘ ਨੇ ਦੱਸਿਆ ਕਿ ਦੇਸ਼ ਵਿਦੇਸ਼, ਇਲਾਕੇ ਤੇ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਜਾਣ ਵਾਲੇ ਸਲਾਨਾ ਜੋੜ ਮੇਲੇ ਦੀਆਂ ਗੁਰੂ ਘਰ ਵਿਖੇ ਤਿਆਰੀਆਂ ਦੀ ਆਰੰਭਤਾ ਕਰ ਦਿੱਤੀ ਗਈ ਹੈ। ਉਹਨਾਂ ਦੱਸਿਆ ਕਿ 12 ਜੂਨ ਨੂੰ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਉਪਰੰਤ ਰਾਗੀ ਢਾਡੀ ਜਥੇ ਸਾਰਾ ਦਿਨ ਸਮੂਹ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕਰਨਗੇ।ਉਨਾਂ ਹੋਰ ਦੱਸਿਆ ਕਿ ਗੁਰਦੁਆਰਾ ਟਾਹਲੀ ਸਾਹਿਬ ਵਿਖੇ ਮੱਸਿਆ ਦਾ ਦਿਹਾੜਾ 27 ਮਈ ਨੂੰ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਵੇਗਾ। ਉਹਨਾਂ ਦੱਸਿਆ ਕਿ ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਭਾਈ ਹਰਭਜਨ ਸਿੰਘ ਸੋਤਲੇ ਵਾਲੇ, ਭਾਈ ਕੁਲਵਿੰਦਰ ਸਿੰਘ ਕੰਗਮਾਈ ਤੇ ਹੋਰ ਰਾਗੀ-ਢਾਡੀ ਜਥੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕਰਦੇ ਹੋਏ ਗੁਰੂ ਚਰਨਾਂ ਨਾਲ ਜੋੜਨਗੇ। ਇਸ ਮੌਕੇ ਠੰਢੇ-ਮਿੱਠੇ ਜਲ ਦੀ ਛਬੀਲ ਤੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਜਾਣਗੇ।



# ਵਿਧਾਇਕਾ ਕਟਾਰੀਆ ਨੇ ਸਕੂਲ ਆਫ ਹੈਪੀਨੈੱਸ ਦਾ ਕੀਤਾ ਉਦਘਾਟਨ

**ਬਲਾਚੌਰ (ਜਸਵਿੰਦਰ ਬੈਂਸ)**- ਸਿੱਖਿਆ ਵਿਭਾਗ ਵਿੱਚ ਸੂਬੇ ਭਰ 'ਚ ਆਪਣੀ ਵਿਲੱਖਣ ਪਹਿਚਾਣ ਬਣਾ ਚੁੱਕੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਟਕਾਰਲਾ ਦਾ ਜ਼ਿਲ੍ਹੇ ਦੇ ਪਹਿਲੇ ਸਕੂਲ ਆਫ਼ ਹੈਪੀਨੈਸ ਵਜੋਂ ਉਦਘਾਟਨ ਹਲਕਾ ਵਿਧਾਇਕਾ ਸ੍ਰੀਮਤੀ ਸੰਤੋਸ਼ ਕਟਾਰੀਆ ਵਲੋਂ ਕੀਤਾ ਗਿਆ। ਉਦਘਾਟਨੀ ਸਮਾਗਮ ਮੌਕੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਸੂਬੇ ਦੇ ਸਕੂਲਾਂ ਵਿੱਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਵਾ ਕੇ ਸਕੂਲਾਂ ਨੂੰ ਹਰੇਕ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪ੍ਰਾਇਮਰੀ ਸਕੂਲ ਟਕਾਰਲਾ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਸੂਬਾ ਸਰਕਾਰ ਵਲੋਂ ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਦੀ ਕਾਇਆ ਕਲਪ ਕਰਨ 'ਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਇਸ ਮੌਕੇ ਆਪ ਆਗੂ ਅਸ਼ੋਕ ਕਟਾਰੀਆ, ਬਲਦੇਵ ਰਾਜ, ਮਹਾਂਵੀਰ ਸਿੰਘ ਸਰਪੰਚ ਟਕਾਰਲਾ, ਗੁਰਮੀਤ ਰਾਮ ਸਰਪੰਚ ਨਵਾਂ ਪਿੰਡ ਟਕਾਰਲਾ ਸਮੇਤ ਹੋਰ ਪਤਵੰਤਿਆਂ ਨੇ ਵੀ ਵਿਚਾਰ ਸਾਂਝੇ ਕੀਤੇ। ਸਕੂਲ ਮੁਖੀ ਕਮਲ ਦੀਪ ਚੌਧਰੀ, ਬਲਜਿੰਦਰ ਸਿੰਘ ਵਿਰਕ ਜ਼ਿਲ੍ਹਾ ਕੋਆਰਡੀਨੇਟਰ ਸਮਾਰਟ ਸਕੂਲ ਅਤੇ ਸਕੂਲ ਸਟਾਫ਼ ਵਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਸਕੂਲ ਸਟਾਫ਼ ਤੇ ਪ੍ਰਬੰਧਕ ਕਮੇਟੀ ਵਲੋਂ ਵਿਧਾਇਕਾ ਸੰਤੋਸ਼ ਕਟਾਰੀਆ ਤੇ ਹੋਰ ਸਖਸ਼ੀਅਤਾਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਸ਼ਕੁੰਤਲਾ ਦੇਵੀ ਸਰਪੰਚ ਉੱਪਰਲੀ ਪੱਤੀ ਟਕਾਰਲਾ, ਸਿੱਖਿਆ ਵਿਭਾਗ ਵਲੋਂ ਸਤਨਾਮ ਸਿੰਘ ਜ਼ਿਲ੍ਹਾ ਕੋਆਰਡੀਨੇਟਰ, ਕੁਲਦੀਪ ਸਿੰਘ ਬਲਾਕ ਨੋਡਲ ਅਫ਼ਸਰ ਬਲਾਚੌਰ-2, ਰਮਨ ਕੁਮਾਰ ਬਲਾਕ ਨੋਡਲ ਨਵਾਂਸ਼ਹਿਰ, ਗਿਆਨ ਕਟਾਰੀਆ ਬਲਾਕ ਨੋਡਲ ਬਲਾਚੌਰ-1, ਤਰਲੋਚਨ ਸਿੰਘ ਸੈਂਟਰ ਹੈੱਡ ਮਹਿੰਦੀਪੁਰ, ਧਰਮਿੰਦਰ ਕੁਮਾਰ ਸੈਂਟਰ ਹੈੱਡ ਕਾਠਗੜ੍ਹ, ਰੇਨੂੰ ਰਾਣੀ ਸੈਂਟਰ ਹੈੱਡ ਰੈਲਮਾਜਰਾ, ਮਨਦੀਪ ਕੌਰ ਸੈਂਟਰ ਹੈੱਡ ਰਾਹੋਂ, ਮਾਸਟਰ ਰਵਿੰਦਰ ਸੂਰਾਪੁਰੀ, ਮਾ: ਰਾਜ ਭਾਟੀਆ ਸਟੇਟ ਅਵਾਰਡੀ, ਮਾ: ਰਵੀ ਚੌਧਰੀ, ਮੈਡਮ ਮਨਿੰਦਰ ਸਕੂਲ ਮੁਖੀ ਹਾਈ ਸਕੂਲ ਟਕਾਰਲਾ, ਮਾ: ਪ੍ਰਸ਼ੋਤਮ ਲਾਲ, ਹਰਪ੍ਰੀਤ ਕੌਰ ਹੈੱਡ ਟੀਚਰ ਸਿਆਣਾ, ਯਸ਼ਪਾਲ ਬੀ.ਆਰ.ਸੀ., ਮੈਡਮ ਰੀਨਾ ਰਾਣੀ ਬੀ.ਆਰ.ਸੀ. ਆਦਿ ਅਧਿਆਪਕਾਂ ਸਮੇਤ ਚਰਨਜੀਤ ਚੇਅਰਮੈਨ ਐਸ. ਐਮ. ਸੀ., ਸਪਨਾ ਚੌਧਰੀ, ਸਰੋਜ ਰਾਣੀ, ਮੋਨਿਕਾ ਰਾਣੀ, ਗੁਰਮੁੱਖ ਸਿੰਘ, ਜਸਵਿੰਦਰ ਸਿੰਘ, ਰਵਿੰਦਰ ਚੌਧਰੀ, ਮਨਜੀਤ ਸਿਆਣ, ਰਾਕੇਸ਼ ਫੌਜੀ, ਨਵਦੀਪ ਚੌਧਰੀ, ਮੈਡਮ ਰੰਜਨਾ, ਮੈਡਮ ਵਨੀਤਾ, ਮੈਡਮ ਪਰਮਿੰਦਰ ਕੌਰ ਸਮੇਤ ਖਵਾਹਿਸ਼ ਸੇਵਾ ਸੁਸਾਇਟੀ ਟਕਾਰਲਾ, ਨੌਗੱਜਾ ਕਲੱਬ ਟਕਾਰਲਾ ਦੇ ਮੈਂਬਰ ਅਤੇ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।



# ਰਾਸ਼ਟਰੀ ਲੋਕ ਅਦਾਲਤ 'ਚ 19,436 ਮਾਮਲਿਆਂ ਦਾ ਮੌਕੇ 'ਤੇ ਨਿਪਟਾਰਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵਲੋਂ ਪੰਜਾਬ ਸਟੇਟ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਜ਼ਿਲ੍ਹੇ ਵਿਚ ਸਾਲ ਦੀ ਦੂਜੀ ਰਾਸ਼ਟਰੀ ਲੋਕ ਅਦਾਲਤ ਲਗਾਈ ਗਈ। ਇਸ ਲੋਕ ਅਦਾਲਤ ਵਿਚ ਐਨ.ਆਈ ਐਕਟ ਤਹਿਤ ਸੈਕਸ਼ਨ 138 ਦੇ ਮਾਮਲੇ, (ਲੰਬਿਤ ਅਤੇ ਪ੍ਰੀ-ਲਿਟੀਗੇਸ਼ਨ ਬੈਂਕ ਰਿਕਵਰੀ ਮਾਮਲੇ ਅਤੇ ਲੇਬਰ ਵਿਵਾਦ ਮਾਮਲੇ), ਮੋਟਰ ਦੁਰਘਟਨਾਵਾਂ ਦੇ ਦਾਅਵੇ ਮਾਮਲੇ (ਐਸ ਏ ਸੀ ਟੀ), ਬਿਜਲੀ ਅਤੇ ਪਾਣੀ ਦੇ ਬਿੱਲ (ਗੈਰ-ਸਮਝੌਤਾ ਯੋਗ ਨੂੰ ਛੱਡ ਕੇ), ਵਿਵਾਹਕ ਵਿਵਾਦ, ਟਰੈਫਿਕ ਚਾਲਾਨ, ਮਾਲ ਮਾਮਲੇ ਅਤੇ ਹੋਰ ਸਿਵਲ, ਘੱਟ ਗੰਭੀਰ ਅਪਰਾਧਿਕ ਮਾਮਲੇ ਅਤੇ ਘਰੇਲੂ ਝਗੜੇ ਆਦਿ ਦੇ ਮਾਮਲੇ ਰੱਖੇ ਗਏ।ਇਹ ਲੋਕ ਅਦਾਲਤ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਾਜਿੰਦਰ ਅਗਰਵਾਲ ਦੀ ਯੋਗ ਅਗਵਾਈ ਲਗਾਈ ਗਈ। ਇਸ ਲੋਕ ਅਦਾਲਤ ਵਿਚ ਹੁਸ਼ਿਆਰਪੁਰ ਵਿਚ ਕੁੱਲ 19 ਬੈਂਚ ਬਣਾਏ ਗਏ, ਜਿਸ ਵਿਚ ਹੁਸ਼ਿਆਰਪੁਰ ਜੁਡੀਸ਼ੀਅਲ ਕੋਰਟ ਵਿਚ 8 ਬੈਂਚ, ਸਬ-ਡਵੀਜ਼ਨ ਦਸੂਹਾ ਵਿਚ 2 ਬੈਂਚ, ਮੁਕੇਰੀਆਂ ਵਿਚ 2 ਬੈਂਚ ਅਤੇ ਗੜ੍ਹਸ਼ੰਕਰ ਵਿਚ 2 ਬੈਂਚ ਅਤੇ ਮਾਲ ਕੋਰਟ ਵਿਚ 5 ਬੈਂਚਾਂ ਦਾ ਗਠਨ ਕੀਤਾ ਗਿਆ। ਜ਼ਿਲ੍ਹਾ ਹੁਸ਼ਿਆਰਪੁਰ ਦੀ ਲੋਕ ਅਦਾਲਤ ਵਿਚ 23,658 ਮਾਮਲਿਆਂ ਦੀ ਸੁਣਵਾਈ ਹੋਈ ਅਤੇ 19,436 ਮਾਮਲਿਆਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ, ਨਾਲ ਹੀ ਧਿਰਾਂ ਦੇ ਕੁੱਲ 8,870,264,341 ਰੁਪਏ ਦੇ ਅਵਾਰਡ ਪਾਸ ਕੀਤੇ ਗਏ।ਇਸ ਰਾਸ਼ਟਰੀ ਲੋਕ ਅਦਾਲਤ ਮੌਕੇ ਪੁਲਿਸ ਵਿਭਾਗ ਦੇ ਕਰਮਚਾਰੀਆਂ ਵਲੋਂ ਟਰੈਫਿਕ ਚਾਲਾਨ ਭੁਗਤਾਨ ਲਈ ਆਏ ਵਿਅਕਤੀਆਂ ਲਈ ਵਿਸ਼ੇਸ਼ ਹੈਲਪ ਡੈਸਕ ਲਗਾਏ ਗਏ ।ਇਸ ਰਾਸ਼ਟਰੀ ਲੋਕ ਅਦਾਲਤ ਦੌਰਾਨ ਜ਼ਿਲ੍ਹੇ ਤੇ ਸੈਸ਼ਨ ਜੱਜ ਰਾਜਿੰਦਰ ਅਗਰਵਾਲ ਨਾਲ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਨੇ ਲੋਕ ਅਦਾਲਤ ਦੇ ਬੈਂਚਾਂ ਦਾ ਦੌਰਾ ਕੀਤਾ। ਇਸ ਲੋਕ ਅਦਾਲਤ ਨੂੰ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਵਲੋਂ ਪੂਰਨ ਸਹਿਯੋਗ ਦਿੱਤਾ ਗਿਆ।ਨੀਰਜ ਗੋਇਲ ਵਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਲੋਕ ਅਦਾਲਤਾਂ ਵਿਚ ਮਾਮਲੇ ਦਰਜ ਕਰਕੇ ਵੱਧ ਤੋਂ ਵੱਧ ਲਾਭ ਉਠਾਉਣ ਕਿਉਂਕਿ ਇਸ ਨਾਲ ਸਮੇਂ ਅਤੇ ਪੈਸੇ ਦੀ ਬੱਚਤ ਹੁੰਦੀ ਹੈ।



# ਪਿੰਡ ਨਿੰਬੂਆ 'ਚ ਨਿਰੰਕਾਰੀ ਸੰਤ ਸਮਾਗਮ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਨਿਰੰਕਾਰੀ ਮਿਸ਼ਨ ਦੀ ਅਗਵਾਈ ਹੇਠ ਡੇਰਾਬੱਸੀ ਦੇ ਨਿੰਬੂਆ ਪਿੰਡ ਵਿੱਚ ਇੱਕ ਵਿਸ਼ਾਲ ਸੰਤ ਇਕੱਠ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮੁਬਾਰਕਪੁਰ, ਭਾਖਰਪੁਰ, ਡੇਰਾਬੱਸੀ, ਸਮਗੋਲੀ, ਡੱਪਰ, ਲਾਲੜੂ ਸਮੇਤ ਨੇੜਲੇ ਇਲਾਕਿਆਂ ਤੋਂ ਹਜ਼ਾਰਾਂ ਸ਼ਰਧਾਲੂਆਂ ਨੇ ਹਿੱਸਾ ਲਿਆ। ਇਕੱਠ ਵਿੱਚ ਅਧਿਆਤਮਕ ਪ੍ਰਵਚਨ, ਭਗਤੀ ਗੀਤ ਅਤੇ ਸਮਾਜਿਕ ਏਕਤਾ ਦਾ ਸੰਦੇਸ਼ ਪ੍ਰਮੁੱਖ ਸਨ। ਆਪਣੇ ਭਾਸ਼ਣ ਦੌਰਾਨ ਮੁੱਖ ਬੁਲਾਰੇ ਵਿਜੇ ਸਵਰੂਪ ਨੇ ਜੀਵਨ ਵਿੱਚ ਅਧਿਆਤਮਕ ਗਿਆਨ ਦੀ ਮਹੱਤਤਾ :-ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ, ਜਿਸ ਦੀ ਤੁਸੀਂ ਪੂਜਾ ਕਰਦੇ ਹੋ, ਉਸ ਬਾਰੇ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਪ੍ਰਭੂ ਨੂੰ ਜਾਣੇ ਬਿਨਾਂ ਭਗਤੀ ਅਧੂਰੀ ਹੈ। ਸੱਚੀ ਭਗਤੀ ਉਹ ਹੈ ਜੋ ਗਿਆਨ ਅਤੇ ਸਮਝ ਨਾਲ ਕੀਤੀ ਜਾਵੇ। ਨਿਰੰਕਾਰੀ ਸੰਤਾਂ ਦੀਆਂ ਸਿੱਖਿਆਵਾਂ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਸੱਚਾ ਅਧਿਆਤਮਿਕ ਅਭਿਆਸ ਪਰਮਾਤਮਾ ਦੀ ਏਕਤਾ ਅਤੇ ਮਨੁੱਖਤਾ ਦੀ ਸੇਵਾ ਹੈ। ਪ੍ਰੋਗਰਾਮ ਦੌਰਾਨ ਸ਼ਰਧਾਲੂਆਂ ਨੇ ਕੀਰਤਨ ਅਤੇ ਅਰਦਾਸ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਡੇਰਾਬੱਸੀ ਦੀ ਕੋਆਰਡੀਨੇਟਰ ਭੈਣ ਗੁਰਚਰਨ ਕੌਰ ਨੇ ਆਈਆਂ ਸੰਗਤਾਂ ਅਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ, ਇਹ ਇਕੱਠ ਸਾਨੂੰ ਆਪਸੀ ਪਿਆਰ ਅਤੇ ਸਦਭਾਵਨਾ ਸਿਖਾਉਂਦਾ ਹੈ। ਸਾਡੀ ਕੋਸ਼ਿਸ਼ ਨਿਰੰਕਾਰੀ ਬਾਬਾ ਹਰਦੇਵ ਸਿੰਘ ਦੇ ਸੰਦੇਸ਼ ਨੂੰ ਹਰ ਘਰ ਤੱਕ ਪਹੁੰਚਾਉਣ ਦੀ ਹੈ। ਇਸ ਮੌਕੇ ਨਸ਼ਾ ਛੁਡਾਊ, ਸਫ਼ਾਈ ਅਤੇ ਸਿੱਖਿਆ ਵਰਗੇ ਸਮਾਜਿਕ ਮੁੱਦਿਆਂ 'ਤੇ ਵੀ ਚਰਚਾ ਕੀਤੀ ਗਈ। ਪ੍ਰੋਗਰਾਮ ਦੇ ਅੰਤ ਵਿੱਚ ਲੰਗਰ ਪ੍ਰਸ਼ਾਦ ਵੰਡਿਆ ਗਿਆ।

# ਜਲ ਸਪਲਾਈ ਸਕੀਮਾਂ ਦਾ ਪੰਚਾਇਤੀਕਰਨ ਦੇ ਵਿਰੋਧ 'ਚ ਰੋਸ ਰੈਲੀ 28 ਨੂੰ

**ਤਲਵਾੜਾ, ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਅੱਜ ਜਲ ਸਪਲਾਈ ਐਂਡ ਸੈਨੀਟੇਸ਼ਨ ਵਿਭਾਗ ਦੇ ਕਰਮਚਾਰੀਆਂ ਦੀ ਮੀਟਿੰਗ ਬ੍ਰਾਂਚ ਪ੍ਰਧਾਨ ਰਾਜੀਵ ਸ਼ਰਮਾ ਦੀ ਆਗਵਾਈ ਹੇਠ ਉਪ ਮੰਡਲ ਦਫਤਰ ਤਲਵਾੜਾ ਵਿਖੇ ਕੀਤੀ ਗਈ। ਜਿਸ ਵਿੱਚ ਬ੍ਰਾਂਚ ਜਨਰਲ ਸਕੱਤਰ ਸ਼ਾਮ ਸਿੰਘ ਬਟਵਾੜਾ ਨੇ ਗੱਲ ਕਰਦਿਆਂ ਕਿਹਾ ਕਿ ਸਟੇਟ ਕਮੇਟੀ ਦੇ ਫੈਸਲੇ ਅਨੁਸਾਰ ਪਹਿਲਾ ਮੰਡਲ ਦਫਤਰਾਂ ਅੱਗੇ ਰੋਸ ਰੈਲੀਆਂ ਕਰਨ ਤੋਂ ਬਾਅਦ ਹੁਣ ਨਿਗਰਾਨ ਇੰਜੀਨੀਅਰ ਦੇ ਦਫਤਰਾਂ ਅੱਗੇ ਪੰਚਾਇਤੀਕਰਨ ਦੇ ਖਿਲਾਫ ਰੋਸ ਰੈਲੀਆਂ ਕੀਤੀਆਂ ਜਾਣਗੀਆਂ। ਇਸ ਕੜੀ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਵਲੋਂ 28 ਮਈ ਨੂੰ ਹੁਸ਼ਿਆਰਪੁਰ ਵਿੱਖੇ ਰੋਸ ਰੈਲੀ ਕੀਤੀ ਜਾਵੇਗੀ ਅਤੇ ਨਿਗਰਾਨ ਇੰਜੀਨੀਅਰ ਰਾਹੀਂ ਇਕ ਮੰਗ ਪੱਤਰ ਸਰਕਾਰ ਨੂੰ ਭੇਜਿਆ ਜਾਵੇਗਾ। ਜਿਸ ਵਿੱਚ ਬ੍ਰਾਂਚ ਤਲਵਾੜਾ ਵਲੋਂ ਜਥੇਬੰਦੀ ਦੇ ਲਾਲ ਝੰਡਿਆ ਅਤੇ ਬੈਨਰ ਲੈ ਕੇ ਵੱਡੀ ਗਿਣਤੀ ਵਿੱਚ ਪਹੁੰਚਿਆ ਜਾਵੇਗਾ।ਬ੍ਰਾਂਚ ਪ੍ਰਧਾਨ ਰਾਜੀਵ ਸ਼ਰਮਾ ਦੇ ਦੱਸਿਆ ਕਿ ਸਰਕਾਰ ਪੰਚਾਇਤਾਂ ਨੂੰ ਵੱਧ ਅਧਿਕਾਰ ਦੇਣ ਦੇ ਬਹਾਨੇ ਜਲ ਸਪਲਾਈ ਸਕੀਮਾਂ ਦਾ ਨਿੱਜੀਕਰਨ ਕਰਨਾ ਚਾਹੁੰਦੀ ਹੈ। ਇਸ ਨਿੱਜੀਕਰਨ ਹੋਣ ਨਾਲ ਸਿੱਧਾ ਅਸਰ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਅਤੇ ਆਮ ਲੋਕਾਂ 'ਤੇ ਪਵੇਗਾ। ਇਸ ਨਾਲ ਪੀਣ ਵਾਲਾ ਪਾਣੀ ਗਰੀਬ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਜਾਵੇਗਾ ਕਿਉਂਕਿ ਨਿੱਜੀਕਰਨ ਹੋਣ ਨਾਲ ਪਾਣੀ ਦੀਆਂ ਕੀਮਤਾਂ ਵਿੱਚ ਬਹੁਤ ਵਾਧਾ ਹੋਵੇਗਾ। ਇਸ ਲਈ ਸਰਕਾਰ ਨੂੰ ਚਾਹੀਦਾ ਤਾਂ ਇਹ ਸੀ ਕੀ ਇਹਨਾਂ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਮਹਿਕਮੇ ਅੰਦਰ ਬਿਨਾਂ ਸ਼ਰਤ ਪੱਕਾ ਕੀਤਾ ਜਾਂਦਾ ਪਰ ਸਰਕਾਰ ਉਲਟਾ ਇਨ੍ਹਾਂ ਦੇ ਰੋਜ਼ਗਾਰ ਨੂੰ ਖਤਰੇ ਵਿੱਚ ਪਾ ਰਹੀ ਹੈ। ਇਸ ਲਈ ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਸਾਰੇ ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ, ਨਾਲੇ ਖਾਲੀ ਪੋਸਟਾਂ 'ਤੇ ਰੈਗੂਲਰ ਭਰਤੀ ਕੀਤੀ ਜਾਵੇ, ਦਰਜਾ ਚਾਰ ਤੋਂ ਦਰਜਾ ਤਿਨ ਦਾ ਵਿਭਾਗੀ ਟੈਸਟ ਲੈ ਕੇ ਪਰਮੋਟ ਕੀਤਾ ਜਾਵੇ, ਦਰਜਾ ਤਿੰਨ ਤੋਂ ਜੇ ਈ ਪਰਮੋਟ ਕੀਤਾ ਜਾਵੇ, 13% ਮਹਿੰਗਾਈ ਕਿਸ਼ਤਾਂ ਜਾਰੀ ਕੀਤੀਆਂ ਜਾਣ, ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ, ਉਚੇਚੇ ਤੌਰ 'ਤੇ ਜਲ ਸਪਲਾਈ ਐਂਡ ਸੈਨੀਟੇਸ਼ਨ ਵਿਭਾਗ ਅੰਦਰ ਖਾਲੀ ਪੋਸਟਾਂ 'ਤੇ ਰੈਗੂਲਰ ਭਰਤੀ ਕੀਤੀ ਜਾਵੇ। ਮੀਟਿੰਗ ਵਿੱਚ ਉਚੇਚੇ ਤੌਰ 'ਤੇ ਮਹਿਲਾ ਵਿੰਗ ਤੋਂ ਸਿਮੀ ਮੈਡਮ, ਸੀਮਾ ਮੈਡਮ, ਰਜਨੀ ਮੈਡਮ, ਮਮਤਾ ਮੈਡਮ, ਕੈਸ਼ੀਅਰ ਜਗਦੀਸ਼ ਸਿੰਘ, ਅਮਰੀਕ ਸਿੰਘ, ਸ਼ਮਸ਼ੇਰ ਸਿੰਘ, ਰਾਜ ਕੁਮਾਰ, ਦਲੀਪ ਸਿੰਘ, ਅਜੇ ਕੁਮਾਰ, ਮੇਜਰ ਸਿੰਘ, ਮਿਲਾਪ ਚੰਦ ਆਦਿ ਹਾਜ਼ਰ ਹੋਏ।



# ਵਿਸ਼ੇਸ਼ ਥੈਰੇਪੀ ਸਕੂਲ ਬੱਚਿਆਂ ਨੂੰ ਆਤਮ-ਨਿਰਭਰ ਬਣਾਏਗਾ : ਸੰਗੀਤਾ ਮਿੱਤਲ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੋਨਾਲੀਕਾ ਗਰੁੱਪ ਦੁਆਰਾ ਚਲਾਏ ਜਾ ਰਹੇ ਆਰ ਆਰ ਐਮ ਔਟਿਜ਼ਮ ਸੈਂਟਰ ਦੇ ਇੱਕ ਸਾਲ ਦੇ ਪੂਰੇ ਹੋਣ 'ਤੇ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਆਰ ਆਰ ਐਮ ਔਟਿਜ਼ਮ ਸੈਂਟਰ ਮੁੱਖ ਸਮਾਜਿਕ ਅਤੇ ਅਧਿਆਤਮਿਕ ਮਾਰਗਦਰਸ਼ਨ ਸ੍ਰੀਮਤੀ ਸੰਗੀਤਾ ਮਿੱਤਲ ਦੀ ਅਗਵਾਈ ਹੇਠ ਚਲਾਇਆ ਜਾ ਰਿਹਾ ਹੈ। ਇਸ ਮੌਕੇ ਮਿੱਤਲ ਨੇ ਕਿਹਾ ਕਿ ਕੇਂਦਰ ਵਿੱਚ ਆਉਣ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਲੋੜੀਂਦੇ ਨਤੀਜੇ ਦੇਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਬੱਚਿਆਂ ਦੇ ਮਾਪਿਆਂ ਦੇ ਵਿਸ਼ਵਾਸ ਅਤੇ ਸੈਂਟਰ ਹੈੱਡਾਂ ਅਤੇ ਥੈਰੇਪਿਸਟਾਂ ਦੀ ਟੀਮ ਦੀ ਸਖ਼ਤ ਮਿਹਨਤ ਅਤੇ ਦ੍ਰਿੜ ਇਰਾਦੇ ਸਦਕਾ ਇਨ੍ਹਾਂ ਬੱਚਿਆਂ ਲਈ ਚੁੱਕਿਆ ਗਿਆ ਹਰ ਕਦਮ ਪਿਆਰ ਅਤੇ ਦੇਖਭਾਲ ਦਾ ਜਸ਼ਨ ਹੈ। ਇਸ ਦਿਸ਼ਾ ਵਿੱਚ, ਅਸੀਂ ਹੁਣ ਇਸ ਕੇਂਦਰ ਵਿੱਚ ਹੀ ਇੱਕ ਵਿਸ਼ੇਸ਼ ਥੈਰੇਪਿਊਟਿਕ ਸਕੂਲ ਬਣਾਉਣ ਜਾ ਰਹੇ ਹਾਂ, ਜਿਸ ਵਿੱਚ ਵਿਸ਼ੇਸ਼ ਸਿੱਖਿਅਕਾਂ, ਭਾਸ਼ਣ ਅਤੇ ਕਿੱਤਾਮੁਖੀ ਥੈਰੇਪਿਸਟਾਂ ਦੀ ਇੱਕ ਵੱਡੀ ਟੀਮ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਅਤੇ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਦੇ ਸਫ਼ਰ ਨੂੰ ਸੁਚਾਰੂ ਬਣਾਏਗੀ। ਉਨ੍ਹਾਂ ਕਿਹਾ ਕਿ ਔਟਿਜ਼ਮ ਦੇ ਖੇਤਰ ਵਿੱਚ ਸਭ ਤੋਂ ਵੱਡੀ ਸਮੱਸਿਆ ਮਾਪਿਆਂ ਦਾ ਆਪਣੇ ਬੱਚਿਆਂ ਵਿੱਚ ਇਸ ਵਿਕਾਰ ਨੂੰ ਸਵੀਕਾਰ ਕਰਨ ਵਿੱਚ ਅਸਮਰੱਥਾ ਹੈ। ਜੇਕਰ ਮਾਪੇ ਇੱਕ ਵਾਰ ਇਸ ਸਮੱਸਿਆ ਨੂੰ ਸਵੀਕਾਰ ਕਰ ਲੈਣ ਅਤੇ ਆਪਣੇ ਬੱਚੇ 'ਤੇ ਸਖ਼ਤ ਮਿਹਨਤ ਕਰਕੇ ਔਟਿਜ਼ਮ ਤੋਂ ਛੁਟਕਾਰਾ ਪਾਉਣ ਦਾ ਫੈਸਲਾ ਕਰ ਲੈਣ, ਤਾਂ ਮੰਜ਼ਿਲ ਆਸਾਨ ਹੋ ਜਾਵੇਗੀ। ਇਸ ਮੌਕੇ ਆਰ ਆਰ ਐਮ ਔਟਿਜ਼ਮ ਸੈਂਟਰ ਦੀ ਮੁਖੀ ਅਨੀਸ਼ਮਾ ਸ਼ਰਮਾ ਅਤੇ ਸੋਨਾਲੀਕਾ ਸੀ ਐਸ ਆਰ ਪ੍ਰੋਜੈਕਟਸ ਕੋਆਰਡੀਨੇਟਰ ਨੀਰਜ ਮਨੋਚਾ ਨੇ ਸ੍ਰੀਮਤੀ ਮਿੱਤਲ ਨੂੰ ਭਰੋਸਾ ਦਿਵਾਇਆ ਕਿ ਜਿਸ ਤਰ੍ਹਾਂ ਔਟਿਜ਼ਮ ਸੈਂਟਰ ਵਿੱਚ ਬੱਚਿਆਂ ਨੂੰ ਸਖ਼ਤ ਮਿਹਨਤ ਅਤੇ ਵਿਸ਼ਵਾਸ ਨਾਲ ਕੰਮ ਦਿੱਤਾ ਜਾ ਰਿਹਾ ਹੈ, ਉਸੇ ਤਰ੍ਹਾਂ ਸਖ਼ਤ ਮਿਹਨਤ ਅਤੇ ਦ੍ਰਿੜ੍ਹ ਇਰਾਦੇ ਨਾਲ ਉਹ ਸਪੈਸ਼ਲ ਥੈਰੇਪਿਊਟਿਕ ਸਕੂਲ ਵਿੱਚ ਨਵੇਂ ਆਯਾਮ ਸਥਾਪਤ ਕਰਨਗੇ ।

# ਸਕੂਲਜ਼ ਆਫ਼ ਐਮੀਨੈਂਸ ਦੇ 9ਵੀਂ ਜਮਾਤ ਦੇ ਵਿਦਿਆਰਥੀਆਂ ਲਈ 3-ਰੋਜ਼ਾ ਓਰੀਐਂਟੇਸ਼ਨ ਪ੍ਰੋਗਰਾਮ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਵਿਅਕਤੀਗਤ ਵਿਕਾਸ ਅਤੇ ਉਨ੍ਹਾਂ ਨੂੰ ਸਕੂਲ ਆਫ਼ ਐਮੀਨੈਂਸ (ਐਸ.ਓ.ਈ.) ਈਕੋਸਿਸਟਮ ਨਾਲ ਜੋੜਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਨੇ ਅਕਾਦਮਿਕ ਸੈਸ਼ਨ 2025-26 ਲਈ ਸਕੂਲਜ਼ ਆਫ਼ ਐਮੀਨੈਂਸ ਵਿੱਚ 9ਵੀਂ ਜਮਾਤ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਵਾਸਤੇ ਆਪਣੀ ਕਿਸਮ ਦਾ ਪਹਿਲਾ ਤਿੰਨ-ਰੋਜ਼ਾ ਓਰੀਐਂਟੇਸ਼ਨ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ 26 ਤੋਂ 28 ਮਈ ਤੱਕ ਉਲੀਕਿਆ ਗਿਆ ਇਹ ਓਰੀਐਂਟੇਸ਼ਨ ਪ੍ਰੋਗਰਾਮ ਵਿਦਿਆਰਥੀਆਂ ਨੂੰ ਐਸ.ਓ.ਈ. ਈਕੋਸਿਸਟਮ ਨਾਲ ਏਕੀਕ੍ਰਿਤ ਹੋਣ ਵਿੱਚ ਮਦਦ ਕਰੇਗਾ ਅਤੇ ਅਗਲੇ ਦੋ ਸਾਲਾਂ ਵਿੱਚ ਉਨ੍ਹਾਂ ਦੇ ਵਿਅਕਤੀਗਤ ਵਿਕਾਸ ਲਈ ਇੱਕ ਮਜ਼ਬੂਤ ਆਧਾਰ ਤਿਆਰ ਕਰੇਗਾ। ਇਸ ਦੇ ਨਾਲ ਹੀ ਇਹ ਪ੍ਰੋਗਰਾਮ ਮੁਕਾਬਲੇ ਦੀਆਂ ਪ੍ਰੀਖਿਆਵਾਂ ਅਤੇ ਕਰੀਅਰ ਬਾਰੇ ਵਿਹਾਰਕ ਸੂਝ ਪ੍ਰਦਾਨ ਕਰੇਗਾ । ਇਸ ਪ੍ਰੋਗਰਾਮ ਦੀਆਂ ਮੁੱਖ ਵਿਸ਼ੇਸ਼ਤਾਵਾਂ ਨੂੰ ਉਜਾਗਰ ਕਰਦਿਆਂ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸਕੂਲਜ਼ ਆਫ ਐਮੀਨੈਂਸ ਵਿੱਚ ਵਿਦਿਆਰਥੀਆਂ ਲਈ ਕੈਬਨਿਟ ਮੰਤਰੀਆਂ, ਸੰਸਦ ਮੈਂਬਰਾਂ, ਵਿਧਾਇਕਾਂ, ਨੌਕਰਸ਼ਾਹਾਂ, ਜੱਜਾਂ, ਸੀਨੀਅਰ ਵਕੀਲਾਂ, ਡਾਕਟਰਾਂ, ਵਾਈਸ ਚਾਂਸਲਰਾਂ, ਕਾਲਜ ਪ੍ਰਿੰਸੀਪਲਾਂ, ਪ੍ਰੋਫੈਸਰਾਂ ਅਤੇ ਉਦਯੋਗ ਮੁਖੀਆਂ ਸਮੇਤ ਸੂਝਵਾਨ ਮਾਹਰਾਂ ਨਾਲ ਵਿਚਾਰ-ਵਟਾਂਦਰਾ ਸੈਸ਼ਨ ਕਰਵਾਏ ਜਾਣਗੇ, ਜਿਸ ਨਾਲ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਤਜਰਬਿਆਂ ਤੋਂ ਸਿੱਖਣ ਅਤੇ ਵਿਹਾਰਕ ਗਿਆਨ ਪ੍ਰਾਪਤ ਕਰਨ ਦਾ ਇੱਕ ਵਿਲੱਖਣ ਮੌਕਾ ਮਿਲੇਗਾ।ਸਿੱਖਿਆ ਮੰਤਰੀ ਨੇ ਕਿਹਾ ਕਿ ਇਸ ਪ੍ਰੋਗਰਾਮ ਅਧੀਨ ਹੋਣਹਾਰ ਸਾਬਕਾ ਵਿਦਿਆਰਥੀਆਂ ਨੂੰ ਸਕੂਲਜ਼ ਆਫ ਐਮੀਨੈਂਸ ਵਿੱਚ ਬੁਲਾਇਆ ਜਾਵੇਗਾ ਤਾਂ ਜੋ ਵਿਦਿਆਰਥੀ ਉਨ੍ਹਾਂ ਦੀ ਸਫ਼ਲਤਾ ਤੋਂ ਪ੍ਰੇਰਨਾ ਲੈ ਸਕਣ। ਇਸ ਨਾਲ ਉਨ੍ਹਾਂ ਨੂੰ ਭਵਿੱਖੀ ਰਣਨੀਤੀ ਤਿਆਰ ਕਰਨ, ਸਮਾਂ ਪ੍ਰਬੰਧਨ ਅਤੇ ਟੀਚਾ ਨਿਰਧਾਰਨ ਬਾਰੇ ਕੀਮਤੀ ਮਾਰਗਦਰਸ਼ਨ ਮਿਲੇਗਾ। ਇਸ ਤੋਂ ਇਲਾਵਾ ਵਿਦਿਆਰਥੀ ਰੀਡਿੰਗ ਸੈਸ਼ਨਾਂ, ਵਿਚਾਰ-ਵਟਾਂਦਰੇ ਅਤੇ ਅੰਗਰੇਜ਼ੀ ਅਖ਼ਬਾਰ ਪੜ੍ਹਨਾ ਅਤੇ ਅੱਜ ਦੀ ਮੁੱਖ ਸੁਰਖੀ ਵਰਗੀਆਂ ਰੌਚਕ ਗਤੀਵਿਧੀਆਂ ਕਰਵਾਈਆਂ ਜਾਣਗੀਆਂ, ਜਿਸ ਨਾਲ ਉਹਨਾਂ ਦੀ ਪੜ੍ਹਨ ਵਿੱਚ ਰੁਚੀ ਅਤੇ ਬੌਧਿਕ ਉਤਸੁਕਤਾ ਨੂੰ ਹੋਰ ਵਧਾਇਆ ਜਾ ਸਕੇਗਾ।ਵਿਦਿਆਰਥੀਆਂ ਦੇ ਕਮਿਊਨੀਕੇਸ਼ਨ ਹੁਨਰ ਨੂੰ ਹੋਰ ਨਿਖਾਰਨ ਲਈ ਇਸ ਪ੍ਰੋਗਰਾਮ ਵਿੱਚ ਡ੍ਰੀਮ ਕਰੀਅਰ, ਕਰੰਟ ਅਫੇਅਰਜ਼ ਅਤੇ ਮਾਈ ਵਿਜ਼ਨ ਫ਼ਾਰ ਪੰਜਾਬ ਵਰਗੇ ਵਿਸ਼ਿਆਂ 'ਤੇ ਭਾਸ਼ਣ ਅਤੇ ਵਿਚਾਰ-ਵਟਾਂਦਰਾ ਮੁਕਾਬਲੇ ਸ਼ਾਮਲ ਹੋਣਗੇ, ਜਿਹਨਾਂ ਦਾ ਉਦੇਸ਼ ਵਿਦਿਆਰਥੀਆਂ ਦੇ ਬੋਲਣ ਅਤੇ ਸਵੈ-ਪ੍ਰਗਟਾਵੇ ਦੇ ਹੁਨਰ ਨੂੰ ਵਧਾਉਣਾ ਹੈ। ਉਨ੍ਹਾਂ ਅੱਗੇ ਕਿਹਾ ਕਿ ਰੋਜ਼ਾਨਾ ਸਕੂਲਾਂ ਵਿੱਚ ਸਵੇਰ ਦੀ ਸਭਾ ਵਿੱਚ ਅਹਿਮ ਗਤੀਵਿਧੀਆਂ ਕਰਵਾਈਆਂ ਜਾਣਗੀਆਂ ਜੋ ਆਤਮ-ਵਿਸ਼ਵਾਸ ਅਤੇ ਅਨੁਸ਼ਾਸਨ ਵਰਗੇ ਵਿਸ਼ਿਆਂ 'ਤੇ ਕੇਂਦ੍ਰਿਤ ਹੋਣਗੀਆਂ, ਜਿਸ ਵਿੱਚ ਪ੍ਰੇਰਨਾਦਾਇਕ ਹਵਾਲੇ ਅਤੇ ਵਿਚਾਰ-ਵਟਾਂਦਰਾ ਸਬੰਧੀ ਸੰਵਾਦ ਸ਼ਾਮਲ ਹੋਵੇਗਾ।ਇਸ ਪਹਿਲਕਦਮੀ ਦੇ ਹਿੱਸੇ ਵਜੋਂ ਵਿਦਿਆਰਥੀ ਮੇਕ ਯੂਅਰ ਸਮਰ ਕਾਊਂਟ ਸੈਸ਼ਨ ਵਿੱਚ ਹਿੱਸਾ ਲੈਣਗੇ, ਜਿਸ ਤਹਿਤ ਉਹ ਗਰਮੀਆਂ ਦੀਆਂ ਛੁੱਟੀਆਂ ਦੇ ਟੀਚੇ ਨਿਰਧਾਰਤ ਕਰਨਗੇ, ਅਧਿਐਨ ਦੇ ਘੰਟਿਆਂ ਨੂੰ ਟਰੈਕ ਕਰਨਗੇ ਅਤੇ ਸਮਰ ਐਕਟੀਵਿਟੀ ਚੈਲੰਜ ਚਾਰਟ ਦੀ ਪੜਚੋਲ ਕਰਨਗੇ। ਅਧਿਆਪਕਾਂ ਦੇ ਮਾਰਗਦਰਸ਼ਨ ਨਾਲ ਵਿਦਿਆਰਥੀ ਆਪਣੀਆਂ ਗਰਮੀਆਂ ਦੀਆਂ ਛੁੱਟੀਆਂ ਸਬੰਧੀ ਯੋਜਨਾਵਾਂ ਤਿਆਰ ਕਰਨਗੇ, ਜਿਸ ਨਾਲ ਉਹਨਾਂ ਵਿੱਚ ਟੀਚਾ ਅਤੇ ਦਿਸ਼ਾ ਤੈਅ ਕਰਨ ਦੀ ਭਾਵਨਾ ਪੈਦਾ ਹੋਵੇਗੀ। ਬੈਂਸ ਨੇ ਕਿਹਾ ਕਿ ਇਹ ਪ੍ਰੋਗਰਾਮ ਸਕੂਲ ਆਫ਼ ਐਮੀਨੈਂਸ ਦੀ ਸੰਪੂਰਨ ਸਿੱਖਿਆ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ, ਜਿਸ ਦਾ ਉਦੇਸ਼ ਅਕਾਦਮਿਕ ਉੱਤਮਤਾ ਅਤੇ ਨਿੱਜੀ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ। ਉਹਨਾਂ ਕਿਹਾ ਕਿ ਸਬੰਧਤ ਸਕੂਲ ਆਫ ਐਮੀਨੈਂਸ ਦੇ ਪ੍ਰਿੰਸੀਪਲ ਇਸ ਪ੍ਰੋਗਰਾਮ ਦੀ ਪ੍ਰਗਤੀ ਦੀ ਨਿਗਰਾਨੀ ਕਰਨਗੇ ਅਤੇ ਉਨ੍ਹਾਂ ਨੂੰ ਇੱਕ ਗੂਗਲ ਫਾਰਮ ਲਿੰਕ ਆਨਲਾਈਨ ਭੇਜਿਆ ਗਿਆ ਹੈ। ਉਹ ਸਕੂਲ ਸਿੱਖਿਆ ਵਿਭਾਗ ਨੂੰ ਇਸ ਪ੍ਰੋਗਰਾਮ ਬਾਰੇ ਅਪਡੇਟਸ, ਫੋਟੋਆਂ ਅਤੇ ਕਰਵਾਏ ਜਾਣ ਵਾਲੇ ਸੈਸ਼ਨਾਂ ਦੇ ਵੇਰਵੇ ਸਾਂਝੇ ਕਰਨਗੇ ਤਾਂ ਜੋ ਸੀਨੀਅਰ ਅਧਿਕਾਰੀ ਇਸ ਪ੍ਰੋਗਰਾਮ ਦੀ ਓਵਰਆਲ ਨਿਗਰਾਨੀ ਕਰ ਸਕਣ।

# ਇਨੋਸੈਂਟ ਹਾਰਟਸ ਵੱਲੋਂ 'ਤਕਨਾਲੋਜੀ ਇਨ ਐਜੂਕੇਸ਼ਨ' ਵਿਸ਼ੇ 'ਤੇ ਸਿੱਖਿਆ ਸੰਮੇਲਨ

**ਜਲੰਧਰ (ਸ਼ੈਲੀ ਐਲਬਰਟ)**- ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਦੁਆਰਾ ਚਲਾਈ ਅਤੇ ਪ੍ਰਬੰਧਿਤ ਦਿਸ਼ਾ ਐਨ ਇਨੀਸ਼ੀਏਟਿਵ: ਇੰਨੋਸੈਂਟ ਹਾਰਟਸ ਦੁਆਰਾ ਆਯੋਜਿਤ ਤਕਨਾਲੋਜੀ ਇਨ ਐਜੂਕੇਸ਼ਨ ਵਿਸ਼ੇ 'ਤੇ ਸਿੱਖਿਆ ਸੰਮੇਲਨ ਲੋਹਾਰਾਂ ਕੈਂਪਸ ਵਿਖੇ ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਲੋਂ ਆਯੋਜਿਤ ਸ਼ਾਨਦਾਰ ਸਿੱਖਿਆ ਸੰਮੇਲਨ, ਜਿਸ ਵਿੱਚ ਸਿੱਖਿਆ ਖੇਤਰ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਉੱਭਰ ਰਹੀਆਂ ਤਕਨਾਲੋਜੀਆਂ ਦੇ ਏਕੀਕਰਨ 'ਤੇ ਵਿਚਾਰ-ਵਟਾਂਦਰਾ ਕਰਨ ਲਈ ਖੇਤਰ ਭਰ ਦੇ ਸਿੱਖਿਅਕਾਂ, ਵਿਚਾਰਵਾਨਾਂ ਅਤੇ ਪੇਸ਼ੇਵਰਾਂ ਨੂੰ ਸ਼ਾਮਲ ਕੀਤਾ ਗਿਆ। ਡਾ. ਪਲਕ ਗੁਪਤਾ, ਡਾਇਰੈਕਟਰ ਸੀ ਐਸ ਆਰ ਇੰਨੋਸੈਂਟ ਹਾਰਟਸ ਗਰੁੱਪ ਨੇ ਨਿੱਘਾ ਸਵਾਗਤ ਕੀਤਾ ਅਤੇ ਇੰਨੋਸੈਂਟ ਹਾਰਟਸ ਦੇ ਸੰਸਥਾਪਕ ਸਵਰਗੀ ਕਮਲੇਸ਼ ਬੌਰੀ ਦੇ ਦ੍ਰਿਸ਼ਟੀਕੋਣ ਨੂੰ ਸਾਂਝਾ ਕੀਤਾ। ਉਨ੍ਹਾਂ 1984 ਤੋਂ ਹੁਣ ਤੱਕ ਦੀ ਪ੍ਰੇਰਨਾਦਾਇਕ ਯਾਤਰਾ ਸਾਂਝੀ ਕੀਤੀ। ਉਨ੍ਹਾਂ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਸੰਸਥਾ ਨੈਤਿਕ ਕਦਰਾਂ-ਕੀਮਤਾਂ ਅਤੇ ਸੰਪੂਰਨ ਵਿਕਾਸ ਵਿੱਚ ਜੜ੍ਹਾਂ ਵਾਲੀ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਦੇ ਦ੍ਰਿਸ਼ਟੀਕੋਣ ਨਾਲ ਸਥਾਪਿਤ ਕੀਤੀ ਗਈ ਸੀ।ਇਸ ਸਮਾਗਮ ਦੇ ਮੁੱਖ ਮਹਿਮਾਨ ਰਾਜੇਸ਼ ਕੁਮਾਰ ਰੀਜਨਲ ਆਫੀਸਰ ਚੰਡੀਗੜ੍ਹ ਸਨ। ਮੁੱਖ ਮਹਿਮਾਨ ਅਤੇ ਹੋਰ ਪਤਵੰਤਿਆਂ ਦੁਆਰਾ ਦੀਪ ਜਗਾਉਣ ਦੀ ਰਸਮ ਕੀਤੀ ਗਈ, ਜਿਸ ਤੋਂ ਬਾਅਦ 'ਤਕਨੀਕੀ ਯੁੱਗ' ਦੇ ਥੀਮ ਵਾਲਾ ਇੱਕ ਜੀਵੰਤ ਸੱਭਿਆਚਾਰਕ ਸ਼ੋਅ ਪੇਸ਼ ਕੀਤਾ ਗਿਆ। ਮੁੱਖ ਮਹਿਮਾਨ ਨੇ ਸਿੱਖਿਅਕਾਂ ਨੂੰ ਡਿਜੀਟਲ ਦੁਨੀਆ ਦੇ ਗੁਲਾਮ ਨਾ ਬਣਨ ਦੀ ਬੇਨਤੀ ਕੀਤੀ ਪਰ ਸਿੱਖਿਆ ਦੀ ਗੁਣਵੱਤਾ ਨੂੰ ਵਧਾਉਣ ਲਈ ਇਸ ਦੀ ਨੈਤਿਕਤਾ ਨਾਲ ਵਰਤੋਂ ਕਰਨ ਦੀ ਬੇਨਤੀ ਕੀਤੀ।ਮੁੱਖ ਭਾਸ਼ਣ ਤੋਂ ਬਾਅਦ ਸ਼ਕਤੀਸ਼ਾਲੀ ਤਕਨੀਕੀ ਸੈਸ਼ਨਾਂ ਦੀ ਇੱਕ ਲੜੀ ਹੋਈ। ਡਾ. ਦੀਪਾ ਡੋਗਰਾ (ਡਾਇਰੈਕਟਰ ਪ੍ਰਿੰਸੀਪਲ, ਕੈਂਬਰਿਜ ਸਕੂਲਜ਼ ਜਲੰਧਰ) ਨੇ 'ਨਵੀਨਤਾ ਅਤੇ ਰਚਨਾਤਮਕਤਾ ਲਈ ਏ ਆਈ' 'ਤੇ ਜ਼ੋਰ ਦਿੱਤਾ। ਡਾ. ਹਰਮੀਤ ਕੌਰ ਵੜੈਚ (ਪ੍ਰਿੰਸੀਪਲ, ਨਨਕਾਣਾ ਪਬਲਿਕ ਸਕੂਲ, ਲੁਧਿਆਣਾ) ਨੇ 'ਅਧਿਆਪਕ ਸਿਖਲਾਈ ਅਤੇ ਪੇਸ਼ੇਵਰ ਵਿਕਾਸ ਵਿੱਚ ਏ ਆਈ' ਦੀ ਪੜਚੋਲ ਕੀਤੀ। ਡਾ. ਆਭਾ ਅਰੋੜਾ (ਲੇਖਕ, ਅਰਲੀ ਚਾਈਲਡਹੁੱਡ ਐਜੂਕੇਟਰ, ਨੋਇਡਾ) ਨੇ ਅਰਲੀ ਚਾਈਲਡਹੁੱਡ ਐਜੂਕੇਟਰ, ਨੋਇਡਾ ਨੇ ਅਰਲੀ ਚਾਈਲਡਹੁੱਡ ਐਜੂਕੇਟਰ, ਏ ਆਈ 'ਤੇ ਚਾਨਣਾ ਪਾਇਆ।ਕਾਰਤਿਕ ਗੋਇਲ (ਕੋਡਿੰਗ ਐਜੂਕੇਟਰ, ਦਿੱਲੀ) ਨੇ ਐਸ ਟੀ ਈ ਐਮ ਸਿੱਖਿਆ ਵਿੱਚ ਏ ਆਈ ਬਾਰੇ ਜਾਣਕਾਰੀ ਸਾਂਝੀ ਕੀਤੀ। ਸ੍ਰੀਮਤੀ ਪਰਮਜੀਤ ਕੌਰ ਢਿੱਲੋਂ (ਕਮਲਾ ਨਹਿਰੂ ਪਬਲਿਕ ਸਕੂਲ, ਫਗਵਾੜਾ) ਨੇ 'ਟੈਕਨਾਲੋਜੀ ਫਾਰ ਏ ਸਸਟੇਨੇਬਲ ਫਿਊਚਰ' ਵਿੱਚ ਪੇਸ਼ ਕੀਤਾ। ਅਕਸ਼ੈ ਆਹੂਜਾ (ਕੰਸਲਟੈਂਟ, ਦਿੱਲੀ) ਨੇ ਏ ਆਈ ਅਤੇ ਰੁਜ਼ਗਾਰਯੋਗਤਾ 'ਤੇ ਚਰਚਾ ਕੀਤੀ। ਅਜੈ ਜੈਨ (ਸੀ ਈ ਓ ਗੁਰੂਗ੍ਰਾਮ) ਨੇ ਸਿੱਖਿਆ ਵਿੱਚ ਵੀਆਰ, ਏਆਰ ਅਤੇ ਏ ਆਈ 'ਤੇ ਇੱਕ ਸੈਸ਼ਨ ਨਾਲ ਸਮਾਪਤ ਕੀਤਾ। ਪੈਨਲ ਚਰਚਾ ਸਿੱਖਿਆ ਵਿੱਚ ਏ ਆਈ ਦੇ ਵਿਰੋਧ ਨੂੰ ਦੂਰ ਕਰਨਾ 'ਤੇ ਸੀ। ਸੰਚਾਲਕ ਡਾ. ਵਿਨੋਦਿਤਾ ਸਾਂਖਯਾਨ (ਪ੍ਰਿੰਸੀਪਲ, ਸ਼੍ਰੀਰਾਮ ਆਸ਼ਰਮ ਪਬਲਿਕ ਸਕੂਲ, ਅੰਮ੍ਰਿਤਸਰ) ਸਨ।ਇੰਨੋਸੈਂਟ ਹਾਰਟਸ ਦੇ ਚੇਅਰਮੈਨ ਡਾ. ਅਨੂਪ ਬੌਰੀ ਅਤੇ ਮੈਡੀਕਲ ਸੇਵਾਵਾਂ ਦੇ ਸਕੱਤਰ ਡਾ. ਚੰਦਰ ਬੌਰੀ ਅਤੇ ਸੀ ਐਸ ਆਰ ਦੇ ਡਾਇਰੈਕਟਰ ਡਾ. ਪਲਕ ਗੁਪਤਾ ਬੌਰੀ ਨੇ ਮੁੱਖ ਮਹਿਮਾਨ ਰਾਜੇਸ਼ ਕੁਮਾਰ ਗੁਪਤਾ (ਆਰ ਓ, ਸੀ ਬੀ ਐਸ ਈ, ਚੰਡੀਗੜ੍ਹ) ਨੂੰ ਸਨਮਾਨ ਚਿੰਨ੍ਹ ਭੇਟ ਕੀਤਾ।



# ਡੀ ਐੱਮ ਐੱਫ਼ ਨੇ ਸੈਂਕੜੇ ਮਜ਼ਦੂਰਾਂ ਦੀਆਂ ਗ੍ਰਿਫ਼ਤਾਰੀਆਂ ਦੇ ਰੋਸ ਵਜੋਂ ਫ਼ੂਕਿਆ ਪੰਜਾਬ ਸਰਕਾਰ ਦਾ ਪੁਤਲਾ

## ● ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਗ੍ਰਿਫ਼ਤਾਰ ਕਾਰਕੁਨਾਂ ਨੂੰ ਫੌਰੀ ਰਿਹਾਅ ਕੀਤਾ ਜਾਵੇ : ਡੀ ਐੱਮ ਐੱਫ਼



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ (ਡੀ.ਐੱਮ.ਐੱਫ਼.) ਦੇ ਆਗੂ ਜਸਵਿੰਦਰ ਝਿੰਗੜ, ਬਲਕਾਰ ਸਿੰਘ ਪੁਰੀਕਾ ਅਤੇ ਨਿਰਮਲ ਸਿੰਘ ਨਿਹਾਲਪੁਰ ਆਦਿ ਆਗੂਆਂ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸੰਗਰੂਰ ਸ਼ਹਿਰ ਦੇ ਨੇੜੇ ਜੀਂਦ ਰਿਆਸਤ ਦੀ 927 ਏਕੜ ਜ਼ਮੀਨ ਉੱਤੇ ਬੇਗਮਪੁਰਾ ਵਸਾਉਣ ਲਈ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਪੁੱਜ ਰਹੇ ਸੰਘਰਸ਼ਸ਼ੀਲ ਬੇਜ਼ਮੀਨੇ ਮਜ਼ਦੂਰਾਂ ਵੱਲੋਂ ਕੀਤੇ ਜਾਣ ਵਾਲੇ ਜਮਹੂਰੀ ਪ੍ਰਦਰਸ਼ਨ ਨੂੰ ਛੇ ਜ਼ਿਲ੍ਹਿਆਂ ਦੀ ਪੁਲਸ ਦੇ ਜ਼ੋਰ ਰੋਕਣ, ਸੈਂਕੜਿਆਂ ਦੀ ਗਿਣਤੀ ਵਿੱਚ ਕਾਰਕੁਨਾਂ ਅਤੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਕਰਕੇ ਜੇਲ੍ਹ ਭੇਜਣ ਦੇ ਰੋਸ ਵਜੋਂ ਪੰਜਾਬ ਸਰਕਾਰ ਦਾ ਪੁਤਲਾ ਫ਼ੂਕਿਆ ਅਤੇ ਸਾਰੇ ਗ੍ਰਿਫ਼ਤਾਰ ਮਜ਼ਦੂਰਾਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਕੀਤੀ ਹੈ। ਇਸ ਮੌਕੇ ਸੰਬੋਧਨ ਕਰਦਿਆਂ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਜ਼ਿਲ੍ਹਾ ਜਨਰਲ ਸਕੱਤਰ ਮਨਜੀਤ ਸਿੰਘ ਦਸੂਹਾ, ਡੀ.ਟੀ.ਐੱਫ਼. ਦੇ ਜ਼ਿਲ੍ਹਾ ਜਨਰਲ ਸਕੱਤਰ ਇੰਦਰ ਸੁਖਦੀਪ ਸਿੰਘ ਓਢਰਾ ਅਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਦੇ ਜ਼ਿਲ੍ਹਾ ਕਨਵੀਨਰ ਗੁਰਜਿੰਦਰ ਸਿੰਘ ਮੰਝਪੁਰ ਆਦਿ ਆਗੂਆਂ ਨੇ ਕਿਹਾ ਕਿ ਭਾਰਤ ਦੇ ਸੰਵਿਧਾਨ ਅਨੁਸਾਰ ਪੰਜਾਬ ਵਿੱਚ 17.5 ਏਕੜ (ਕਿੱਲੇ) ਤੋਂ ਵਧੇਰੇ ਮਲਕੀਅਤ ਵਾਲੀ ਜ਼ਮੀਨ ਨੂੰ ਲੈਂਡ ਸੀਲਿੰਗ ਐਕਟ ਅਧੀਨ ਜ਼ਮੀਨ ਵਿਹੂਣੇ ਲੋਕਾਂ ਵਿੱਚ ਵੰਡਿਆ ਜਾਣਾ ਬਣਦਾ ਹੈ। ਇਸ ਮੰਗ ਨੂੰ ਲੈ ਕੇ ਸਮਾਜ ਦੇ ਸਭ ਤੋਂ ਵੱਧ ਪੀੜਤ ਲੋਕਾਂ ਵਿੱਚ ਸ਼ਾਮਲ ਬੇਜ਼ਮੀਨੇ ਮਜ਼ਦੂਰ ਵਰਗ ਵੱਲੋਂ ਬੀੜ ਐਸਵਾਨ ਦੀ ਬੇਚਿਰਾਗ ਪਿੰਡ ਵਿਖੇ 927 ਏਕੜ ਜ਼ਮੀਨ ਜੋ ਕਿ ਕਦੇ ਜੀਂਦ ਦੇ ਰਾਜੇ ਦੀ ਰਿਆਸਤ ਦਾ ਹਿੱਸਾ ਸੀ, ਨੂੰ ਬੇਜ਼ਮੀਨਿਆਂ ਵਿੱਚ ਵੰਡਣ ਲਈ ਬੀਤੇ ਲੰਮੇ ਸਮੇਂ ਤੋਂ ਮੁਹਿੰਮ ਛੇੜੀ ਹੋਈ ਹੈ ਪਰ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਇਹ ਸਵੀਕਾਰ ਨਹੀਂ ਹੈ ਕਿ ਬੇਜ਼ਮੀਨੇ ਮਜ਼ਦੂਰ ਆਪਣੇ ਸੰਵਿਧਾਨਕ ਹੱਕ ਦੀ ਮੰਗ ਕਰਨ, ਇਸ ਲਈ ਪੰਜਾਬ ਸਰਕਾਰ ਇਨ੍ਹਾਂ ਲੋਕਾਂ ਦੇ ਇਸ ਜਮਹੂਰੀ ਸੰਘਰਸ਼ ਨੂੰ ਪੁਲਸ ਜਬਰ ਰਾਹੀ ਕੁਚਲਣ ਰਾਹ ਤੁਰੀ ਹੋਈ ਹੈ। ਇਸੇ ਤਹਿਤ ਹੀ ਲਗਭਗ 100 ਔਰਤਾਂ ਸਮੇਤ 300 ਤੋਂ ਵਧੇਰੇ ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕਰਕੇ ਮਾਲਵੇ ਦੇ ਵੱਖ-ਵੱਖ ਸ਼ਹਿਰਾਂ ਦੀਆਂ ਜੇਲ੍ਹਾਂ ਵਿੱਚ ਭੇਜਿਆ ਗਿਆ ਹੈ। ਆਗੂਆਂ ਕਿਹਾ ਕਿ ਪੰਜਾਬ ਸਰਕਾਰ ਬੁਰੀ ਤਰ੍ਹਾਂ ਬੌਖਲਾ ਗਈ ਹੈ ਅਤੇ 20 ਮਈ ਨੂੰ ਬੇਗਮਪੁਰਾ ਵਸਾਉਣ ਲਈ ਬੀੜ ਐਸਵਾਨ (ਸੰਗਰੂਰ) ਜਾ ਰਹੇ ਜਥਿਆਂ ਨੂੰ ਪੁਲਸ ਵੱਲੋਂ ਰੋਕਾਂ ਖੜ੍ਹੀਆਂ ਕਰਕੇ ਰੋਕਣ, ਧੱਕਾਮੁੱਕੀ ਕਰਨ, ਔਰਤਾਂ ਸਮੇਤ ਸੈਂਕੜਿਆਂ ਦੀ ਗਿਣਤੀ ਵਿੱਚ ਗ੍ਰਿਫ਼ਤਾਰੀਆਂ ਨੇ ਦੱਸ ਦਿੱਤਾ ਹੈ ਕਿ ਆਪ ਸਰਕਾਰ ਕਿਸਾਨਾਂ ਮਗਰੋਂ ਹੁਣ ਜ਼ਮੀਨੋਂ ਵਿਹੂਣੇ ਲੋਕਾਂ ਦੇ ਸੰਘਰਸ਼ ਨੂੰ ਵੀ ਜਬਰ ਦੇ ਜ਼ੋਰ ਕੁਚਲਣ ਦੇ ਰਾਹ ਪੈ ਗਈ ਹੈ।ਆਗੂਆਂ ਨੇ ਅੱਗੇ ਕਿਹਾ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਨੂੰ ਦਬਾਉਣਾ ਪੰਜਾਬ ਸਰਕਾਰ ਦੇ ਦਲਿਤ, ਮਜ਼ਦੂਰ ਵਿਰੋਧੀ ਚਿਹਰੇ ਨੂੰ ਬੇਪਰਦ ਕਰਦਾ ਹੈ, ਜਿਸਦਾ ਭੁਗਤਾਨ ਸਰਕਾਰ ਨੂੰ ਆਉਣ ਵਾਲੇ ਸਮੇਂ ਵਿੱਚ ਕਰਨਾ ਪਵੇਗਾ। ਇਸ ਮੌਕੇ ਵਰਿੰਦਰ ਸੈਣੀ, ਜੀਵਨ ਕੁਮਾਰ ਸੰਧੂ, ਰਾਕੇਸ਼ ਕੁਮਾਰ, ਵਿਸ਼ਾਲ ਮੰਗਲ, ਸੁੱਚਾ ਸਿੰਘ ਪੰਧੇਰ, ਦਲਜੀਤ ਸਿੰਘ ਮੰਡ, ਜਤਿੰਦਰ ਚੱਕ ਅੱਲ੍ਹਾ ਬਖ਼ਸ਼, ਰਾਜਨ ਕੁਮਾਰ, ਮਹਿੰਦਰਪਾਲ ਚਾਂਘ ਬਸੋਆ, ਵਰਿੰਦਰ ਅਸ਼ਰਫਪੁਰ, ਲਖਵਿੰਦਰ ਸਿੰਘ, ਮਨਪ੍ਰੀਤ ਸਿੰਘ, ਅਰੁਣੇਸ਼ ਘੋਸਲਾ, ਮਲਕੀਤ ਸਿੰਘ, ਸੁਰਿੰਦਰ ਕੁਮਾਰ ਅਤੇ ਸਰਵਣ ਸਿੰਘ ਆਦਿ ਹਾਜ਼ਰ ਸਨ।

# ਰੌੜੀ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ 'ਚ ਸਟੇਡੀਅਮ ਤੇ ਚਾਰਦੀਵਾਰੀ ਦੇ ਨਵੀਨੀਕਰਨ ਦਾ ਉਦਘਾਟਨ



**ਮਾਹਿਲਪੁਰ (ਸ਼ਫ਼ਰੀ)-** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਮਾਹਿਲਪੁਰ ਵਿਖੇ ਪ੍ਰਿੰਸੀਪਲ ਗੁਰਾਂ ਦਾਸ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਾਦਾ ਤੇ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਜਿਸ ਵਿਚ ਮੁੱਖ ਮਹਿਮਾਨ ਵਜੋਂ ਹਲਕਾ ਗੜ੍ਹਸ਼ੰਕਰ ਤੋਂ ਹਲਕਾ ਵਿਧਾਇਕ ਡਿਪਟੀ ਸਪੀਕਰ ਜੈ ਕਿਸ਼ਨ ਸਿੰਘ ਰੌੜੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਸਕੂਲ ਚਾਰਦੀਵਾਰੀ, ਬਾਥਰੂਮ ਅਤੇ ਸਟੇਡੀਅਮ ਦੀ ਸ਼ੈੱਡ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਚਰਨਜੀਤ ਚੰਨੀ ਓ ਐਸ ਡੀ ਡਿਪਟੀ ਸਪੀਕਰ ਪੰਜਾਬ, ਨਗਰ ਪੰਚਾਇਤ ਦੇ ਪ੍ਰਧਾਨ ਦਾਵਿੰਦਰ ਸਿੰਘ ਸੈਣੀ, ਉਪ ਪ੍ਰਧਾਨ ਸ਼ਸ਼ੀ ਬੰਗੜ, ਪ੍ਰਿੰਸੀਪਲ ਸਤਿੰਦਰਦੀਪ ਕੌਰ, ਢਿੱਲੋਂ, ਸੀ ਡੀ ਪੀ ਓ ਮਾਹਿਲਪੁਰ ਮੈਡਮ ਦਯਾ ਰਾਣੀ, ਰੇਨੂਕਾ ਬਾਲੀ, ਬਲਵੀਰ ਸਿੰਘ ਬਿੰਜੋ ਸਾਬਕਾ ਸੰਮਤੀ ਮੈਂਬਰ, ਬਲਵਿੰਦਰ ਸਿੰਘ ਡੁਬਾਈ, ਪੂਨਮ ਤਨੇਜਾ ਸਾਬਕਾ ਐਮ ਸੀ ਆਦਿ ਨਾਲ ਹਾਜ਼ਰ ਸਨ । ਸਭ ਤੋਂ ਪਹਿਲਾਂ ਪ੍ਰਿੰਸੀਪਲ ਗੁਰਾਂ ਦਾਸ ਮੁੱਖ ਮਹਿਮਾਨ ਨੂੰ ਜੀ ਆਇਆਂ ਕਿਹਾ ਅਤੇ ਧੰਨਵਾਦ ਕੀਤਾ। ਇਸ ਮੌਕੇ ਰੌੜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ 'ਚ ਯੁੱਗ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਵੇਚਣ ਵਾਲਿਆਂ ਦੀਆਂ ਜਾਇਦਾਦਾਂ ਨਾਲ ਅਟੈਚ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਬੰਦ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਹਲਕਾ ਗੜ੍ਹਸ਼ੰਕਰ ਵਿਚ ਨਸ਼ਾ ਵੇਚਣ ਵਾਲਿਆਂ 'ਤੇ ਵੀ ਸ਼ਿਕੰਜਾ ਕੱਸਿਆ ਜਾ ਰਿਹਾ ਹੈ ਜਲਦ ਹੀ ਮਾਹਿਲਪੁਰ 'ਚ ਨਸ਼ਾ ਵੇਚਣ ਵਾਲਿਆਂ ਦੇ ਘਰਾਂ 'ਤੇ ਪੀਲਾ ਪੰਜਾ ਚੱਲੇਗਾ। ਇਸ ਮੌਕੇ ਖੇਡਾਂ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਲਦੀ ਮਾਹਿਲਪੁਰ 'ਚ ਵਾਟਰ ਟਰੀਟਮੈਂਟ ਪਲਾਂਟ ਲਗਾਇਆ ਜਾ ਰਿਹਾ ਹੈ ਜੋ ਕਿ ਮਾਹਿਲਪੁਰ ਦੇ ਲੋਕਾਂ ਨੂੰ ਸਾਫ਼ ਤੇ ਸ਼ੁੱਧ ਪਾਣੀ ਪੀਣ ਲਈ ਮਿਲੇਗਾ।ਇਸ ਮੌਕੇ ਸਕੂਲ ਵਲੋਂ ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪੂਜਾ ਮਹਿਮੀ, ਜਸਪਾਲ ਕੌਰ, ਸਿਮਰਨ ਦੀਪ ਕੌਰ, ਧਰਮ ਸਿੰਘ ਫੌਜੀ ਸਮੇਤ ਸਾਰੇ ਐਮ ਸੀ ਅਤੇ ਵੱਡੀ ਗਿਣਤੀ ਵਿਚ ਸਕੂਲ ਦੇ ਬੱਚੇ ਹਾਜ਼ਰ ਸਨ ।

# ਸਾਲਾਨਾ ਸੁੰਦਰ ਦਸਤਾਰ ਸਿਖਲਾਈ ਕੈਂਪ 1 ਤੋਂ





**ਆਦਮਪੁਰ (ਪਰਮਜੀਤ ਸਿੰਘ)-** ਜਥੇਦਾਰ ਮਨੋਹਰ ਸਿੰਘ ਅਤੇ ਦਸਵੰਧ ਗਰੀਬਾਂ ਲਈ ਵੈਲਫੇਅਰ ਸੇਵਾ ਸੁਸਾਇਟੀ ਵੱਲੋਂ ਸਾਲਾਨਾ ਸੁੰਦਰ ਦਸਤਾਰ ਸਿਖਲਾਈ ਕੈਂਪ 1 ਜੂਨ ਤੋਂ 10 ਜੂਨ ਤੱਕ ਸਵੇਰੇ 8 ਵਜੇ ਤੱਕ ਗੁਰਦੁਆਰਾ ਸ਼ਹੀਦ ਬਾਬਾ ਮੱਤੀਂ ਸਾਹਿਬ ਜੀ ਪਿੰਡ ਡਰੋਲੀ ਕਲਾਂ ਦੇ ਅਟਾਰੀ ਹਾਲ ਵਿਖੇ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਨਜ਼ਦੀਕੀ ਪਿੰਡਾਂ ਦੇ ਲੋਕਾਂ, ਸ਼ਹਿਰ ਵਾਸੀਆਂ ਤੇ ਦਸਤਾਰਾਂ ਦੇ ਸਿਖਿਆਰਥੀਆਂ ਨੂੰ ਕੈਂਪ ਵਿੱਚ ਪਹੁੰਚਣ ਦੀ ਅਪੀਲ ਕੀਤੀ ਗਈ। ਇਸ ਮੌਕੇ ਮਹਾਰਾਜਾ ਜੱਸਾ ਸਿੰਘ ਜੀ ਰਾਮਗੜ੍ਹੀਆ ਗਤਕਾ ਅਖਾੜਾ ਅਤੇ ਕਿੰਗਜ਼ ਦਸਤਾਰ ਅਕੈਡਮੀ ਖੁਰਦਪੁਰ ਆਦਮਪੁਰ ਦੁਆਬਾ ਵੱਲੋਂ ਖਾਸ ਸ਼ਮੂਲੀਅਤ ਕੀਤੀ ਜਾਵੇਗੀ ।

# ਸ਼ਹੀਦੀ ਦਿਹਾੜੇ ਨੂੰ ਸਮਰਪਤ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ

**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਮਰਪਿਤ ਠੰਡੇ ਮਿੱਠੇ ਜਲ ਦੀ ਛਬੀਲ ਵਰਤਾਈ ਗਈ। ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਦੱਸਿਆ ਕਿ ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਲੈਕਚਰ, ਕਵਿਤਾਵਾਂ ਅਤੇ ਕਵੀਸ਼ਰੀ ਪੇਸ਼ ਕੀਤੀ।ਸਕੂਲ ਦੇ ਡਾਇਰੈਕਟਰ ਐਜੂਕੇਸ਼ਨ ਗੁਰਮਿੰਦਰ ਸਿੰਘ ਭੁੱਲਰ ਨੇ ਸਕੂਲ ਸਟਾਫ ਅਤੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਬਾਰੇ ਵਿਸਤਾਰ ਨਾਲ ਦੱਸਿਆ। ਸਕੂਲ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਬਲਬੀਰ ਕੌਰ ਭੁੱਲਰ, ਨਿਸ਼ਾ ਗਰਗ, ਸਤਿੰਦਰ ਕੌਰ, ਜਸਪ੍ਰੀਤ ਕੌਰ, ਕੰਵਲਜੀਤ ਕੌਰ, ਰਜਿੰਦਰ ਕੌਰ, ਸਪਨਾ ਰਾਣੀ, ਨਰਿੰਦਰ ਕੌਰ, ਆਂਸ਼ੂ, ਸੰਦੀਪ ਕੌਰ, ਮਮਤਾ ਦੇਵੀ, ਜਸਪ੍ਰੀਤ ਕੌਰ,ਦੀਪਾਂਜਲੀ ਸ਼ਰਮਾ, ਰਵੀਇੰਦਰ ਕੌਰ, ਬਲਦੀਪ ਕੌਰ, ਅਮਰਜੀਤ ਕੌਰ, ਰਣਜੋਧ ਸਿੰਘ, ਮਨਜੀਤ ਕੌਰ, ਕਰਮਜੀਤ ਕੌਰ, ਰਕੇਸ਼ ਬੇਦੀ ਆਦਿ ਹਾਜ਼ਰ ਸਨ।



# ਡਾ. ਰਾਜ ਕੁਮਾਰ ਚੱਬੇਵਾਲ ਦੀ ਨਸ਼ਾ ਮੁਕਤੀ ਯਾਤਰਾ ਨੂੰ ਪਿੰਡਾਂ 'ਚ ਮਿਲਿਆ ਵਿਆਪਕ ਸਮਰਥਨ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸੈਣੀ)** ਲੋਕ ਸਭਾ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਸਮਾਜ ਨੂੰ ਨਸ਼ੇ ਦੀ ਲਤ ਤੋਂ ਮੁਕਤ ਕਰਵਾਉਣ ਲਈ ਚਲ ਰਹੀ ਮੁਹਿੰਮ ਨੂੰ ਹੋਰ ਤੇਜ਼ ਕਰਦਿਆਂ ਪਿੰਡ ਬੜਿਆਲ, ਭਟਰਾਣਾ, ਹਰਖੋਵਾਲ, ਤਾਜੇਵਾਲ, ਬਿਛੋਹੀ, ਭੇੜੂਆ, ਅਜਨੋਹਾ, ਨਡਾਲੋਂ ਅਤੇ ਟੋਡਰਪੁਰ ਵਿੱਚ ਨਸ਼ਾ ਮੁਕਤੀ ਯਾਤਰਾ ਦੌਰਾਨ ਜਨ ਸਭਾਵਾਂ ਕੀਤੀਆਂ।ਉਨ੍ਹਾਂ ਨੌਜਵਾਨਾਂ ਅਤੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਪੰਜਾਬ ਦੇ ਭਵਿੱਖ ਲਈ ਇਕ ਵੱਡਾ ਖਤਰਾ ਬਣ ਚੁੱਕਾ ਹੈ ਅਤੇ ਇਸ ਨੂੰ ਜੜ੍ਹ ਤੋਂ ਖਤਮ ਕਰਨਾ ਬਹੁਤ ਜ਼ਰੂਰੀ ਹੈ। ਡਾ. ਰਾਜਕੁਮਾਰ ਨੇ ਕਿਹਾ ਕਿ ਨਸ਼ੇ ਦੇ ਸੌਦਾਗਰਾਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਾ ਤਸਕਰੀ ਵਿੱਚ ਫੜੇ ਗਏ ਕਿਸੇ ਵੀ ਵਿਅਕਤੀ ਦੀ ਜ਼ਮਾਨਤ ਨਾ ਕਰਾਈ ਜਾਵੇ, ਚਾਹੇ ਉਹ ਕਿਸੇ ਦਾ ਵੀ ਰਿਸ਼ਤੇਦਾਰ ਕਿਉਂ ਨਾ ਹੋਵੇ। ਪਿੰਡ ਵਾਸੀਆਂ ਨੇ ਆਪਣੇ-ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਦਾ ਸੰਕਲਪ ਲੈ ਕੇ ਡਾ. ਰਾਜ ਵੱਲੋਂ ਚਲਾਈ ਜਾ ਰਹੀ ਇਸ ਮੁਹਿੰਮ ਨੂੰ ਪੂਰਾ ਸਮਰਥਨ ਦੇਣ ਦਾ ਐਲਾਨ ਕੀਤਾ।ਡਾ. ਰਾਜ ਨੇ ਕਿਹਾ ਕਿ ਇਹ ਲੜਾਈ ਸਿਰਫ ਸਰਕਾਰ ਜਾਂ ਪੁਲਸ ਦੀ ਨਹੀਂ, ਸਗੋਂ ਪੂਰੇ ਸਮਾਜ ਦੀ ਹੈ। ਜੇ ਜਨਤਾ ਆਪੇ ਅੱਗੇ ਆਏ ਅਤੇ ਪੁਲਸ ਦਾ ਪੂਰਾ ਸਹਿਯੋਗ ਕਰੇ ਤਾਂ ਨਸ਼ੇ ਦੀ ਇਸ ਲਹਿਰ ਨੂੰ ਰੋਕਿਆ ਜਾ ਸਕਦਾ ਹੈ। ਇਸ ਨਸ਼ਾ ਮੁਕਤੀ ਯਾਤਰਾ ਵਿੱਚ ਕਈ ਪਿੰਡਾਂ ਦੇ ਸਰਪੰਚਾਂ, ਪੰਚਾਂ ਅਤੇ ਪਤਵੰਤੇ ਵਿਅਕਤੀਆਂ ਨੇ ਭਾਗ ਲਿਆ। ਇਨ੍ਹਾਂ ਵਿੱਚ ਸਰਪੰਚ ਗੁਰਵਿੰਦਰ, ਮਨਜੀਤ ਸਿੰਘ ਰਾਣਾ, ਭਟਰਾਣਾ ਦੀ ਸਰਪੰਚ ਬਲਵੀਰ ਕੌਰ, ਸਰਪੰਚ ਇੰਦਰਜੀਤ ਸਿੰਘ, ਸਰਪੰਚ ਰਾਜਿੰਦਰ ਸਿੰਘ, ਇੰਦੂ ਬਾਲਾ, ਪਵਨ ਕੁਮਾਰ, ਰਾਜਵਿੰਦਰ ਕੌਰ, ਅੱਛਰਜੀਤ ਸਿੰਘ, ਜਗਦੀਸ਼ ਸਿੰਘ, ਅਜੈਬ ਸਿੰਘ, ਧਰਮਪਾਲ ਸਿੰਘ, ਜਸਕਰਨ ਸਿੰਘ, ਅਸ਼ੋਕ ਰਾਣਾ, ਸੰਜੋਗਤਾ ਦੇਵੀ, ਮੇਜਰ ਸਿੰਘ ਸਰਪੰਚ, ਕਰਨੈਲ ਪੰਚ ਸਮੇਤ ਕਈ ਪੰਚਾਇਤ ਮੈਂਬਰ ਅਤੇ ਪਾਰਟੀ ਵਰਕਰ ਸ਼ਾਮਲ ਸਨ।

# ਨੈਸ਼ਨਲ ਲੋਕ ਅਦਾਲਤ 'ਚ 9272 ਕੇਸਾਂ ਦਾ ਨਿਪਟਾਰਾ




## ● 9.5 ਕਰੋੜ ਤੋਂ ਵੱਧ ਦੀ ਰਕਮ ਦੇ ਅਵਾਰਡ ਪਾਸ

**ਕਪੂਰਥਲਾ (ਪ੍ਰੀਤ ਸੰਗੋਜਲਾ)** ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ ਅਤੇ ਹਰਪਾਲ ਸਿੰਘ, ਜ਼ਿਲ੍ਹਾ ਅਤੇ ਸ਼ੈਸ਼ਨ ਜੱਜ–ਕਮ–ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਕਪੂਰਥਲਾ ਦੀ ਅਗਵਾਈ ਹੇਠ ਅੱਜ ਨੈਸ਼ਨਲ ਲੋਕ ਅਦਾਲਤ ਲਗਾਈ ਗਈ। ਜਿਸ ਤਹਿਤ ਜ਼ਿਲ੍ਹਾ ਕਚਿਹਰੀ ਕਪੂਰਥਲਾ ਵਿਖੇ 7, ਸਬ–ਡਵੀਜ਼ਨ ਫਗਵਾੜਾ ਵਿਖੇ 4, ਸਬ ਡਵੀਜ਼ਨ ਸੁਲਤਾਨਪੁਰ ਲੋਧੀ ਅਤੇ ਭੁੱਲਥ ਵਿਖੇ 1–1 ਬੈਂਚ ਅਤੇ ਰੈਵੀਨਿਊ ਦੇ 4 ਬੈਂਚ ਲਗਾਏ ਗਏ।ਨੈਸ਼ਨਲ ਲੋਕ ਅਦਾਲਤ ਵਿੱਚ ਜੂਡੀਸ਼ੀਅਲ ਅਤੇ ਰੈਵਨਿਊ ਅਦਾਲਤਾਂ ਵੱਲੋਂ ਲਗਭਗ 11428 ਕੇਸ ਸ਼ਾਮਲ ਕੀਤੇ ਗਏ, ਜਿਨ੍ਹਾਂ ਵਿੱਚੋਂ 9272 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਅਤੇ ਲਗਭਗ 9,54,86,169/– ਰੁਪਏ ਦੀ ਰਕਮ ਮੁਆਵਜ਼ੇ ਵੱਜੋਂ ਸੈਟਲ ਕੀਤੀ ਗਈ। ? ?ਨੈਸ਼ਨਲ ਲੋਕ ਅਦਾਲਤ ਵਿੱਚ ਕਰਿਮਨਲ ਕੰਪਾਉਂਡਏਬਲ, ਧਾਰਾ 138 ਐਨ.ਆਈ. ਐਕਟ, ਬੈਂਕ ਰਿਕਵਰੀ ਕੇਸ, ਐਮ.ਏ.ਸੀ.ਟੀ. ਕੇਸ, ਲੇਬਰ ਮੈਟਰਸ, ਬਿਜਲੀ ਅਤੇ ਪਾਣੀ ਦੇ ਬਿੱਲਾਂ ਸੰਬੰਧੀ ਮਾਮਲੇ, ਵਿਵਾਹਿਕ ਮਾਮਲੇ, ਲੈਂਡ ਐਕੂਜੀਸ਼ਨ ਕੇਸ, ਸਰਵਿਸ ਮੈਟਰਸ, ਰੈਵਨਿਊ ਕੇਸ ਅਤੇ ਹੋਰ ਸਿਵਲ ਮੈਟਰਸ, ਰੈਂਟ, ਇੰਜਕਸ਼ਨ ਸੂਟ, ਸਪੈਸਫਿਕ ਪ੍ਰਫੋਰਮੈਂਸ ਵਗੈਰਾ ਦੇ ਲੰਬਿਤ ਅਤੇ ਪ੍ਰੀ–ਲਿਟੀਗੇਟਿਵ ਕੇਸ ਸ਼ਾਮਿਲ ਕੀਤੇ ਗਏ। ? ?ਇਸ ਮੌਕੇ ਹਿਰਦੇਜੀਤ ਸਿੰਘ ਚੀਫ ਜੂਡੀਸ਼ੀਅਲ ਮੈਜਿਸਟਰੇਟ–ਕਮ–ਸਕੱਤਰ,ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਕਪੂਰਥਲਾ ਨੇ ਦੱਸਿਆ ਕਿ ਲੋਕ ਅਦਾਲਤ ਵਿੱਚ ਕੇਸ ਨਿਪਟਾਉਣ ਨਾਲ ਸਮਾਂ ਅਤੇ ਧਨ ਦੋਵਾਂ ਦੀ ਬੱਚਤ ਹੁੰਦੀ ਹੈ, ਇਸ ਦੇ ਫੈਸਲੇ ਦੇ ਖਿਲਾਫ ਅਪੀਲ ਕਿਸੇ ਵੀ ਉੱਚ ਅਦਾਲਤ ਵਿੱਚ ਨਹੀਂ ਲਗਾਈ ਜਾ ਸਕਦੀ ਅਤੇ ਲੋਕ ਅਦਾਲਤ ਰਾਹੀਂ ਨਿਪਟਾਏ ਗਏ ਕੇਸਾਂ ਵਿੱਚ ਦੋਨਾਂ ਧਿਰਾਂ ਦੀ ਜਿੱਤ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਨੈਸ਼ਨਲ ਲੋਕ ਅਦਾਲਤ ਦੌਰਾਨ ਨਿਪਟਾਏ ਜਾਂਦੇ ਦੀਵਾਨੀ ਕੇਸਾਂ ਵਿੱਚ ਲੱਗੀ ਕੋਰਟ ਫੀਸ ਵੀ ਸੰਬੰਧਿਤ ਧਿਰ ਨੂੰ ਵਾਪਸ ਕੀਤੀ ਜਾਂਦੀ ਹੈ,ਜਿਸ ਨਾਲ ਧਿਰਾਂ ਨੂੰ ਵਿੱਤੀ ਲਾਭ ਵੀ ਹੁੰਦਾ ਹੈ। ?ਨੈਸ਼ਨਲ ਲੋਕ ਅਦਾਲਤ ਮੌਕੇ ਹਾਜ਼ਰ ਲੋਕਾਂ ਵਿੱਚ ਆਪਣੇ ਕੇਸਾਂ ਦੇ ਨਿਪਟਾਰੇ ਕਰਵਾਉਣ ਦਾ ਬੜਾ ਉਤਸ਼ਾਹ ਸੀ। ? ?ਕਪੂਰਥਲਾ ਵਿਖੇ ਜੁਡੀਸ਼ੀਅਲ ਬੈਂਚਾਂ ਦੀ ਪ੍ਰਧਾਨਗੀ ਸੰਜੀਵ ਜੋਸ਼ੀ, ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ, ਕਪੂਰਥਲਾ, ਸ਼੍ਰੀਮਤੀ ਰਾਣਾ ਕੰਵਰਦੀਪ ਕੌਰ ਚਾਹਲ ਪ੍ਰਿੰਸੀਪਲ ਜੱਜ, ਫੈਮਿਲੀ ਕੋਰਟ, ਕਪੂਰਥਲਾ, ਗੁਰਮੀਤ ਟਿਵਾਣਾ , ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ, ਕਪੂਰਥਲਾ, ਸ੍ਰੀਮਤੀ ਸੁਮਨ ਪਾਠਕ ਸਿਵਲ ਜੱਜ (ਸੀਨੀਅਰ ਡਵੀਜਨ), ਕਪੂਰਥਲਾ, ਸ਼੍ਰੀਮਤੀ ਨਵਜੀਤ ਪਾਲ ਕੌਰ, ਐਡੀਸ਼ਨਲ ਸਿਵਲ ਜੱਜ (ਸੀਨੀਅਰ ਡਵੀਜਨ), ਕਪੂਰਥਲਾ, ਕਰਨਵੀਰ ਸਿੰਘ ਬਤਰਾ, ਸਿਵਲ ਜੱਜ (ਜੂ.ਡੀ.), ਕਪੂਰਥਲਾ, ਅਤੇ ਮੁਕੇਸ਼ ਬਾਂਸਲ, ਚੇਅਰਮੈਨ ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ), ਕਪੂਰਥਲਾ ਵੱਲੋਂ ਕੀਤੀ ਗਈ। ? ?ਨੈਸ਼ਨਲ ਲੋਕ ਅਦਾਲਤ ਦੇ ਬੈਂਚਾਂ ਵਿੱਚ ਬਤੌਰ ਮੈਂਬਰਾਨ ਐਡਵੋਕੇਟ ਐਸ.ਐਸ .ਮੱਲੀ, ਐਡਵੋਕੇਟ ਜਸਵਿੰਦਰ ਸਿੰਘ ਸਿੱਧੂ, ਐਡਵੋਕੇਟ ਓਮ ਪ੍ਰੀਤ ਸਿੰਘ, ਪ੍ਰਦੀਪ ਸਿੰਘ ਘੁੰਮਣ, ਗੁਰਮੀਤ ਸਿੰਘ, ਆਰ.ਐਸ.ਰਾਵਤ, ਕੇ.ਕੇ.ਪੰਨੂ, ਕਰਨਵੀਰ ਸਿੰਘ ਵਸ਼ਿਸ਼ਟ, ਰਾਜੇਸ਼ ਸ਼ਰਮਾ, ਸ੍ਰੀਮਤੀ ਰਮਨ ਕੁਮਾਰੀ ਐਡਵੋਕੇਟਸ ਪਰਮਜੀਤ ਸਿੰਘ ਸਹੋਤਾ, ਡਾ: ਉਪਾਸਨਾ ਵਰਮਾ ਅਤੇ ਅਨਿਲ ਕੁਮਾਰ ਸ਼ੋਸ਼ਲ ਵਰਕਰ ਵਲੋਂ ਭਾਗ ਲਿਆ ਗਿਆ।

# ਕਮਿਸ਼ਨਰੇਟ ਪੁਲਸ ਨੇ ਵੱਡੇ ਡਰੱਗ ਰੈਕੇਟ ਦਾ ਕੀਤਾ ਪਰਦਾ ਫਾਸ਼, ਦੋ ਗ੍ਰਿਫ਼ਤਾਰ



**ਜਲੰਧਰ (ਰਾਜੇਸ਼ ਥਾਪਾ, ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਭੀ)-** ਕਮਿਸ਼ਨਰੇਟ ਪੁਲਸ ਜਲੰਧਰ ਨੇ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ ਇੱਕ ਵੱਡੇ ਡਰੱਗ ਤਸਕਰੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਦੋ ਦੋਸ਼ੀਆਂ ਨੂੰ 13 ਕਿਲੋਗ੍ਰਾਮ ਹੈਰੋਇਨ, 2 ਗੈਰ-ਕਾਨੂੰਨੀ .32 ਬੋਰ ਹਥਿਆਰ, 6 ਜ਼ਿੰਦਾ ਕਾਰਤੂਸ, 3 ਮੈਗਜ਼ੀਨ, 3 ਲਗਜ਼ਰੀ ਕਾਰਾਂ ਅਤੇ 22,000 ਰੁਪਏ ਡਰੱਗ ਮਨੀ ਦੀ ਕੁੱਲ ਬਰਾਮਦਗੀ ਨਾਲ ਗ੍ਰਿਫ਼ਤਾਰ ਕੀਤਾ ਗਿਆ ਹੈ।ਇਸ ਕਾਰਵਾਈ ਦਾ ਵੇਰਵਾ ਦਿੰਦੇ ਹੋਏ, ਸੀ ਪੀ ਜਲੰਧਰ ਨੇ ਕਿਹਾ ਕਿ 21 ਮਈ ਨੂੰ ਇੱਕ ਪ੍ਰੈਸ ਬ੍ਰੀਫਿੰਗ ਦੌਰਾਨ ਉਨ੍ਹਾਂ ਨੇ ਦੱਸਿਆ ਸੀ ਕਿ ਸੀ ਆਈ ਏ ਦੀ ਇੱਕ ਟੀਮ ਨੇ 20 ਮਈ ਨੂੰ ਪੁਲ ਫੋਕਲ ਪੁਆਇੰਟ, ਜਲੰਧਰ ਦੇ ਨੇੜੇ ਤੋਂ ਇੱਕ ਦੋਸ਼ੀ ਨੂੰ ਗ੍ਰਿਫ਼ਤਾਰ ਕੀਤਾ ਸੀ। ਦੋਸ਼ੀ ਦੀ ਪਛਾਣ ਸ਼ਿਵਮ ਸੋਢੀ ਉਰਫ਼ ਸ਼ਿਵਾ ਪੁੱਤਰ ਵਰਿੰਦਰ ਸੋਢੀ, ਵਾਸੀ ਨੇੜੇ ਲੰਮਾ ਪਿੰਡ ਚੌਕ ਸਿਮਰਨ ਐਨਕਲੇਵ ਵਜੋਂ ਹੋਈ ਹੈ, ਤੋਂ 5 ਕਿਲੋ ਹੈਰੋਇਨ ਅਤੇ 22,000 ਰੁਪਏ ਨਕਦ ਬਰਾਮਦ ਕੀਤੇ ਗਏ ਸੀ। ਕਾਰਵਾਈ ਕਰਦੇ ਹੋਏ ਮੁਕੱਦਮਾ ਪੁਲਸ ਸਟੇਸ਼ਨ ਡਵੀਜ਼ਨ ਨੰਬਰ 8 ਜਲੰਧਰ ਵਿਖੇ ਦਰਜ ਕੀਤਾ ਗਿਆ ਸੀ।ਪੁਲਸ ਰਿਮਾਂਡ ਦੌਰਾਨ ਲਗਾਤਾਰ ਪੁੱਛਗਿੱਛ ਤੋਂ ਬਾਅਦ, ਸ਼ਿਵਮ ਤੋਂ 7 ਕਿਲੋ ਹੈਰੋਇਨ ਅਤੇ ਦੋ ਵਾਹਨ ਹੋਰ ਬਰਾਮਦ ਕੀਤੇ ਗਏ। ਉਸ ਨੇ ਇੱਕ ਸਾਥੀ ਦੀ ਸ਼ਮੂਲੀਅਤ ਦਾ ਵੀ ਖੁਲਾਸਾ ਕੀਤਾ, ਜਿਸ ਨਾਲ ਬਰਿੰਦਰ ਸਿੰਘ ਉਰਫ਼ ਬੱਬੂ, ਪੁੱਤਰ ਦਵਿੰਦਰ ਸਿੰਘ ਵਾਸੀ ਅਮਰ ਨਗਰ, ਜਲੰਧਰ ਵਿਖੇ ਰਹਿੰਦਾ ਹੈ, ਨੂੰ ਗ੍ਰਿਫ਼ਤਾਰ ਕੀਤਾ ਗਿਆ। 22 ਮਈ ਨੂੰ ਬਰਿੰਦਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਪੁਲਸ ਨੇ ਉਸ ਦੇ ਕਬਜ਼ੇ ਵਿੱਚੋਂ 1 ਕਿਲੋ ਹੈਰੋਇਨ, 2 ਗੈਰ-ਕਾਨੂੰਨੀ .32 ਬੋਰ ਹਥਿਆਰ, 6 ਜ਼ਿੰਦਾ ਕਾਰਤੂਸ ਅਤੇ 3 ਮੈਗਜ਼ੀਨ ਬਰਾਮਦ ਕੀਤੇ। ਪੁਲਿਸ ਨੇ ਪੁਸ਼ਟੀ ਕੀਤੀ ਕਿ ਸ਼ਿਵਮ ਸੋਢੀ ਵਿਰੁੱਧ ਪਹਿਲਾਂ ਤਿੰਨ ਮੁਕੱਦਮੇ ਦਰਜ ਹਨ, ਜਦੋਂ ਕਿ ਬਰਿੰਦਰ ਸਿੰਘ ਵਿਰੁੱਧ ਚਾਰ ਮੁਕੱਦਮੇ ਦਰਜ ਹਨ।

# ਕੌਮੀ ਲੋਕ ਅਦਾਲਤ ਰਾਹੀਂ ਲੰਮੇ ਸਮੇਂ ਤੋਂ ਅਲੱਗ ਰਹਿ ਰਹੇ ਸ਼ਾਦੀਸ਼ੁਦਾ ਜੋੜੇ ਨੂੰ ਮੁੜ ਇਕੱਠੇ ਕੀਤਾ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ,ਮਨੋਜ ਲਾਡੀ)** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲਗਾਈ ਗਈ ਕੌਮੀ ਲੋਕ ਅਦਾਲਤ ਰਾਹੀਂ ਲੰਬੇ ਸਮੇਂ ਤੋਂ ਅਲੱਗ ਰਹਿ ਰਹੇ ਸ਼ਾਦੀਸ਼ੁਦਾ ਜੋੜੇ ਦਾ ਮੁੜ ਘਰ ਵਸਾਇਆ ਗਿਆ ਹੈ। ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ਹੀਦ ਭਗਤ ਸਿੰਘ ਨਗਰ ਪ੍ਰਿਆ ਸੂਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਨੀਵਾਰ ਨੂੰ ਜ਼ਿਲ੍ਹੇ ਅਤੇ ਸਬ-ਡਵੀਜ਼ਨ ਬਲਾਚੌਰ ਵਿਖੇ ਕੌਮੀ ਲੋਕ ਅਦਾਲਤ ਲਗਾਈ ਗਈ ਹੈ। ਇਸ ਕੌਮੀ ਲੋਕ ਅਦਾਲਤ ਦੌਰਾਨ ਫੈਮਿਲੀ ਕੋਰਟ, ਸ਼ਹੀਦ ਭਗਤ ਸਿੰਘ ਨਗਰ ਵਿੱਚ ਇਕ ਸ਼ਾਦੀਸ਼ੁਦਾ ਜੋੜੇ ਨਰਿੰਦਰਜੀਤ ਧੀਰ ਬਨਾਮ ਨੀਲਮ ਰਾਣੀ ਦਾ ਕੇਸ ਲੱਗਾ ਹੋਇਆ ਸੀ। ਉਨ੍ਹਾਂ ਦੱਸਿਆ ਕਿ ਇਹ ਜੋੜਾ ਕਾਫੀ ਸਮੇਂ ਤੋਂ ਅਲੱਗ ਰਹਿ ਰਿਹਾ ਸੀ।ਉਨ੍ਹਾਂ ਦੱਸਿਆ ਕਿ ਪ੍ਰਿੰਸੀਪਲ ਜੱਜ ਫੈਮਿਲੀ ਕੋਰਟ ਬਲਜਿੰਦਰ ਸਿੰਘ ਮਾਨ ਅਤੇ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਬੀ.ਐਸ ਨਗਰ ਡਾ.ਅਮਨਦੀਪ ਵੱਲੋਂ ਉਕਤ ਜੋੜੇ ਦੀ ਕਾਊਂਸਲਿੰਗ ਕੀਤੀ ਗਈ ਤੇ ਉਨ੍ਹਾਂ ਦਾ ਆਪਸੀ ਰਜ਼ਾਮੰਦੀ ਨਾਲ ਘਰ ਵਸਾਉਣ ਅਤੇ ਫੈਸਲਾ ਕਰਵਾਉਣ ਦੇ ਯਤਨ ਕੀਤੇ ਗਏ। ਦੋਵਾਂ ਧਿਰਾਂ ਨੂੰ ਕੌਮੀ ਲੋਕ ਅਦਾਲਤ ਵਿੱਚ ਹੋਣ ਵਾਲੇ ਕੇਸਾਂ ਦੇ ਫੈਸਲਿਆਂ ਦੇ ਫਾਇਦਿਆਂ ਤੋਂ ਜਾਣੂ ਕਰਵਾਇਆ ਗਿਆ। ਇਸ ਤੋਂ ਬਾਅਦ ਦੋਵੇਂ ਧਿਰਾਂ ਆਪਸੀ ਰਜ਼ਾਮੰਦੀ ਨਾਲ ਦੁਬਾਰਾ ਇਕੱਠੇ ਰਹਿਣ ਲਈ ਰਜ਼ਾਮੰਦ ਹੋ ਗਈਆਂ।ਉਨ੍ਹਾਂ ਦੱਸਿਆ ਕਿ ਕੋਰਟ ਵੱਲੋਂ ਦੋਵੇਂ ਧਿਰਾਂ ਦਾ ਕੇਸ ਕੌਮੀ ਲੋਕ ਅਦਾਲਤ ਵਿੱਚ ਰਖਵਾਇਆ ਗਿਆ, ਜਿਥੇ ਦੋਵਾਂ ਧਿਰਾਂ ਦਾ ਆਪਸੀ ਰਜ਼ਾਮੰਦੀ ਤੇ ਸਮਝੌਤੇ ਨਾਲ ਫੈਸਲਾ ਕਰਵਾ ਕੇ ਘਰ ਵਸਾਉਣ ਦਾ ਉਪਰਾਲਾ ਕੀਤਾ ਗਿਆ ਅਤੇ ਦੋਵਾਂ ਧਿਰਾਂ ਦੁਬਾਰਾ ਇਕੱਠੇ ਰਹਿਣ ਲਈ ਤਿਆਰ ਹੋ ਗਈਆਂ। ਨਰਿੰਦਰ ਜੀਤ ਧੀਰ ਨੇ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਾ ਧੰਨਵਾਦ ਕਰਦਿਆਂ ਕਿਹਾ ਇਨ੍ਹਾਂ ਦੇ ਯਤਨਾ ਸਦਕਾ ਅੱਜ ਉਸਦਾ ਘਰ ਦੁਬਾਰਾ ਵਸ ਗਿਆ ਹੈ। ਦੋਵਾਂ ਧਿਰਾਂ ਦੇ ਪਰਵਾਰਕ ਮੈਂਬਰਾਂ ਨੇ ਵੀ ਆਮ ਲੋਕਾਂ ਨੂੰ ਆਉਣ ਵਾਲੀ ਕੌਮੀ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ ਅਤੇ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਬੀ.ਐਸ ਨਗਰ ਅਤੇ ਕੌਮੀ ਲੋਕ ਅਦਾਲਤ ਰਾਹੀਂ ਆਮ ਲੋਕਾਂ ਦੇ ਹਿੱਤਾਂ ਦੇ ਹੱਕ ਵਿੱਚ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ।

# ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ ਦਿਵਸ ਮਨਾਇਆ



**ਮਾਹਿਲਪੁਰ (ਸ਼ਫ਼ਰੀ)-** 24 ਮਈ 1896 ਨੂੰ ਭਾਰਤ ਮਾਤਾ ਦੇ ਮਹਾਨ ਸਪੂਤ ਗ਼ਦਰੀ ਬਾਬੇ ਸਰਦਾਰ ਕਰਤਾਰ ਸਿੰਘ ਸਰਾਭਾ ਨੇ ਪੂਜਨੀਕ ਮਾਤਾ ਸਾਹਿਬ ਕੌਰ ਤੇ ਪਿਤਾ ਸਰਦਾਰ ਮੰਗਲ ਸਿੰਘ ਦੇ ਘਰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ ਜਨਮ ਲਿਆ।ਬਚਪਨ 'ਚ ਹੀ ਮਾਤਾ ਪਿਤਾ ਦਾ ਸਾਇਆ ਸਿਰ ਤੋਂ ਉਠ ਜਾਣ ਕਾਰਨ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੀ ਭੈਣ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਸਤਿਕਾਰਯੋਗ ਦਾਦਾ ਜੀ ਨੇ ਬਾਖ਼ੂਬੀ ਨਿਭਾਈ।ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਮੁੱਢਲੀ ਸਿੱਖਿਆ ਦਿਵਾਉਣ ਮਗਰੋਂ ਉਨਾਂ ਦੇ ਦਾਦਾ ਜੀ ਨੇ ਉਨਾਂ ਦੇ ਬਿਹਤਰ ਭਵਿੱਖ ਲਈ 1912 ਵਿੱਚ ਅਮਰੀਕਾ ਦੀ ਬਰਕਲੇ ਯੂਨੀਵਰਸਿਟੀ ਪੜ੍ਹਨ ਲਈ ਭੇਜ ਦਿੱਤਾ।ਜਿੱਥੇ ਜਾਂਦਿਆਂ ਹੀ ਉਨ੍ਹਾਂ ਦਾ ਮੇਲ ਮਿਲਾਪ ਲਾਲਾ ਹਰਦਿਆਲ ਵਰਗੇ ਦੇਸ਼ ਭਗਤਾਂ ਤੇ ਹੋਰ ਹਮਉਮਰ ਨੌਜਵਾਨਾਂ ਨਾਲ ਹੋਇਆ।ਰਾਜਨੀਤਕ ਤੌਰ ਤੇ ਸੂਝਵਾਨ ਪ੍ਰਤਿਭਾਸ਼ਾਲੀ ਮਹਾਨ ਦੇਸ਼ ਭਗਤ ਨੌਜਵਾਨ ਕਰਤਾਰ ਸਿੰਘ ਸਰਾਭਾ ਨੇ ਪੜ੍ਹਾਈ ਕਰਨ ਦੀ ਥਾਂ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਸਰਗਰਮ ਭੂਮਿਕਾ ਨਿਭਾਉਣ ਨੂੰ ਪਹਿਲ ਦਿੱਤੀ।ਅਮਰੀਕਾ 'ਚ ਰਹਿੰਦਿਆਂ ਜਹਾਜ਼ ਚਲਾਉਣ ਦੀ ਟ੍ਰੇਨਿੰਗ ਵੀ ਪ੍ਰਾਪਤ ਕਰ ਲਈ।ਉਹ ਗ਼ਦਰ ਪਾਰਟੀ ਦਾ ਤੂਫ਼ਾਨੀ ਵਰਕਰ ਤੇ ਜੋਸ਼ੀਲਾ ਆਗੂ ਬਣ ਕੇ ਉੱਭਰਿਆ।ਉਸ ਨੇ ਸਤੰਬਰ 1914 ਵਿੱਚ ਪੰਜਾਬ ਵਾਪਸ ਪਹੁੰਚਣ ਮਗਰੋਂ ਮੇਰਠ, ਆਗਰਾ, ਅਲਾਹਾਬਾਦ ਤੇ ਬਨਾਰਸ ਦੀਆਂ ਛਾਉਣੀਆਂ 'ਚ ਭਾਰਤੀ ਸੈਨਿਕਾਂ ਨੂੰ ਦੇਸ਼ ਦੀ ਆਜ਼ਾਦੀ ਖਾਤਰ ਅੰਗਰੇਜ਼ ਸਾਮਰਾਜ ਵਿਰੁੱਧ ਬਗਾਵਤ ਕਰਨ ਲਈ ਮਨਾ ਲਿਆ ਪਰ ਅੰਗਰੇਜ਼ੀ ਸਾਮਰਾਜ ਦੇ ਇੱਕ ਝੋਲੀਚੁੱਕ ਦੀ ਗ਼ਦਾਰੀ ਕਾਰਨ ਉਨ੍ਹਾਂ ਦੀ ਸਿੱਕੇਬੰਦ ਯੋਜਨਾ ਸਿਰੇ ਨਾ ਚੜ੍ਹ ਸਕੀ ਪਰ ਫਿਰ ਵੀ ਦੇਸ਼ ਵਾਸੀਆਂ ਦੇ ਦਿਲਾਂ ਅੰਦਰ ਆਜ਼ਾਦੀ ਲਈ ਚੰਗਿਆੜੀ ਧੁਖਣ ਲਾ ਗਈ। ਭਾਕਿਯੂ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਕਿਹਾ ਕਿ ਹੁਣ ਜਦੋਂ ਦੇਸ਼ ਨੂੰ ਆਜ਼ਾਦ ਹੋਇਆਂ ਅੱਸੀ ਸਾਲ ਦੇ ਲੱਗਭੱਗ ਸਮਾਂ ਬੀਤਣ ਵਾਲਾ ਹੈ ਅੰਗਰੇਜ਼ਾਂ ਦੇ ਝਾੜੂਬਰਦਾਰ ਦੇਸ਼ ਦੇ ਹਾਕਮ ਬਣ ਬੈਠੇ ਹਨ। ਉਹ ਸਾਡੇ ਇਨਾਂ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਬਿਲਕੁਲ ਮਨੋਂ ਵਿਸਾਰ ਚੁੱਕੇ ਹਨ ਤੇ ਆਪਣੇ ਨਾਦਰਸ਼ਾਹੀ ਫ਼ੁਰਮਾਨ ਜਾਰੀ ਕਰਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਢਾਹ ਲਾ ਰਹੇ ਹਨ। ਹੁਣ ਦੇਸ਼ ਦੇ ਨੌਜਵਾਨਾਂ ਤੇ ਕਿਰਤੀ ਲੋਕਾਂ ਨੂੰ ਆਪਣੇ ਪੁਰਖਿਆਂ ਸ਼ਹੀਦਾਂ ਦੇ ਦਰਸਾਏ ਮਾਰਗ ਤੇ ਚੱਲ ਕੇ ਦੇਸ਼ ਨੂੰ ਹੰਕਾਰੇ ਫਿਰਕਾਪ੍ਰਸਤ ਹਾਕਮਾਂ ਦੀਆਂ ਕੋਝੀਆਂ ਸਾਜ਼ਿਸ਼ਾਂ ਤੋਂ ਬਚਾਉਣਾ ਪਵੇਗਾ। ਇਸ ਮੌਕੇ ਪ੍ਰਧਾਨ ਬਲਜੀਤ ਸਿੰਘ ਕੁੱਕੀ ਬੈਂਸ, ਗੁਰਦੀਪ ਸਿੰਘ ਲੰਗੇਰੀ, ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ, ਪਲਵਿੰਦਰ ਸਿੰਘ ਨਿੱਕਾ, ਸਤਨਾਮ ਸਿੰਘ ਢਿੱਲੋਂ, ਗੁਰਮਿੰਦਰ ਕੈਂਡੋਵਾਲ, ਸੁਰਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਕਿਰਤੀ ਲੋਕਾਂ ਨੇ ਸ਼ਮੂਲੀਅਤ ਕੀਤੀ ਤੇ ਆਪਣੇ ਮਹਾਨ ਸ਼ਹੀਦ ਦੇ ਕੀਤੇ ਕਾਰਨਾਮਿਆਂ ਨੂੰ ਸਿਜਦਾ ਕੀਤਾ।

# ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਐਸੋਸੀਏਸ਼ਨ ਸਿੱਖਿਆ ਵਿਭਾਗ ਦੇ ਅਹੁਦੇਦਾਰਾਂ ਦੀ ਚੋਣ



**ਨਕੋਦਰ (ਮਨਜੀਤ ਮਾਨ)-** ਪੰਜਾਬ ਸਟੇਟ ਮਨਿਸਟਰੀਅਲ ਸਰਵਿਸਜ ਐਸੋਸੀਏਸ਼ਨ (ਸਿੱਖਿਆ ਵਿਭਾਗ) ਪੰਜਾਬ ਵੱਲੋਂ ਜ਼ਿਲ੍ਹਾ ਜਲੰਧਰ ਵਿੱਚ ਤਹਿਸੀਲ ਫਿਲੌਰ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਦੀ ਚੋਣ ਕੀਤੀ ਗਈ, ਜਿਸ ਵਿੱਚ ਸਾਰੇ ਸਕੂਲਾਂ ਅਤੇ ਬੀ.ਪੀ.ਈ.ਓ ਦਫ਼ਤਰਾਂ ਤੋਂ ਆਏ ਕਲਰਕਾਂ/ਜੂਨੀਅਰ ਸਹਾਇਕਾਂ/ਸੀਨੀਅਰ ਸਹਾਇਕਾਂ ਵੱਲੋਂ ਮਨਿਸਟਰੀਅਲ ਸਟਾਫ ਵਿੱਚੋਂ ਬਤੌਰ ਪ੍ਰਧਾਨ ਇੰਦਰਜੀਤ ਕੁਮਾਰ ਪ੍ਰਧਾਨ, ਜੂਨੀਅਰ ਸਹਾਇਕ, ਸਕੰਸਸਸ ਫਿਲੌਰ ਅਤੇ ਪਰਮਜੀਤ ਸਰੋਜ ਸਸਸਸ ਪਾਸਲਾ ਨੂੰ ਜਨਰਲ ਸਕੱਤਰ ਤਹਿਸੀਲ ਫਿਲੌਰ ਲਈ ਚੁਣਿਆ ਗਿਆ।ਇਸ ਇਕੱਠ ਦੇ ਪ੍ਰੋਗਰਾਮ ਦੀ ਸਟੇਜ ਸੈਕਟਰੀ ਦੀ ਭੂਮਿਕਾ ਸਰਬਪ੍ਰੀਤ ਸਿੰਘ ਢੀਂਡਸਾ, ਜੂਨੀਅਰ ਸਹਾਇਕ, ਸਸਸਸ ਭੁੱਲਰ ਅਤੇ ਮਨਜਿੰਦਰ ਸਿੰਘ ਪ੍ਰਧਾਨ ਨਕੋਦਰ-ਸ਼ਾਹਕੋਟ ਵੱਲੋਂ ਨਿਭਾਈ ਗਈ।ਇਸ ਮੌਕੇ ਸੁਰਿੰਦਰ ਰਤਨ, ਸਰਪ੍ਰਸਤ-ਕਮ-ਸੁਪਰਡੈਂਟ, ਦਫ.ਜ਼ਿਲ੍ਹਾ ਸਿੱਖਿਆ ਅਫਸਰ (ਸ.ਸ.) ਜਲੰਧਰ ਵੱਲੋਂ ਅਹੁਦੇਦਾਰਾਂ ਦੀ ਚੋਣ ਪ੍ਰਕਿਰਿਆ ਦੀ ਅਗਵਾਈ ਕਰਦਿਆਂ ਚੁਣੇ ਨਵੇਂ ਗਏ ਅਹੁਦੇਦਾਰਾਂ ਨੂੰ ਵਧਾਈ ਦਿੱਤੀ ।ਸਮੂਹ ਤਹਿਸੀਲ ਫਿਲੌਰ ਦੇ ਹਾਜ਼ਰ ਮੈਂਬਰਾਂ ਵੱਲੋਂ ਬਲਵਿੰਦਰ ਸਿੰਘ ਸਾਬਕਾ-ਪ੍ਰਧਾਨ ਦੇ ਸਹਿਯੋਗ ਨਾਲ ਸੁਰਿੰਦਰ ਰਤਨ, ਸਰਪ੍ਰਸਤ (ਸੁਪਰਡੈਂਟ ਦਫਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਜਲੰਧਰ) ਦਾ ਅਤੇ ਜ਼ਿਲ੍ਹਾ ਪ੍ਰਧਾਨ ਸੁਖਜੀਤ ਸਿੰਘ, ਕਲਰਕ/ਜੂਨੀਅਰ ਸਹਾਇਕ, ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਜਲੰਧਰ, ਦਮਨਦੀਪ ਸਿੰਘ, ਜ਼ਿਲ੍ਹਾ ਜਨਰਲ ਸਕੱਤਰ, ਮਨਜਿੰਦਰ ਸਿੰਘ ਤਹਿਸੀਲ ਪ੍ਰਧਾਨ ਨਕੋਦਰ-ਸ਼ਾਹਕੋਟ, ਬਲਵੀਰ ਸਿੰਘ,ਜਨਰਲ ਸਕੱਤਰ ਤਹਿਸੀਲ ਨਕੋਦਰ-ਸ਼ਾਹਕੋਟ , ਸਿਕੰਦਰ ਲਾਲ, ਨਿਤਿਨ ਕੁਮਾਰ, ਗਗਨ ਅਜ਼ਾਦ, ਗੁਰਪ੍ਰੀਤ ਸਿੰਘ ਸਟਾਫ (ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ ਜਲੰਧਰ) ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸ੍ਰੀਮਤੀ ਸੁਸ਼ੀਲਾ ਕੁਮਾਰੀ ਪ੍ਰਿੰਸੀਪਲ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਿਲੌਰ ਦਾ ਸਾਰਿਆਂ ਵੱਲੋਂ ਵਿਸ਼ੇਸ਼ ਸਨਮਾਨ ਚਿੰਨ੍ਹ ਅਤੇ ਸ਼ਾਲ ਭੇਟ ਕਰਕੇ ਧੰਨਵਾਦ ਕੀਤਾ ਗਿਆ।

# ਅਹਿਮਦਾਬਾਦੀ ਪਰਵਾਰ ਨੇ ਮਾਤਾ-ਪਿਤਾ ਦੀ ਯਾਦ 'ਚ ਬੱਚਿਆਂ ਨੂੰ ਸਾਲਾਨਾ ਵਜ਼ੀਫਾ ਵੰਡਿਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ )** ਪਿੰਡ ਲੰਗੜੋਆ ਦੇ ਦਾਨੀ ਸੱਜਣ ਜੋ ਕਿ ਅਹਿਮਦਾਵਾਦੀ ਪਰਵਾਰ ਦੇ ਨਾਂਅ ਨਾਲ ਜਾਣੇ ਜਾਂਦੇ ਹਨ ਨੇ ਮਾਤਾ ਅਵਤਾਰ ਕੌਰ ਅਤੇ ਪਿਤਾ ਸਵ: ਗੁਰਦੇਵ ਸਿੰਘ ਯਾਦਗਾਰੀ ਵਜ਼ੀਫਾ ਪੀ.ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੰਗੜੋਆ ਦੇ ਉਨ੍ਹਾਂ ਵਿਦਿਆਰਥੀਆਂ ਨੂੰ ਵੰਡਿਆ ਜਿਨ੍ਹਾਂ ਨੇ ਇਸ ਸਾਲ ਬੋਰਡ ਦੀਆਂ ਸਾਲਾਨਾ ਪ੍ਰੀਖਿਆਵਾਂ ਵਿੱਚ ਦਸਵੀਂ ਅਤੇ ਬਾਰਵੀਂ ਜਮਾਤ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ ਹੈ। ਜ਼ਿਕਰਯੋਗ ਹੈ ਕਿ ਇਹ ਵਜ਼ੀਫਾ 2015-16 ਤੋਂ ਲਗਾਤਾਰ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਅੱਵਲ ਆਉਣ ਵਾਲੇ ਬੱਚਿਆਂ ਨੂੰ ਦਿੱਤਾ ਜਾ ਰਿਹਾ ਹੈ।ਵਜ਼ੀਫੇ ਦੀ ਰਾਸ਼ੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਕਰਦਿਆਂ ਪੀ.ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੰਗੜੋਆ ਦੀ ਅੱਠਵੀਂ ਜਮਾਤ ਵਿਚ ਪਹਿਲਾ ਸਥਾਨ ਹਾਸਿਲ ਕਰਨ ਵਾਲੀ ਬੱਚੀ ਪ੍ਰਾਚੀ ਪਾਠਕ ਨੂੰ 2500/- ਨਕਦ ਇਨਾਮ ਦਿੱਤਾ ਗਿਆ। ਦਸਵੀਂ ਜਮਾਤ ਦੀ ਏਕਤਾ ਪੁੱਤਰੀ ਸਰਬਜੀਤ ਸਿੰਘ ਨੂੰ 5100/- ਰੁਪਏ ਦਸਵੀਂ ਦੀ ਹੀ ਰਾਜਵੀਰ ਕੌਰ ਪੁੱਤਰੀ ਹੇਮ ਰਾਜ ਨੂੰ ਦੂਸਰਾ ਸਥਾਨ ਪ੍ਰਾਪਤ ਕਰਨ ਤੇ 2100/- ਰੁਪਏ ਨਗਦ ਰਾਸ਼ੀ ਵਜੀਫੇ ਵਜੋਂ ਦਿੱਤੀ ਗਈ।ਇਸ ਤੋਂ ਇਲਾਵਾ ਬਾਰਵੀਂ ਜਮਾਤ ਦੇ ਆਰਟਸ ਗਰੁੱਪ ਦੀ ਅੰਜਲੀ ਪੁੱਤਰੀ ਸ਼ਸ਼ੀ ਭੂਸ਼ਣ ਨੂੰ 5100/- ਨਗਦ ਰਾਸ਼ੀ ਅਤੇ ਸਾਇੰਸ ਗਰੁੱਪ ਵਿਚ ਪਹਿਲੇ ਸਥਾਨ 'ਤੇ ਆਉਣ ਵਾਲੀਆਂ ਵਿਦਿਆਰਥਣਾਂ ਨੇਹਾ ਅਤੇ ਕਿਰਨਜੀਤ ਕੌਰ ਨੂੰ ਕ੍ਰਮਵਾਰ 5100/- 5100/- ਨਗਦ ਰਾਸ਼ੀ ਇਨਾਮੀ ਵਜੀਫੇ ਵੱਲੋਂ ਦਿੱਤੀ ਗਈ। ਉਪਰੋਕਤ ਤੋਂ ਇਲਾਵਾ ਦਾਨੀ ਪਰਵਾਰ ਵਲੋਂ ਸੰਸਥਾ ਦੇ ਦੋ ਜ਼ਰੂਰਤਮੰਦ ਬੱਚਿਆਂ ਨੂੰ 2500/- 2500/- ਦਿੱਤੇ ਗਏ। ਇਸ ਮੌਕੇ ਤੇ ਨਗਰ ਲੰਗੜੋਆ ਦੇ ਦਾਨੀ ਸੱਜਣ ਤੇ ਪ੍ਰੇਰਨਾਦਾਇਕ ਗੁਰਮੁੱਖ ਸਿੰਘ ਸਕੱਤਰ ਵੱਲੋਂ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਹੋਰ ਨੈਤਿਕ ਕਦਰਾਂ ਕੀਮਤਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਬੱਚਿਆਂ ਨੂੰ ਵੱਧ ਤੋਂ ਵੱਧ ਮਿਹਨਤ ਕਰਨ ਦੀ ਗੱਲ ਕਹੀ ਅਤੇ ਪਿੰਡ ਵੱਲੋਂ ਵੱਧ ਤੋਂ ਵੱਧ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਤੇ ਐਸ.ਐਮ.ਸੀ ਚੇਅਰਮੈਨ ਮਨੋਹਰ ਸਿੰਘ ਨੇ ਇਨਾਮੀ ਰਾਸ਼ੀ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਦਾਨੀ ਪਰਵਾਰ ਦਾ ਧੰਨਵਾਦ ਕੀਤਾ ਬੱਚਿਆਂ ਵੱਲੋਂ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਦੇ ਗਾਈਡ ਅਧਿਆਪਕ ਮੈਡਮ ਬਰਿੰਦਰ ਕੌਰ ਅਤੇ ਆਸਵੀਰ ਸਨ। ਅਖੀਰ ਵਿੱਚ ਸੰਸਥਾ ਮੁਖੀ ਡਾਕਟਰ ਸੁਰਿੰਦਰ ਪਾਲ ਅਗਨੀਹੋਤਰੀ ਅਤੇ ਸਮੁੱਚੇ ਸਟਾਫ ਵਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਤੇ ਚੇਅਰਮੈਨ ਐਸ.ਐਮ.ਸੀ ਮਾਸਟਰ ਮਨੋਹਰ ਸਿੰਘ, ਸਕੱਤਰ ਗੁਰਮੁੱਖ ਸਿੰਘ ਲੰਗੜੋਆ,ਬੀਬੀ ਸਾਹਿਬ ਪ੍ਰੀਤ ਕੌਰ ਲੰਗੜੋਆ, ਵਾਈਸ ਪ੍ਰਿੰਸੀਪਲ ਗੁਨੀਤ, ਮੈਡਮ ਮੀਨਾ ਰਾਣੀ, ਬਰਿੰਦਰ ਕੌਰ, ਆਸਵੀਰ,ਗੁਰਪ੍ਰੀਤ ਕੌਰ, ਮਨਮੋਹਨ ਸਿੰਘ, ਸੁਖਵਿੰਦਰ ਲਾਲ, ਪ੍ਰਦੀਪ ਕੌਰ,ਰੇਖਾ ਜਨੇਜਾ, ਸੁਖਵਿੰਦਰ ਲਾਲ, ਹਰਿੰਦਰ ਸਿੰਘ, ਸੁਸ਼ੀਲ ਕੁਮਾਰ,ਕਲਪਨਾ ਬੀਕਾ, ਸਪਨਾ,ਰਜਨੀ ਬਾਲਾ, ਅਮਨਦੀਪ ਕੌਰ, ਪਰਮਿੰਦਰ ਕੌਰ, ਪ੍ਰੇਮ ਸਿੰਘ, ਗੁਰਪ੍ਰੀਤ ਸਿੰਘ, ਦਲਜੀਤ ਸਿੰਘ,ਨੀਰਜ ਬਾਲੀ, ਪਰਵਿੰਦਰ ਕੌਰ ਆਦਿ ਤੋਂ ਇਲਾਵਾ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

# ਸੈਕੰਡਰੀ ਸਕੂਲ ਬੋਹਣ 'ਚ ਬੋਰਡ ਟਾਪਰਾਂ ਨੂੰ ਸਰਪੰਚ ਵੱਲੋਂ ਨਗਦ ਇਨਾਮ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਵਿਖੇ ਪ੍ਰਿੰਸੀਪਲ ਮਲਕੀਤ ਕੌਰ ਦੀ ਪ੍ਰਧਾਨਗੀ ਹੇਠ ਇਕ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਨਤੀਜਿਆ ਵਿੱਚ ਸਕੂਲ ਦੇ 10ਵੀਂ ਅਤੇ 12ਵੀਂ ਜਮਾਤ ਦੇ 91ਫ਼ੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਅਮਨਦੀਪ ਸਿੰਘ ਅਤੇ ਗੁਰਲੀਨ ਕੌਰ ਟੂਰਾ ਨੂੰ ਪਿੰਡ ਬੋਹਣ ਦੇ ਸਰਪੰਚ ਗੁਰਚਰਨ ਸਿੰਘ ਵੱਲੋਂ ਪੰਜ-ਪੰਜ ਹਜ਼ਾਰ ਦੀ ਨਗਦ ਰਾਸ਼ੀ ਅਤੇ ਸਟੇਸ਼ਨਰੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਲੈਕਚਰਾਰ ਮੁਨੀਸ਼ ਮੌਦਗਿਲ ਨੇ ਦੱਸਿਆ ਕਿ ਸਰਪੰਚ ਗੁਰਚਰਨ ਸਿੰਘ ਵੱਲੋਂ10ਵੀਂ ਜਮਾਤ ਦੇ 85 ਫੀਸਦੀ ਤੋਂ ਵੱਧ ਅੰਕ ਲੈਣ ਵਾਲੇ ਹੋਰ ਵਿਦਿਆਰਥੀਆਂ ਕ੍ਰਿਸ਼ਨਾ, ਲਵਪ੍ਰੀਤ ਲੋਈ, ਰੂਪਮ ਅਤੇ ਕਾਜਲ ਨੂੰ ਵੀ ਪੰਜ ਪੰਜ ਸੌ ਰੁਪਏ ਅਤੇ ਸਟੇਸ਼ਨਰੀ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਮਾਜ ਸੇਵਕ ਰਜਿੰਦਰ ਭਾਟੀਆ, ਪੰਚ ਬਲਰਾਜ ਸਿੰਘ, ਲੈਕਚਰਾਰ ਪ੍ਰਭਜੋਤ ਸਿੰਘ, ਲੈਕਚਰਾਰ ਗੁਰਪ੍ਰੀਤ ਕੌਰ, ਲੈਕਚਰਾਰ ਮੁਨੀਸ਼ ਮੋਦਗਿਲ, ਲੈਕਚਰਾਰ ਹਰਵਿੰਦਰ ਕੌਰ, ਲੈਕਚਰਾਰ ਕੁਲਵਿੰਦਰਾ ਦੇਵੀ, ਪੰਜਾਬੀ ਅਧਿਆਪਕ ਹਰਮੇਸ਼ ਕੁਮਾਰੀ, ਅਮਰਜੀਤ ਰਾਏ ਅਤੇ ਹੋਰ ਸਟਾਫ ਹਾਜ਼ਰ ਸੀ। ਅੰਤ ਵਿੱਚ ਮੰਚ ਸੰਚਾਲਕ ਸਾਇੰਸ ਅਧਿਆਪਕ ਹਰਕਮਲ ਕੌਰ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਐਲੀ ਅਜੈ ਸ਼ਾਰਦਾ ਨੂੰ ਅਲਾਇੰਸ ਕਲੱਬ ਦਾ ਪ੍ਰਧਾਨ ਚੁਣਿਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਅਲਾਇੰਸ ਕਲੱਬ ਹੁਸ਼ਿਆਰਪੁਰ ਗ੍ਰੇਟਰ ਦੀ ਮਾਸਿਕ ਇਕੱਤਰਤਾ ਸਥਾਨਕ ਸ਼ਿਰਾਜ ਰਿਜੈਂਸੀ ਵਿਖੇ ਕੀਤੀ ਗਈ ਜਿਸ ਦੀ ਪ੍ਰਧਾਨਗੀ ਐਲੀ. ਜਗਜੋਤ ਸਿੰਘ ਨੇ ਕੀਤੀ। ਇਸ ਮੌਕੇ ਅਲਾਇੰਸ ਕਲੱਬ ਇੰਟਰਨੈਸ਼ਨਲ ਦੇ ਐਡਵਾਈਜ਼ਰ ਐਲੀ ਐਡਵੋਕੇਟ ਐਸ.ਪੀ.ਰਾਣਾ ਅਤੇ ਇੰਟਰਨੈਸ਼ਨਲ ਡਾਇਰੈਕਟਰ ਐਲੀ ਅਸ਼ੋਕ ਪੁਰੀ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੀਟਿੰਗ ਦਾ ਮਤਲਬ ਸਾਲ 2025-26 ਦੀ ਟੀਮ ਦੀ ਚੋਣ ਅਤੇ ਬੀਤੇ ਸਾਲ ਵਿੱਚ ਕੀਤੇ ਕੰਮਾਂ ਦਾ ਪੜਚੋਲ ਕਰਨਾ ਸੀ। ਇਸ ਮੌਕੇ ਐਲੀ ਪੁਸ਼ਪਿੰਦਰ ਸ਼ਰਮਾ ਪਾਸਟ ਡਿਸਟ੍ਰਿਕ ਗਵਰਨਰ ਨੇ ਸਾਲ 2024-25 ਵਿੱਚ ਅਲਾਇੰਸ ਕਲੱਬ ਗ੍ਰੇਟਰ ਵਲੋਂ ਕੀਤੀ ਕਾਰਵਾਈ ਦੀ ਜਾਣਕਾਰੀ ਦਿੱਤੀ। ਇਸ ਉਪਰੰਤ ਐਲੀ ਅਜੈ ਸ਼ਾਰਦਾ ਨੂੰ ਅਗਲੇ ਸਾਲ ਲਈ ਪ੍ਰਧਾਨ ਚੁਣਿਆ ਗਿਆ। ਪਾਸਟ ਡਿਸਟ੍ਰਿਕ ਗਵਰਨਰ ਐਲੀ ਰਮੇਸ਼ ਕੁਮਾਰ ਨੇ ਡਿਸਟ੍ਰਿਕ-119 ਵਿੱਚ ਹੁਸ਼ਿਆਰਪੁਰ ਗ੍ਰੇਟਰ ਦੇ ਪਾਏ ਯੋਗਦਾਨ ਦੀ ਪ੍ਰਸੰਸਾ ਕਰਦੇ ਹੋਏ ਨਵੇਂ ਚੁਣੇ ਪ੍ਰਧਾਨ ਐਲੀ. ਅਜੈ ਸ਼ਾਰਦਾ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ । ਇਸ ਮੌਕੇ ਐਲੀ ਅਜੈ ਸ਼ਰਮਾ ਨੇ ਸਮਾਜ ਭਲਾਈ ਦੇ ਕੰਮ ਕਰਦੇ ਰਹਿਣ ਦਾ ਵਿਸ਼ਵਾਸ ਦਿਵਾਇਆ ਅਤੇ ਕਿਹਾ ਕਿ ਸਮਾਜ ਦੇ ਹਰੇਕ ਪ੍ਰਾਣੀ ਨੂੰ ਯਥਾਸ਼ਕਤੀ ਸਮਾਜ ਦੀ ਬੇਹਤਰੀ ਲਈ ਕੰਮ ਕਰਨਾ ਚਾਹੀਦਾ ਹੈ। ਅਲਾਇੰਸ ਕਲੱਬ ਹੁਸ਼ਿਆਰਪੁਰ ਯੂਨੀਕ ਦੇ ਸਰਪ੍ਰਸਤ ਐਲੀ ਸੁਮੇਸ਼ ਕੁਮਾਰ ਨੇ ਦੱਸਿਆ ਕਿ ਕਲੱਬ ਦੀ ਮੀਟਿੰਗ ਵਿੱਚ ਨਵੇਂ ਮੈਂਬਰਾਂ ਨੂੰ ਇੰਡਕਟ ਕੀਤਾ ਜਾਵੇਗਾ। ਇਸ ਮੌਕੇ ਐਲੀ ਅਸ਼ੋਕ ਪੁਰੀ ਅਤੇ ਐਲੀ ਐਡਵੋਕੇਟ ਐਸ.ਪੀ. ਰਾਣਾ ਨੇ ਨਵੀਂ ਟੀਮ ਨੂੰ ਮੁਬਾਰਕਬਾਦ ਦਿੱਤੀ ਅਤੇ ਦੱਸਿਆ ਕਿ ਸਾਲ 2025-26 ਦੀ ਇੰਟਰਨੈਸ਼ਨਲ ਬੋਰਡ ਮੀਟਿੰਗ ਜੋ ਕਿ 12 ਜੁਲਾਈ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਹੈ, ਲਈ ਵੱਧ ਚੜ੍ਹ ਕੇ ਕੰਮ ਕਰਨਾ ਚਾਹੀਦਾ ਹੈ।

# ਇੰਦਰਜੀਤ ਕੁਮਾਰ ਪ੍ਰਧਾਨ ਤੇ ਪਰਮਜੀਤ ਸਰੋਜ ਜਨਰਲ ਸਕੱਤਰ ਬਣੇ



**ਫਿਲੌਰ (ਨਿਰਮਲ)-** ਪੰਜਾਬ ਸਟੇਟ ਮਨਿਸਟਰੀਅਲ ਸਰਵਿਸਜ ਐਸੋਸੀਏਸ਼ਨ (ਸਿੱਖਿਆ ਵਿਭਾਗ) ਪੰਜਾਬ ਵੱਲੋਂ ਜ਼ਿਲ੍ਹਾ ਜਲੰਧਰ ਵਿੱਚ ਤਹਿਸੀਲ ਫਿਲੌਰ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਦੀ ਚੋਣ ਕੀਤੀ ਗਈ ਜਿਸ ਵਿੱਚ ਸਾਰੇ ਸਕੂਲਾਂ ਅਤੇ ਬੀ ਪੀ ਈ ਓ ਦਫ਼ਤਰਾਂ ਤੋਂ ਆਏ ਕਲਰਕਾਂ/ ਜੂਨੀਅਰ ਸਹਾਇਕਾਂ/ਸੀਨੀਅਰ ਸਹਾਇਕਾਂ ਵੱਲੋਂ ਮਨਿਸਟਰੀਅਲ ਸਟਾਫ ਵਿੱਚੋਂ ਇੰਦਰਜੀਤ ਕੁਮਾਰ ਪ੍ਰਧਾਨ, ਜੂਨੀਅਰ ਸਹਾਇਕ, ਸਕੰਸਸਸ ਫਿਲੌਰ ਅਤੇ ਪਰਮਜੀਤ ਸਰੋਜ ਸਸਸਸ ਪਾਸਲਾ ਨੂੰ ਜਨਰਲ ਸਕੱਤਰ ਤਹਿਸੀਲ ਫਿਲੌਰ ਲਈ ਚੁਣਿਆ ਗਿਆ।ਇਸ ਇਕੱਠ ਦੇ ਪ੍ਰੋਗਰਾਮ ਦੀ ਸਟੇਜ ਸੈਕਟਰੀ ਦੀ ਭੂਮਿਕਾ ਸ.ਸਰਬਪ੍ਰੀਤ ਸਿੰਘ ਢੀਂਡਸਾ, ਜੂਨੀਅਰ ਸਹਾਇਕ, ਸਸਸਸ ਭੁੱਲਰ ਅਤੇ ਸ. ਮਨਜਿੰਦਰ ਸਿੰਘ ਪ੍ਰਧਾਨ ਨਕੋਦਰ-ਸ਼ਾਹਕੋਟ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ 'ਤੇ ਸੁਰਿੰਦਰ ਰਤਨ, ਸਰਪ੍ਰਸਤ-ਕਮ-ਸੁਪਰਡੈਂਟ, ਦਫ.ਜ਼ਿਲ੍ਹਾ ਸਿੱਖਿਆ ਅਫਸਰ (ਸ ਸ ) ਜਲੰਧਰ ਵੱਲੋਂ ਅਹੁਦੇਦਾਰਾਂ ਦੀ ਚੋਣ ਪ੍ਰਕਿਰਿਆ ਦੀ ਅਗਵਾਈ ਕਰਦਿਆਂ ਚੁਣੇ ਨਵੇਂ ਗਏ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਐਸੋਸੀਏਸ਼ਨ ਲਈ ਤਨਦੇਹੀ ਨਾਲ ਸੇਵਾ ਕਰਨ ਦੀ ਪ੍ਰੇਰਣਾ ਦਿੱਤੀ।ਸਮੂਹ ਤਹਿਸੀਲ ਫਿਲੌਰ ਦੇ ਹਾਜ਼ਰ ਮੈਂਬਰਾਂ ਵੱਲੋਂ ਬਲਵਿੰਦਰ ਸਿੰਘ ਸਾਬਕਾ-ਪ੍ਰਧਾਨ ਦੇ ਸਹਿਯੋਗ ਨਾਲ ਸੁਰਿੰਦਰ ਰਤਨ, ਸਰਪ੍ਰਸਤ (ਸੁਪਰਡੈਂਟ ਦਫਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਜਲੰਧਰ) ਦਾ ਅਤੇ ਜ਼ਿਲ੍ਹਾ ਪ੍ਰਧਾਨ ਸੁਖਜੀਤ ਸਿੰਘ, ਕਲਰਕ/ ਜੂਨੀਅਰ ਸਹਾਇਕ,ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿੱ ) ਜਲੰਧਰ, ਦਮਨਦੀਪ ਸਿੰਘ, ਜ਼ਿਲ੍ਹਾ ਜਨਰਲ ਸਕੱਤਰ, ਮਨਜਿੰਦਰ ਸਿੰਘ ਤਹਿਸੀਲ ਪ੍ਰਧਾਨ ਨਕੋਦਰ-ਸ਼ਾਹਕੋਟ, ਬਲਵੀਰ ਸਿੰਘ, ਜਨਰਲ ਸਕੱਤਰ ਤਹਿਸੀਲ ਨਕੋਦਰ-ਸ਼ਾਹਕੋਟ, ਸਿਕੰਦਰ ਲਾਲ, ਨਿਤਿਨ ਕੁਮਾਰ, ਗਗਨ ਅਜ਼ਾਦ,ਗੁਰਪ੍ਰੀਤ ਸਿੰਘ ਸਟਾਫ (ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ ਜਲੰਧਰ) ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਇਸ ਸਾਰੇ ਪ੍ਰੋਗਰਾਮ ਲਈ ਚੰਗੇ ਪ੍ਰਬੰਧ ਅਤੇ ਸਹਿਯੋਗ ਲਈ ਸ਼੍ਰੀਮਤੀ ਸੁਸ਼ੀਲਾ ਕੁਮਾਰੀ, ਪ੍ਰਿੰਸੀਪਲ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ,ਫਿਲੌਰ ਦਾ ਸਾਰਿਆਂ ਵੱਲੋਂ ਵਿਸ਼ੇਸ਼ ਸਨਮਾਨ ਚਿੰਨ੍ਹ ਅਤੇ ਸ਼ਾਲ ਭੇਟ ਕਰਕੇ ਧੰਨਵਾਦ ਕੀਤਾ ਗਿਆ।

# ਕੌਮੀ ਲੋਕ ਅਦਾਲਤ ਦੌਰਾਨ 77728 ਕੇਸਾਂ ਦਾ ਕੀਤਾ ਨਿਪਟਾਰਾ



**ਜਲੰਧਰ (ਸ਼ੈਲੀ ਐਲਬਰਟ)—** ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਦੀ ਸਰਪ੍ਰਸਤੀ ਅਤੇ ਨਿਰਭਉ ਸਿੰਘ ਗਿੱਲ, ਜ਼ਿਲ੍ਹਾ ਅਤੇ ਸੈਸ਼ਨਜ ਜੱਜ, ਜਲੰਧਰ ਦੀ ਅਗਵਾਈ ਵਿੱਚ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਲੋਕ ਅਦਾਲਤ ਵਿੱਚ ਰਾਜੀਨਾਮਾ ਯੋਗ ਫੌਜਦਾਰੀ ਕੇਸ ਚੈਕ ਬਾਊਂਸ ਕੇਸ, ਬੈਂਕ ਰਿਕਵਰੀ ਕੇਸ, ਵਿਵਾਹਿਕ ਝਗੜੇ, ਟਰੈਫਿਕ ਚਲਾਨ ,ਮੋਟਰ ਦੁਰਘਟਨਾ ਕਲੇਮ ਕੇਸ, ਕਿਰਤ ਸਬੰਧੀ ਝਗੜੇ, ਲੈਂਡ ਐਕਿਊਜ਼ਿਸ਼ਨ ਕੇਸ, ਬਿਜਲੀ ਅਤੇ ਪਾਣੀ ਦੇ ਬਿਲਾਂ ਸਬੰਧੀ, ਮਾਲ ਵਿਭਾਗ ਨਾਲ ਸਬੰਧਤ ਅਤੇ ਹਰ ਤਰ੍ਹਾਂ ਦੇ ਦੀਵਾਨੀ ਕੇਸ ਨਿਪਟਾਰੇ ਲਈ ਰੱਖੇ ਗਏ।ਜਲੰਧਰ, ਨਕੋਦਰ ਅਤੇ ਫਿਲੌਰ ਦੀਆਂ ਕਚਿਹਰੀਆਂ ਵਿੱਚ 25 ਬੈਂਚਾਂ ਦਾ ਗਠਨ ਕੀਤਾ ਗਿਆ ਜਿਨ੍ਹਾਂ ਦੀ ਪ੍ਰਧਾਨਗੀ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜਾਂ, ਜੱਜ ਫੈਮਲੀ ਕੋਰਟ, ਸਿਵਲ ਜੱਜ ਸੀਨੀਅਰ ਡਵੀਜਨ, ਸਿਵਲ ਜੱਜ ਜੂਨੀਅਰ ਡਵੀਜਨ, ਜਗਦੀਪ ਸਿੰਘ ਮਰੋਕ, ਚੇਅਰਮੈਨ , ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ), ਦਲਜੀਤ ਸਿੰਘ ਰੱਲ੍ਹਣ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ, ਇੰਡਸਟਰੀਅਲ ਟਰਿਬਿਊਨਲ ਜਲੰਧਰ ਅਤੇ ਤਹਿਸੀਲਦਾਰ-99 ਜਲੰਧਰ ਵੱਲੋਂ ਕੀਤੀ ਗਈ। ਵਕੀਲਾਂ ਅਤੇ ਸਮਾਜ ਸੇਵਕਾਂ ਨੇ ਇਨ੍ਹਾਂ ਲੋਕ ਅਦਾਲਤਾਂ ਵਿੱਚ ਬਤੌਰ ਮੈਂਬਰ ਸ਼ਿਰਕਤ ਕੀਤੀ। ਰਾਹੁਲ ਕੁਮਾਰ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਨੇ ਦੱਸਿਆ ਕਿ ਕੌਮੀ ਲੋਕ ਅਦਾਲਤ ਵਿੱਚ ਕੁੱਲ 78713 ਕੇਸ ਨਿਪਟਾਰੇ ਲਈ ਰੱਖੇ ਗਏ ਜਿਨ੍ਹਾਂ ਵਿੱਚੋਂ 77728 ਕੇਸਾਂ ਦਾ ਨਿਪਟਾਰਾ ਕਰਕੇ ਕੁੱਲ 455081045/-(45 ਕਰੋੜ 50 ਲੱਖ 81 ਹਜਾਰ 045/-) ਕੀਮਤ ਦੇ ਅਵਾਰਡ ਪਾਸ ਕੀਤੇ ਗਏ। ਉਨ੍ਹਾਂ ਨੇ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਵਿਆਹਤਾਂ ਜੋੜਿਆਂ, ਜੋ ਕਿ ਆਪਸੀ ਮਨ-ਮੁਟਾਅ ਕਾਰਨ ਅਲੱਗ-ਅਲੱਗ ਰਹਿ ਰਹੇ ਸਨ, ਦੇ ਕੇਸਾਂ ਦੀ ਸੁਣਵਾਈ ਕੀਤੀ ਗਈ। ਲੋਕ ਅਦਾਲਤ ਬੈਂਚ ਦੀਆਂ ਕੋਸ਼ਿਸ਼ਾਂ ਕਰਕੇ ਇਹ ਜੋੜੇ ਦੁਬਾਰਾ ਇਕੱਠੇ ਰਹਿਣ ਲਈ ਤਿਆਰ ਹੋ ਗਏ ਅਤੇ ਅਦਾਲਤ ਵਿੱਚੋਂ ਆਪਣੇ ਘਰ ਇਕੱਠੇ ਗਏ। ਉਹਨਾਂ ਇਹ ਵੀ ਦੱਸਿਆ ਕਿ ਅਗਲੀ ਲੋਕ ਅਦਾਲਤ 13.09.2025 ਨੂੰ ਲਗਾਈ ਜਾਵੇਗੀ।

## ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਲੜਾਈ 'ਚ ਹਰ ਨਾਗਰਿਕ ਬਣੇ ਸਿਪਾਹੀ : ਵਿਧਾਇਕ ਪੰਡੋਰੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਸਰਕਾਰ ਵੱਲੋਂ ਚਲਾਈ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡ ਗੁਰਮ, ਵਜੀਦਕੇ ਖੁਰਦ ਆਦਿ ਵਿਖੇ ਜਨਤਕ ਸਮਾਗਮ ਕਰਵਾਏ ਗਏ।ਇਸ ਮੌਕੇ ਬੋਲਦਿਆਂ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕਿਹਾ ਕਿ ਅਸੀਂ ਰੰਗਲਾ ਪੰਜਾਬ ਮੁੜ ਸੁਰਜੀਤ ਕਰਨਾ ਚਾਹੁੰਦੇ ਹਾਂ।ਉਨ੍ਹਾਂ ਲੋਕਾਂ ਨੂੰ ਨਸ਼ਾ ਮੁਕਤੀ ਕੇਂਦਰਾਂ, ਮੁੜ ਵਸੇਬੇ ਕੇਂਦਰਾਂ ਤੇ ਕਲੀਨਿਕਾਂ ਦੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਨਸ਼ਾ ਪੀੜਤ ਵਿਅਕਤੀਆਂ ਦਾ ਇਲਾਜ ਕਰਵਾਉਣ ਵਿੱਚ ਪਿੰਡ ਵਾਸੀਆਂ ਦੀ ਭੂਮਿਕਾ ਮਹੱਤਵਪੂਰਨ ਹੈ। ਉਨ੍ਹਾਂ ਪੰਚਾਇਤਾਂ, ਪੇਂਡੂ ਸੁਰੱਖਿਆ ਕਮੇਟੀਆਂ ਤੇ ਯੂਥ ਕਲੱਬਾਂ ਨੂੰ ਪਿੰਡਾਂ ਦੇ ਪਹਿਰੇਦਾਰ ਵਜੋਂ ਕੰਮ ਕਰਨ ਦੀ ਅਪੀਲ ਕੀਤੀ।ਇਸ ਮੌਕੇ ਐੱਸ.ਡੀ.ਐੱਮ. ਹਰਕੰਵਲਜੀਤ ਸਿੰਘ ਨੇ ਵੀ ਸਮੂਹ ਵਾਸੀਆਂ ਨੂੰ ਨਸ਼ਿਆਂ ਵਿਰੁੱਧ ਮੁਹਿੰਮ ਨਾਲ ਜੁੜਨ ਦੀ ਅਪੀਲ ਕਰਦਿਆਂ ਕਿਹਾ ਕਿ ਵਿਧਾਇਕ ਪੰਡੋਰੀ ਹਲਕੇ ਦੇ ਵਿਕਾਸ ਕਾਰਜਾਂ ਦੇ ਨਾਲ-ਨਾਲ ਨਸ਼ਿਆਂ ਵਿਰੁੱਧ ਜਾਗਰੂਕਤਾ ਵਧਾਉਣ ਲਈ ਯਤਨ ਕਰ ਰਹੇ ਹਨ।ਇਸ ਮੌਕੇ ਸਰਪੰਚ ਮਨਜੀਤ ਕੌਰ ਗੁਰਮ, ਸਰਪੰਚ ਬਲਵਿੰਦਰ ਕੌਰ ਵਜੀਦਕੇ ਖੁਰਦ ਅਗਵਾਈ ਹੇਠ ਹਲਕਾ ਵਿਧਾਇਕ ਤੇ ਵੱਖ-ਵੱਖ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਡੀ ਐੱਸ ਪੀ ਮਹਿਲ ਕਲਾਂ ਸੁਬੇਗ ਸਿੰਘ, ਥਾਣਾ ਮਹਿਲ ਕਲਾਂ ਦੇ ਮੁਖ ਅਫਸਰ ਕੁਲਵਿੰਦਰ ਸਿੰਘ ਧਾਲੀਵਾਲ, ਐੱਸ ਐੱਮ ਓ ਡਾ: ਗੁਰਤੇਜਿੰਦਰ ਕੌਰ, ਚੇਅਰਮੈਨ ਸੁਖਵਿੰਦਰ ਦਾਸ, ਹਰਪ੍ਰੀਤ ਸਿੰਘ ਠੁੱਲੀਵਾਲ, ਰਮਨਦੀਪ ਸਿੰਘ ਦੀਪੀ, ਹਰਮਨਜੀਤ ਸਿੰਘ ਕੁਤਬਾ, ਬਿੰਦਰ ਸਿੰਘ ਮਹਿਲ ਖੁਰਦ, ਗੁਰੀ ਔਲਖ ਆੜ੍ਹਤੀਆ, ਪੁਨੀਤ ਮਾਨ ਆਦਿ ਹਾਜ਼ਰ ਸਨ।

## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਰਾਮਪੁਰਾ ਦੀ ਮੀਟਿੰਗ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਰਾਮਪੁਰਾ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਨਿਰਮਲ ਸਿੰਘ ਚਾਉਕੇ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਡਾਕਟਰ ਰੇਸ਼ਮ ਸਿੰਘ ਫੂਲ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਸਾਨੂੰ ਪਾਣੀ, ਪੌਣ, ਵਾਤਾਵਰਣ ਬਚਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ।ਡਾਕਟਰ ਮਲਕੀਤ ਸਿੰਘ ਸੰਧੂ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਸਾਰੇ ਡਾਕਟਰ ਸਾਥੀਆਂ ਨੂੰ ਸਾਫ ਸੁਥਰੀ ਪ੍ਰੈਕਟਿਸ ਕਰਨ ਲਈ ਕਿਹਾ ਤੇ ਜਥੇਬੰਦੀ ਵੱਲੋਂ ਕੀਤੇ ਸਮਾਗਮ ਬਾਰੇ ਜਾਣਕਾਰੀ ਸਾਂਝੀ ਕੀਤੀ।ਡਾਕਟਰ ਵੇਦ ਵਿਆਸ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਸਾਰੇ ਸਾਥੀਆਂ ਨੂੰ ਰਲ ਕੇ ਯੂਨੀਅਨ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਤੇ ਆਪਣੀਆਂ ਕਲੀਨਿਕਾਂ ਨੂੰ ਸਾਫ ਰੱਖਣ 'ਤੇ ਜ਼ੋਰ ਦਿੱਤਾ ਤੇ ਵਧੀਆ ਪ੍ਰੈਕਟਿਸ ਕਰਨ ਲਈ ਕਿਹਾ।ਡਾਕਟਰ ਅਵਤਾਰ ਸਿੰਘ ਜ਼ਿਲ੍ਹਾ ਬਠਿੰਡਾ ਦੀ ਹੋਈ ਚੋਣ ਨੂੰ ਗੈਰ-ਸੰਵਿਧਾਨਕ ਦੱਸਿਆ ਤੇ ਦੁਬਾਰਾ ਚੋਣ ਕਰਵਾਉਣ ਲਈ ਕਿਹਾ ਗਿਆ।ਡਾਕਟਰ ਦੇਵਰਾਜ ਜਨਰਲ ਸੈਕਟਰੀ ਨੇ ਸਟੇਜ ਦੀ ਕਾਰਵਾਈ ਸੰਭਾਲੀ।ਇਸ ਮੀਟਿੰਗ ਵਿੱਚ ਡਾ. ਜਗਤਾਰ ਸਿੰਘ ਫੂਲ ਤੇ ਡਾਕਟਰ ਕੌਰ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।ਵੱਡੀ ਗਿਣਤੀ ਡਾਕਟਰ ਸਾਥੀਆਂ ਨੇ ਸ਼ਮੂਲੀਅਤ ਕੀਤੀ।ਇਸ ਤੋਂ ਇਲਾਵਾ ਡਾਕਟਰ ਹਰਜਿੰਦਰ ਸਿੰਘ ਭਾਈਰੂਪਾ, ਡਾਕਟਰ ਗੁਰਸੇਵਕ ਸਿੰਘ ਢੱਡੇ, ਡਾ. ਗੁਰਦੀਪ ਢੇਲਾ, ਡਾਕਟਰ ਕੌਰ ਸਿੰਘ ਕੋਠੀਆਂ, ਡਾਕਟਰ ਹਰਵਿੰਦਰ ਸਿੰਘ ਢਿਪਾਲੀ ਤੇ ਹੋਰ ਸੀਨੀਅਰ ਡਾਕਟਰ ਸਾਥੀ ਹਾਜ਼ਰ ਸਨ।ਅਖੀਰ ਵਿੱਚ ਡਾਕਟਰ ਨਿਰਮਲ ਸਿੰਘ ਬਲਾਕ ਪ੍ਰਧਾਨ ਨੇ ਆਏ ਸਾਰੇ ਸਾਥੀਆਂ ਦਾ ਮੀਟਿੰਗ ਵਿੱਚ ਆਉਣ 'ਤੇ ਧੰਨਵਾਦ ਕੀਤਾ।ਪ੍ਰੈੱਸ ਸਕੱਤਰ ਡਾ. ਮਨਜੀਤ ਸਿੰਘ ਫੂਲ ਤੇ ਡਾ. ਹਰਜਿੰਦਰ ਸਿੰਘ ਮਹਿਰਾਜ ਨੇ ਇਹ ਜਾਣਕਾਰੀ ਪ੍ਰੈੱਸ ਨਾਲ ਸਾਂਝੀ ਕੀਤੀ।

## ਆਬਕਾਰੀ ਵਿਭਾਗ ਵੱਲੋਂ ਗੈਰ-ਕਾਨੂੰਨੀ ਸ਼ਰਾਬ ਦੇ ਵਪਾਰ ਨੂੰ ਨੱਥ ਪਾਉਣ ਲਈ ਮੁਹਿੰਮ ਸ਼ੁਰੂ



**ਜਗਰਾਉਂ (ਨਛੱਤਰ ਸੰਧੂ)**-ਆਬਕਾਰੀ ਕਮਿਸ਼ਨਰ ਪੰਜਾਬ ਜਤਿੰਦਰ ਜੋਰਵਾਲ ਦੀ ਯੋਗ ਅਗਵਾਈ ਹੇਠ ਪੰਜਾਬ ਆਬਕਾਰੀ ਵਿਭਾਗ ਦੇ ਲੁਧਿਆਣਾ ਪੱਛਮੀ ਰੇਂਜ ਨੇ 01 ਅਪ੍ਰੈਲ 2025 ਤੋਂ ਲੁਧਿਆਣਾ ਪੁਲਸ ਕਮਿਸ਼ਨਰੇਟ ਤੇ ਲੁਧਿਆਣਾ ਦਿਹਾਤੀ ਪੁਲਸ ਜ਼ਿਲ੍ਹੇ ਦੇ ਅਧਿਕਾਰ ਖੇਤਰ ਵਿੱਚ ਰੇਂਜ ਵਿੱਚ ਗੈਰ-ਕਾਨੂੰਨੀ ਸ਼ਰਾਬ ਦੇ ਵਪਾਰ ਨੂੰ ਨੱਥ ਪਾਉਣ ਲਈ ਇੱਕ ਵਿਸ਼ੇਸ਼ ਇਨਫੋਰਸਮੈਂਟ ਮੁਹਿੰਮ ਸ਼ੁਰੂ ਕੀਤੀ ਹੋਈ ਹੈ।ਇਸ ਮੁਹਿੰਮ ਦੌਰਾਨ ਵਿਭਾਗ ਨੇ ਪੁਲਸ ਨਾਲ ਮਿਲ ਕੇ ਕਈ ਮਹੱਤਵਪੂਰਨ ਕਾਰਵਾਈਆਂ ਕੀਤੀਆਂ ਹਨ।ਹੁਣ ਤੱਕ ਰੇਂਜ ਦੇ ਵੱਖ-ਵੱਖ ਸਥਾਨਾਂ 'ਤੇ ਕੁੱਲ 196 ਛਾਪੇਮਾਰੀ ਕੀਤੀ ਗਈ, ਜਿਸ ਵਿੱਚ ਤਸਕਰਾਂ ਤੇ ਨਸ਼ੀਲੇ ਪਦਾਰਥਾਂ ਦੇ ਵਪਾਰੀਆਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਦੀ ਨਿਗਰਾਨੀ ਤੇ ਰੋਕਥਾਮ ਲਈ ਮੋਬਾਈਲ ਅਤੇ ਸਥਿਰ ਨਾਕੇ (ਚੈੱਕ ਪੁਆਇੰਟ) ਵੀ ਸ਼ਾਮਲ ਸਨ।ਇਨ੍ਹਾਂ ਯਤਨਾਂ ਕਾਰਨ 25 ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ ਅਤੇ ਆਬਕਾਰੀ ਨਾਲ ਸਬੰਧਤ ਉਲੰਘਣਾਵਾਂ ਵਿੱਚ ਸ਼ਾਮਲ 24 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਇਸ ਤੋਂ ਇਲਾਵਾ ਵਿਭਾਗ ਨੇ ਗੈਰ-ਕਾਨੂੰਨੀ ਸ਼ਰਾਬ ਦੀ ਢੋਆ-ਢੁਆਈ ਵਿੱਚ ਵਰਤੇ ਜਾ ਰਹੇ 4 ਵਾਹਨਾਂ ਨੂੰ ਸਫਲਤਾਪੂਰਵਕ ਜ਼ਬਤ ਕੀਤਾ ਹੈ।

## ਵਿਧਾਇਕ ਦਹੀਆ ਨੇ ਪਿੰਡਾਂ 'ਚ ਲੋਕਾਂ ਨੂੰ ਨਸ਼ਿਆਂ ਬਾਰੇ ਕੀਤਾ ਜਾਗਰੂਕ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਅਧੀਨ ਆਉਂਦੇ ਪਿੰਡ ਕੱਕਰ, ਟਿੱਬੀ ਕਲਾਂ ਤੇ ਮੁਹੰਮਦ ਖਾਨ ਨਾਜ਼ੀਆ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ 'ਨਸ਼ਾ ਮੁਕਤੀ ਯਾਤਰਾ' ਅਧੀਨ ਵਿਧਾਇਕ ਰਜਨੀਸ਼ ਕੁਮਾਰ ਦਹੀਆ ਨੇ ਪਿੰਡ ਵਾਸੀਆਂ ਨੂੰ ਨਸ਼ਿਆਂ ਬਾਰੇ ਜਾਗਰੂਕ ਕੀਤਾ। ਵਿਧਾਇਕ ਰਜਨੀਸ਼ ਦਹੀਆ ਨੇ ਕਿਹਾ ਕਿ ਪੰਜਾਬ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪਿਛਲੇ ਮਹੀਨਿਆਂ ਵਿੱਚ ਨਸ਼ਾ ਤਸਕਰਾਂ ਉੱਤੇ ਵੱਡਾ ਵਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਨੂੰ ਹੁਣ ਜਨ ਅੰਦੋਲਨ ਬਣਾਉਂਦੇ ਹੋਏ ਹਰ ਪਿੰਡ ਤੇ ਵਾਰਡ ਤੱਕ ਲੈ ਕੇ ਜਾਇਆ ਜਾਵੇਗਾ, ਜਿਸ ਵਿੱਚ ਲੋਕ ਸਹੁੰ ਲੈਣਗੇ ਕਿ ਨਾ ਤਾਂ ਖੁਦ ਨਸ਼ਾ ਕਰਨਗੇ, ਨਾ ਨਸ਼ਾ ਵੇਚਣ ਦੇਣਗੇ ਅਤੇ ਨਸ਼ੇ ਦੇ ਆਦੀ ਲੋਕਾਂ ਨੂੰ ਇਲਾਜ ਲਈ ਉਤਸ਼ਾਹਤ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਆਪ ਸਭ ਲੋਕਾਂ ਦੀ ਬਹੁਤ ਲੋੜ ਹੈ। ਲੋਕ ਨਸ਼ਾ ਵੇਚਣ ਵਾਲਿਆਂ ਦੀ ਗੁਪਤ ਤੌਰ 'ਤੇ ਜਾਣਕਾਰੀ ਦੇ ਸਕਦੇ ਹਨ। ਉਨ੍ਹਾਂ ਕਿਹਾ ਜੋ ਲੋਕ ਨਸ਼ਾ ਛੱਡਣਾ ਚਾਹੁੰਦੇ ਹਨ, ਉਨ੍ਹਾਂ ਲਈ ਸੂਬੇ ਭਰ ਵਿੱਚ ਇਲਾਜ ਤੇ ਪੁਨਰਵਾਸ ਕੇਂਦਰਾਂ ਦੀ ਸੁਵਿਧਾ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਨਸ਼ਾ ਮੁਕਤੀ ਯਾਤਰਾ ਦਾ ਮਕਸਦ ਕੇਵਲ ਨਸ਼ਾ ਵਿਰੋਧੀ ਜਾਗਰੂਕਤਾ ਨਹੀਂ, ਸਗੋਂ ਸਮਾਜ ਵਿੱਚ ਸਕਾਰਾਤਮਕ ਮਾਹੌਲ ਪੈਦਾ ਕਰਨਾ ਹੈ। ਇਸ ਦੌਰਾਨ ਉਨ੍ਹਾਂ ਪਿੰਡ ਵਾਸੀਆਂ ਨੂੰ ਨਸ਼ੇ ਖਿਲਾਫ ਖੜੇ ਹੋਣ ਲਈ ਸਹੁੰ ਵੀ ਚੁਕਵਾਈ। ਉਨ੍ਹਾਂ ਸਮੂਹ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਖਿਲਾਫ ਖੜੇ ਹੋਣ ਤੇ ਜੇਕਰ ਉਨ੍ਹਾਂ ਨੂੰ ਨਸ਼ਾ ਕਰਨ ਜਾਂ ਨਸ਼ਾ ਵੇਚਣ ਵਾਲੇ ਬਾਰੇ ਪਤਾ ਚੱਲਦਾ ਹੈ ਤਾਂ ਉਹ ਉਸ ਦੀ ਰਿਪੋਰਟ ਨਜ਼ਦੀਕੀ ਥਾਣੇ ਵਿੱਚ ਦੇਣ। ਇਸ ਮੌਕੇ ਪ੍ਰਸ਼ਾਸਨਕ ਅਧਿਕਾਰੀਆਂ, ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ/ਵਰਕਰਾਂ, ਪਿੰਡਾਂ ਦੇ ਸਰਪੰਚਾਂ, ਪੰਚਾਂ, ਗਰਾਮ ਸੁਰੱਖਿਆ ਕਮੇਟੀਆਂ ਦੇ ਮੈਂਬਰਾਂ ਸਮੇਤ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਲੋਕ ਹਾਜ਼ਰ ਸਨ।

## ਮਾਤਾ ਭਾਗ ਕੌਰ ਸੇਵਾ ਸੁਸਾਇਟੀ ਤੇ ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਕੀਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮਾਤਾ ਭਾਗ ਕੌਰ ਸੇਵਾ ਸੋਸਾਇਟੀ ਤੇ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਫਾਇਰ ਬ੍ਰਿਗੇਡ ਵਿੱਚ ਕੱਚੇ ਮੁਲਾਜ਼ਮ ਵਜੋਂ ਕੰਮ ਕਰਦੇ ਨੌਜਵਾਨ ਗਗਨਦੀਪ ਸਿੰਘ ਪੁੱਤਰ ਬੱਗਾ ਸਿੰਘ ਪਿੰਡ ਖੋਟੇ ਜਿਸ ਦੀ ਡਿਊਟੀ ਦੌਰਾਨ ਕਣਕ ਨੂੰ ਲੱਗੀ ਅੱਗ ਬੁਝਾਉਣ ਸਮੇਂ ਮੌਤ ਹੋ ਗਈ ਸੀ ਦੇ ਪਰਵਾਰਕ ਮੈਂਬਰਾਂ ਨੂੰ ਇੱਕ ਲੱਖ ਰੁਪਏ ਦੀ ਸਹਾਇਤਾ ਦਿੱਤੀ।ਉਪਰੋਕਤ ਜਾਣਕਾਰੀ ਮਾਤਾ ਭਾਗ ਕੌਰ ਸੇਵਾ ਸੁਸਾਇਟੀ ਦੀ ਪ੍ਰਧਾਨ ਹਰਗੋਬਿੰਦ ਕੌਰ ਸਰਾਂ ਜੋ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੇ ਵੀ ਸੂਬਾ ਪ੍ਰਧਾਨ ਹਨ, ਨੇ ਗੱਲਬਾਤ ਕਰਦਿਆਂ ਦਿੱਤੀ।ਉਨ੍ਹਾਂ ਦੱਸਿਆ ਕਿ ਇਹ ਪੈਸੇ ਗਗਨਦੀਪ ਕੌਰ ਦੀ ਦਾਦੀ ਮਾਤਾ ਗੁਰਨਾਮ ਕੌਰ ਨੂੰ ਦਿੱਤੇ ਗਏ।ਗਗਨਦੀਪ ਸਿੰਘ ਦੇ ਪਿਤਾ ਬੱਗਾ ਸਿੰਘ ਤੇ ਭੈਣ ਤੋਂ ਇਲਾਵਾ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀ ਆਗੂ ਮਹਿੰਦਰ ਕੌਰ ਪੱਤੋ, ਕੁਲਵੰਤ ਕੌਰ ਲੁਹਾਰਾ, ਇਕਬਾਲ ਕੌਰ ਬੱਧਨੀ ਕਲਾਂ, ਇੰਦਰਜੀਤ ਕੌਰ ਤੇ ਹੋਰ ਆਗੂ ਮੌਜੂਦ ਸਨ।

# ਸੰਵਿਧਾਨ ਬਚਾਓ ਰੈਲੀ 'ਚ ਲੋਕਾਂ ਦੇ ਇਕੱਠ ਨੇ ਵਿਰੋਧੀਆਂ ਦੀ ਉਡਾਈ ਨੀਂਦ : ਰੂਬੀ

### ਹਲਕਾ ਇੰਚਾਰਜ ਨੇ ਰੈਲੀ ਦੀ ਸਫ਼ਲਤਾ ਲਈ ਕੀਤਾ ਲੋਕਾਂ ਦਾ ਧੰਨਵਾਦ



**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਮਲੋਟ ਦੇ ਪੰਜਾਬ ਪੈਲੇਸ ਵਿਖੇ ਕਰਵਾਈ ਸੰਵਿਧਾਨ ਬਚਾਓ ਰੈਲੀ ਵਿੱਚ ਹੋਏ ਸੈਂਕੜੇ ਲੋਕਾਂ ਦੇ ਇਕੱਠ ਨੇ ਵਿਰੋਧੀ ਪਾਰਟੀਆਂ ਦੀ ਨੀਂਦ ਉਡਾ ਕੇ ਰੱਖ ਦਿੱਤੀ ਹੈ, ਕੇਂਦਰ ਤੇ ਸੂਬੇ ਦੀਆਂ ਮੌਜੂਦਾ ਸਰਕਾਰਾਂ ਦੀਆਂ ਨੀਤੀਆਂ ਤੋਂ ਅੱਕੇ ਲੋਕ ਹੁਣ ਕਾਂਗਰਸ ਪਾਰਟੀ ਨੂੰ ਸੱਤਾ ਸੌਂਪ ਕੇ ਦੇਸ਼ ਤੇ ਸੂਬੇ ਦੇ ਵਿਕਾਸ ਦੀ ਅਰਦਾਸ ਕਰ ਰਹੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਇੰਚਾਰਜ ਮਲੋਟ ਪ੍ਰੋ. ਰੁਪਿੰਦਰ ਕੌਰ ਰੂਬੀ ਨੇ ਕਿਹਾ ਕਿ ਬੀਤੇ ਦਿਨ ਸੰਵਿਧਾਨ ਬਚਾਓ ਰੈਲੀ ਦੇ ਸੱਦੇ 'ਤੇ ਹਲਕਾ ਮਲੋਟ ਦੇ ਪਿੰਡਾਂ ਤੇ ਸ਼ਹਿਰਾਂ ਤੋਂ ਲੋਕਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਤੇ ਕਾਂਗਰਸ ਲੀਡਰਸ਼ਿਪ ਨੂੰ ਸੁਣਿਆ। ਉਨ੍ਹਾਂ ਕਿਹਾ ਕਿ ਗਰਮੀ ਦੇ ਬਾਵਜੂਦ ਰੈਲੀ ਵਿੱਚ ਆਉਣ ਵਾਲੇ ਸਾਰੇ ਹੀ ਲੋਕਾਂ ਦਾ ਧੰਨਵਾਦ ਕਰਦੇ ਹਨ।ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਦੀ ਕੇਂਦਰੀ ਸੱਤਾ 'ਤੇ ਕਾਬਜ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਸਾਡੇ ਦੇਸ਼ ਦੇ ਸੰਵਿਧਾਨ ਨੂੰ ਅਣਐਲਾਨੇ ਢੰਗ ਨਾਲ ਪੂਰੀ ਤਰ੍ਹਾਂ ਬਦਲਣ ਲਈ ਹਮੇਸ਼ਾ ਪੱਬਾਂ ਭਾਰ ਚੱਲੀ ਆ ਰਹੀ ਹੈ।ਉਨ੍ਹਾਂ ਕਿਹਾ ਕਿ ਭਾਰਤ ਦਾ ਸੰਵਿਧਾਨ ਸਮਾਜਵਾਦੀ, ਧਰਮ ਨਿਰਪੱਖ, ਪ੍ਰਭੂਸਤਾ ਸੰਪੰਨ ਰਾਜ ਤੇ ਜਮਹੂਰੀ ਰਾਜ ਪ੍ਰਬੰਧ ਦੀ ਘੋਸ਼ਣਾ ਕਰਦਾ ਹੈ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੇ ਕੇਂਦਰੀ ਰਾਜ ਪ੍ਰਬੰਧ ਨੇ ਦੇਸ਼ ਦੇ ਜਮਹੂਰੀ, ਧਰਮ-ਨਿਰਪੱਖ ਤੇ ਸਮਾਜਵਾਦੀ ਖਾਸੇ ਨੂੰ ਪੂਰੀ ਤਰ੍ਹਾਂ ਢਾਹ ਲਾਈ ਹੈ।ਪ੍ਰੋਫੈਸਰ ਰੂਬੀ ਨੇ ਕਿਹਾ ਕਿ ਸਾਡਾ ਦੇਸ਼ ਭਾਰਤ ਬਹੁ-ਭਾਸ਼ਾਈ, ਬਹੁ-ਧਰਮੀ ਤੇ ਵਭਿੰਨ ਸੱਭਿਆਚਾਰਾਂ ਵਾਲਾ ਰਾਸ਼ਟਰ ਹੈ, ਜਦੋਂ ਕਿ ਕੇਂਦਰ ਸਰਕਾਰ ਨੂੰ ਰਿਮੋਟ 'ਤੇ ਚਲਾਉਣ ਵਾਲੀ ਇੱਕ ਖਾਸ ਲਾਬੀ ਨੇ ਕਦੀ ਦੇਸ਼ ਦੇ ਬਹੁ-ਧਰਮੀ ਗੁਲਦਸਤੇ ਨੂੰ ਇੱਕੋ ਫਿਰਕੇ ਦਾ ਰੰਗ ਚਾੜ੍ਹਨ ਲਈ ਘੱਟ ਗਿਣਤੀਆਂ ਪ੍ਰਤੀ ਬੇਗਾਨਗੀ ਵਾਲਾ ਰਵੱਈਆ ਅਖਤਿਆਰ ਕੀਤਾ, ਕਦੀ ਦੇਸ਼ ਦੇ ਸਮਾਜਵਾਦੀ ਏਜੰਡੇ ਵਾਲੇ ਪਿਛੋਕੜ ਨੂੰ ਦਰਕਿਨਾਰ ਕਰਕੇ ਕਾਰਪੋਰੇਟ ਸੈਕਟਰ ਪੂੰਜੀਵਾਦ ਦੀ ਲਗਾਮ ਹੇਠ ਲਿਆਉਣ ਲਈ ਬਿਰਤਾਂਤ ਸਿਰਜਣ ਦੀਆਂ ਵੱਡੀ ਪੱਧਰ 'ਤੇ ਕੋਸ਼ਿਸ਼ਾਂ ਕੀਤੀਆਂ ਹਨ ਅਤੇ ਕੇਂਦਰ ਸਰਕਾਰ ਵੱਲੋਂ ਦੇਸ਼ ਵਿੱਚ ਜੋ ਇੱਕ ਰਾਸ਼ਟਰ-ਇੱਕ ਚੋਣ ਦੇ ਏਜੰਡੇ ਨੂੰ ਅਮਲ ਵਿੱਚ ਲਿਆਉਣ ਦੀ ਪ੍ਰਕਿਰਿਆ ਚੱਲ ਰਹੀ ਹੈ, ਉਸ ਦਾ ਦੇਸ਼ ਦੇ ਜਮਹੂਰੀ ਢਾਂਚੇ ਲਈ ਘਾਤਕ ਅਸਰ ਪੈਣਾ ਸੁਭਾਵਿਕ ਹੈ।ਜੇਕਰ ਦੇਸ਼ ਵਿੱਚ ਭਾਰਤੀ ਜਨਤਾ ਪਾਰਟੀ ਦੇ ਮੌਜੂਦਾ ਰਾਜ ਕਾਲ ਤੇ ਪਿਛਲੇ ਅਰਸੇ ਦੌਰਾਨ ਰਹੇ ਕਾਂਗਰਸ ਪਾਰਟੀ ਦੇ ਰਾਜ ਪ੍ਰਬੰਧਾਂ ਦੀ ਤੁਲਨਾ ਡੂੰਘਾਈ ਨਾਲ ਕੀਤੀ ਜਾਵੇ ਤਾਂ ਦੋਵਾਂ ਦੀ ਕਾਰਗੁਜ਼ਾਰੀ ਵਿੱਚ ਵੱਡਾ ਅੰਤਰ ਵੇਖਣ ਨੂੰ ਮਿਲੇਗਾ, ਜਿਸ ਉਪਰੰਤ ਐੱਨ ਡੀ ਏ ਵਿੱਚ ਸ਼ਾਮਲ ਰਹੀਆਂ ਵਭਿੰਨ ਭਾਸ਼ਾਵਾਂ, ਵਭਿੰਨ ਸੱਭਿਆਚਾਰਾਂ ਤੇ ਵੱਖ ਵੱਖ ਰਾਜਾਂ ਦੀ ਤਰਜ਼ਮਾਨੀ ਕਰਨ ਵਾਲੀਆਂ ਖੇਤਰੀ ਪਾਰਟੀਆਂ ਨੂੰ ਵੀ ਆਪੋ ਆਪਣੇ ਰਾਜਾਂ ਵਿੱਚ ਨਮੋਸ਼ੀ ਦਾ ਸਾਹਮਣਾ ਕਰਨਾ ਪਵੇਗਾ।ਸਾਬਕਾ ਵਿਧਾਇਕਾ ਨੇ ਕਿਹਾ ਕਿ ਕੇਂਦਰ ਵਿੱਚ ਰਹਿ ਚੁੱਕੀ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਯੂ ਪੀ ਏ ਸਰਕਾਰ ਦੇ ਕਾਰਜਕਾਲ ਦੌਰਾਨ ਦੇਸ਼ ਦੇ ਪ੍ਰਧਾਨ ਮੰਤਰੀ, ਭਾਰਤੀ ਫੌਜ ਦੇ ਮੁਖੀ ਤੇ ਹੋਰ ਅਹਿਮ ਅਹੁਦੇ ਘੱਟ ਗਿਣਤੀ ਫਿਰਕੇ ਨਾਲ ਸਬੰਧਤ ਆਗੂਆਂ ਨੂੰ ਸੌਂਪੇ ਗਏ।

ਸਮਾਜਵਾਦੀ ਕਦਰਾਂ ਕੀਮਤਾਂ ਤਹਿਤ ਦੇਸ਼ ਦੀਆਂ ਬੈਂਕਾਂ ਦਾ ਰਾਸ਼ਟਰੀਕਰਨ ਕੀਤਾ ਗਿਆ, ਪਿਤਾ-ਪੁਰਖੀ ਰਿਆਸਤਾਂ ਦੀ ਥਾਂ ਦੇਸ਼ ਵਿੱਚ ਜਮਹੂਰੀ ਢਾਂਚਾ ਅਮਲ ਵਿੱਚ ਲਿਆਂਦਾ ਗਿਆ।ਇਸੇ ਸਦੀ ਦੇ ਸ਼ੁਰੂ ਵਿੱਚ ਡਾ: ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਨੇ ਆਮ ਲੋਕਾਂ ਨੂੰ ਸਰਕਾਰੀ ਫਾਈਲਾਂ ਦਾ ਸੱਚ ਜਾਨਣ ਤੇ ਸਰਕਾਰੀ ਤੰਤਰ ਵਿੱਚ ਪਾਰਦਰਸ਼ਤਾ ਲਿਆਉਣ ਲਈ ਸੂਚਨਾ ਦਾ ਅਧਿਕਾਰ ਕਾਨੂੰਨ-2005 ਅਮਲ ਵਿੱਚ ਲਿਆਂਦਾ ਗਿਆ, ਪਰ ਅੱਜ ਅਫਸੋਸ ਦੀ ਗੱਲ ਹੈ ਕਿ ਪੰਜਾਬ ਵਿੱਚ ਆਮ ਆਦਮੀ ਦੇ ਨਾਂ 'ਤੇ ਬਣੀ ਸੂਬਾ ਸਰਕਾਰ ਦੇ ਰਾਜਕਾਲ ਦੌਰਾਨ ਸੂਚਨਾ ਦੇ ਅਧਿਕਾਰ ਕਾਨੂੰਨ ਨੂੰ ਪੂਰੀ ਤਰ੍ਹਾਂ ਹਾਸ਼ੀਏ 'ਤੇ ਕੀਤਾ ਹੋਇਆ ਹੈ, ਜਿਸ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਮਰੱਥ ਅਧਿਕਾਰੀ ਆਮ ਆਦਮੀ ਵਰਗ ਨੂੰ ਮੰਗੀ ਗਈ ਕਿਸੇ ਵੀ ਸੂਚਨਾ ਦਾ ਜਵਾਬ ਦੇਣ ਲਈ ਤਿਆਰ ਨਹੀਂ ਹਨ।ਕੁੱਲ ਮਿਲਾ ਕੇ ਕੇਂਦਰ ਤੇ ਪੰਜਾਬ ਸਰਕਾਰ ਦੀ ਅਗਵਾਈ ਵਿੱਚ ਭਾਰਤੀ ਸੰਵਿਧਾਨ ਤੇ ਸੰਵਿਧਾਨਕ ਨਿਯਮਾਂ ਦੀਆਂ ਸ਼ਰੇਆਮ ਧੱਜੀਆਂ ਉੱਡ ਰਹੀਆਂ ਹਨ।

# ਅਗਨੀਵੀਰ ਸਕੀਮ ਦੇਸ਼ ਦੀ ਸੁਰੱਖਿਆ ਨਾਲ ਖਿਲਵਾੜ : ਸੰਧਵਾਂ

### ਅਗਨੀਵੀਰ ਅਕਾਸ਼ਦੀਪ ਸਿੰਘ ਦੀ ਅੰਤਿਮ ਅਰਦਾਸ 'ਚ ਕੀਤੀ ਸ਼ਿਰਕਤ



**ਕੋਟਕਪੂਰਾ (ਰਛਪਾਲ ਭੁੱਲਰ)**-ਹਲਕਾ ਕੋਟਕਪੂਰਾ ਦੇ ਪਿੰਡ ਕੋਠੇ ਚਹਿਲ ਤੋਂ ਅਗਨੀਵੀਰ ਅਕਾਸ਼ਦੀਪ ਸਿੰਘ ਜੋ ਕਿ ਮਹਿਜ 22 ਸਾਲ ਦਾ ਸੀ, ਦੀ ਜੰਮੂ-ਕਸ਼ਮੀਰ ਵਿੱਚ ਡਿਊਟੀ ਦੌਰਾਨ ਪਿਛਲੇ ਦਿਨੀਂ ਮੌਤ ਹੋ ਗਈ ਸੀ।ਅੱਜ ਸਪੀਕਰ ਪੰਜਾਬ ਵਿਧਾਨ ਸਭਾ ਸ੍ਰ. ਕੁਲਤਾਰ ਸਿੰਘ ਸੰਧਵਾਂ ਅਗਨੀਵੀਰ ਅਕਾਸ਼ਦੀਪ ਸਿੰਘ ਦੇ ਭੋਗ ਦੀ ਅੰਤਿਮ ਅਰਦਾਸ ਵਿੱਚ ਪਹੁੰਚੇ ਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਇਸ ਮੌਕੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਗੁਰਪ੍ਰੀਤ ਕੌਰ ਸੰਧਵਾਂ ਵੀ ਉਨ੍ਹਾਂ ਦੇ ਨਾਲ ਸਨ।ਇਸ ਮੌਕੇ ਸਪੀਕਰ ਸੰਧਵਾਂ ਨੇ ਕਿਹਾ ਕਿ ਪਰਿਵਾਰ ਤੇ ਪੂਰੇ ਇਲਾਕੇ ਲਈ ਇਹ ਬਹੁਤ ਹੀ ਦੁੱਖ ਦੀ ਘੜੀ ਹੈ।ਅਕਾਸ਼ਦੀਪ ਸਿੰਘ ਦੀ ਅਚਾਨਕ ਮੌਤ ਨਾਲ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ, ਜਿਹੜਾ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ।ਇਸ ਅਗਨੀਵੀਰ ਯੋਧੇ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਸਪੀਕਰ ਸੰਧਵਾਂ ਨੇ ਪਰਿਵਾਰ ਦੇ ਦੁੱਖ 'ਚ ਸ਼ਰੀਕ ਹੁੰਦੇ ਹੋਏ ਗੁਰੂ ਚਰਨਾਂ ਵਿੱਚ ਪੂਰੇ ਪਰਿਵਾਰ ਨੂੰ ਇਹ ਭਾਣਾ ਮੰਨਣ ਦੀ ਸ਼ਕਤੀ ਬਖ਼ਸ਼ਣ ਦੀ ਕਾਮਨਾ ਕੀਤੀ ਅਤੇ ਕਿਹਾ ਕਿ ਇਸ ਦੁੱਖ ਦੀ ਘੜੀ ਦੇ ਵਿੱਚ ਉਹ ਪੂਰੀ ਤਰ੍ਹਾਂ ਪਰਿਵਾਰ ਦੇ ਨਾਲ ਖੜ੍ਹੇ ਹਾਂ।ਅਗਨੀਵੀਰ ਭਰਤੀ ਸਬੰਧੀ ਬੋਲਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਇਹ ਸਕੀਮ ਸਾਡੇ ਦੇਸ਼ ਦੀ ਸੁਰੱਖਿਆ ਨਾਲ ਸਿੱਧਾ ਖਿਲਵਾੜ ਹੈ।ਕੇਂਦਰ ਸਰਕਾਰ ਨੂੰ ਅਗਨੀਵੀਰ ਸਕੀਮ ਬੰਦ ਕਰਕੇ ਫੌਜ ਵਿੱਚ ਜਵਾਨਾਂ ਦੀ ਰੈਗੂਲਰ ਭਰਤੀ ਕਰਨੀ ਚਾਹੀਦੀ ਹੈ ਤਾਂ ਜੋ ਸਰਹੱਦ 'ਤੇ ਬੈਠੇ ਜਵਾਨਾਂ ਨੂੰ ਉਨ੍ਹਾਂ ਦਾ ਬਣਦਾ ਦਰਜਾ ਮਿਲ ਸਕੇ।ਸ੍ਰ. ਸੰਧਵਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਅਕਾਸ਼ਦੀਪ ਕੇਵਲ ਬਲਵਿੰਦਰ ਸਿੰਘ ਦਾ ਪੁੱਤਰ ਨਹੀਂ, ਇਹ ਸਮੁੱਚੇ ਦੇਸ਼ ਦਾ ਬੇਟਾ ਬਣ ਚੁੱਕਿਆ ਹੈ, ਅਕਾਸ਼ਦੀਪ ਸਿੰਘ ਨੂੰ ਬਣਦਾ ਮਾਣ ਸਤਿਕਾਰ ਤੇ ਰੁਤਬਾ ਦਿਵਾਉਣ ਲਈ ਪਹਿਲੇ ਦਿਨ ਤੋਂ ਹੀ ਸਥਾਨਕ ਪ੍ਰਸ਼ਾਸਨ ਤੇ ਚੀਫ਼ ਸੈਕਟਰੀ ਪੰਜਾਬ ਜ਼ਰੀਏ ਫੌਜ ਦੇ ਅਧਿਕਾਰੀਆਂ ਨਾਲ ਤਾਲਮੇਲ ਜਾਰੀ ਹੈ, ਜਿਸ ਦੇ ਬਹੁਤ ਜਲਦ ਉਸਾਰੂ ਹੱਲ ਦੀ ਸੰਭਾਵਨਾ ਹੈ।

## ਵਿਸ਼ਵਕਰਮਾ ਭਵਨ ਵਿਖੇ ਖ਼ੂਨਦਾਨ ਕੈਂਪ ਭਲਕੇ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਮਾਜ ਸੇਵੀ ਸੰਸਥਾ ਸ੍ਰੀ ਵਿਸ਼ਕਰਮਾ ਭਵਨ ਕਮੇਟੀ ਵੱਲੋਂ ਮੱਸਿਆ ਦੇ ਦਿਹਾੜੇ ਮੌਕੇ ਵਿਸ਼ਾਲ ਖ਼ੂਨਦਾਨ ਕੈਂਪ ਵਿਸ਼ਵਕਰਮਾ ਬਲੱਡ ਡੋਨਰਜ਼ ਕਲੱਬ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ।ਜਾਣਕਾਰੀ ਦਿੰਦਿਆਂ ਵਿਸ਼ਵਕਰਮਾ ਭਵਨ ਕਮੇਟੀ ਦੇ ਆਗੂ ਗੋਬਿੰਦ ਸਿੰਘ ਵਿਰਦੀ ਨੇ ਦੱਸਿਆ ਕਿ 27 ਮਈ ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਰੱਖੇ ਜਾਣਗੇ ਤੇ ਭੋਗ ਉਪਰੰਤ ਵਿਸ਼ਵਕਰਮਾ ਭਵਨ ਵਿਖੇ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ।ਖ਼ੂਨਦਾਨ ਕੈਂਪ ਦੇ ਇੰਚਾਰਜ ਹਰਜਿੰਦਰ ਸਿੰਘ ਬਿੱਟਾ ਦੀ ਅਗਵਾਈ ਵਿੱਚ ਲਗਾਏ ਜਾ ਰਹੇ ਕੈਂਪ ਦਾ ਉਦਘਾਟਨ ਭਗਵਾਨ ਹੈਲਥ ਕੇਅਰ ਸੈਂਟਰ ਪਾਤੜਾਂ ਦੇ ਮਾਹਰ ਡਾਕਟਰ ਅਮਨ ਸ਼ਰਮਾ ਕਰਨਗੇ।

# ਵਿਕਾਸ ਮਿਸ਼ਨ ਵੱਲੋਂ ਹੁਸ਼ਿਆਰ ਵਿਦਿਆਰਥੀ ਸਨਮਾਨ ਸਮਾਰੋਹ ਆਯੋਜਤ

### ਮੈਰਿਟ ਵਾਲੇ ਤੀਹ ਵਿਦਿਆਰਥੀ ਕੀਤੇ ਸਨਮਾਨਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਰੇਲਵੇ ਰੋਡ ਸਥਿਤ ਸਿਟੀ ਹੋਟਲ ਵਿਖੇ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਹੁਸ਼ਿਆਰ ਵਿਦਿਆਰਥੀ ਸਨਮਾਨ ਸਮਾਰੋਹ ਆਯੋਜਤ ਕੀਤਾ ਗਿਆ।ਸਮਾਰੋਹ ਦੌਰਾਨ ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ ਤੇ ਨਿਰੰਜਣ ਸਿੰਘ ਰੱਖਰਾ ਸਮੇਤ ਵਿਕ੍ਰਾਂਤ ਤੇਰੀਆ, ਪ੍ਰਦੀਪ ਧੁੜੀਆ, ਡਾ. ਸੁਰਿੰਦਰ ਗਿਰਧਰ, ਸਾਹਿਲ ਕੁਮਾਰ ਹੈਪੀ, ਮਨਪ੍ਰੀਤ ਕੌਰ ਚਹਿਲ, ਪ੍ਰਿਯਾ ਤੇ ਨਰਿੰਦਰ ਕਾਕਾ ਸਮੇਤ ਵੱਡੀ ਗਿਣਤੀ ਵਿੱਚ ਮਿਸ਼ਨ ਅਹੁਦੇਦਾਰ ਅਤੇ ਮੈਂਬਰ ਮੌਜੂਦ ਸਨ।ਇਸ ਤੋਂ ਇਲਾਵਾ ਪੰਜਾਬ ਰਾਈਸ ਸ਼ੈਲਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਭਾਰਤ ਭੂਸ਼ਣ ਬਿੰਟਾ ਬਾਂਸਲ, ਪ੍ਰਸਿੱਧ ਉਦਯੋਗਪਤੀ ਅਤੇ ਮਿਸ਼ਨ ਸਹਿਯੋਗੀ ਹੈਪੀ ਸ਼ਰਮਾ ਤੇ ਸਮਾਜ ਸੇਵਕ ਮਿੰਕਲ ਬਜਾਜ ਨੇ ਵੀ ਫੋਨ ਰਾਹੀਂ ਸਮਾਰੋਹ ਦੀ ਸਫਲਤਾ ਤੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤੇ ਜਾਣ 'ਤੇ ਪ੍ਰਧਾਨ ਢੋਸੀਵਾਲ ਨੂੰ ਵਧਾਈ ਦਿੱਤੀ ਹੈ।

ਜਸਪਾਲ ਮੋਂਗਾ ਪੀ.ਈ.ਐਸ.-1 ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਤੇ ਐਲੀਮੈਂਟਰੀ) ਸਮਾਰੋਹ ਦੇ ਮੁੱਖ ਮਹਿਮਾਨ ਸਨ।ਉੱਘੇ ਸਿੱਖਿਆ ਸ਼ਾਸਤਰੀ ਤੇ ਸੇਵਾਮੁਕਤ ਪੀ.ਈ.ਐਸ.1 ਪ੍ਰੋ. ਕੁਲਵੰਤ ਸ਼ਰਮਾ ਨੇ ਸਮਾਰੋਹ ਦੌਰਾਨ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ।ਸਮਾਰੋਹ ਦੇ ਸ਼ੁਰੂ ਵਿੱਚ ਮਿਸ਼ਨ ਚੇਅਰਮੈਨ ਨਿਰੰਜਣ ਸਿੰਘ ਰੱਖਰਾ ਨੇ ਸਭਨਾਂ ਨੂੰ ਜੀ ਆਇਆਂ ਕਿਹਾ ਤੇ ਸਵਾਗਤ ਕੀਤਾ।

ਢੋਸੀਵਾਲ ਨੇ ਦੱਸਿਆ ਹੈ ਕਿ ਸਮਾਗਮ ਦੌਰਾਨ ਬਾਬਾ ਫਰੀਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਛੱਤੇਆਣਾ ਦੀ ਬਾਰਵੀਂ ਦੀ ਪ੍ਰੀਖਿਆ ਵਿੱਚੋਂ ਸੌ ਪ੍ਰਤੀਸ਼ਤ ਅੰਕ ਪ੍ਰਾਪਤ ਕਰਨ ਵਾਲੀ ਹੋਣਹਾਰ ਵਿਦਿਆਰਥਣ ਤੇ ਉਮਰ ਦੇ ਹਿਸਾਬ ਨਾਲ ਪੰਜਾਬ ਵਿੱਚੋਂ ਦੂਸਰੇ ਸਥਾਨ 'ਤੇ ਆਉਣ ਵਾਲੀ ਰਤਿੰਦਰਦੀਪ ਕੌਰ ਸਮੇਤ ਸਥਾਨਕ ਸ.ਸ.ਸ.ਸ. (ਕ) ਦੀਆਂ ਸਾਕਸ਼ੀ ਤੇ ਗੀਤਿਕਾ ਸਮੇਤ ਸ.ਸ.ਸ.ਸ. (ਕ) ਸਕੂਲ ਲੱਖੇਵਾਲੀ ਦੀ ਅਰਸ਼ਪ੍ਰੀਤ ਕੌਰ ਨੂੰ ਸਮਾਰੋਹ ਦੌਰਾਨ ਸਨਮਾਨਿਤ ਕੀਤਾ ਗਿਆ।ਇਸ ਤੋਂ ਇਲਾਵਾ ਅਰਸ਼ੀਆ, ਨਵਰੀਤ ਕੌਰ, ਅਨਮੋਲ ਕੁਮਾਰ, ਗੁਰਜੋਤ, ਸ਼ਰਨਦੀਪ ਕੌਰ, ਹੁਸ਼ਮੀਤ ਕੌਰ, ਸਿਮਰਨ ਕੌਰ, ਖੁਸ਼ਪ੍ਰੀਤ ਕੌਰ, ਸਮਦਿਸ਼ਾ, ਅਦਿੱਤੀ ਭਾਰਦਵਾਜ, ਮੰਨਤਵੀਰ, ਰਵਨੀਤ ਕੌਰ, ਦਿਲਕਸ਼, ਅਵਨੀਤ ਕੌਰ, ਸਪਨਾ ਕੁਮਾਰੀ ਰਾਵਤ, ਮਨਸਿਮਰਤ ਕੌਰ, ਪ੍ਰਭਜੋਤ ਕੌਰ, ਸੁਖਨੂਰ ਕੌਰ, ਅਕਸ਼ਰਾ, ਹਰਮਨਦੀਪ ਸਿੰਘ, ਗੁਰਨੀਤ ਕੌਰ, ਤਰਸ਼ਪ੍ਰੀਤ ਕੌਰ, ਸੁਖਮਨੀ, ਹਰਮਨਪ੍ਰੀਤ ਕੌਰ, ਦੀਪਕ ਅਤੇ ਹਰਮਨਜੀਤ ਸਮੇਤ ਮੈਰਿਟ ਵਿੱਚ ਆਉਣ ਵਾਲੇ 30 ਹੋਣਹਾਰ ਵਿਦਿਆਰਥੀਆਂ ਨੂੰ ਮਿਸ਼ਨ ਵੱਲੋਂ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨ ਰਾਹੀਂ ਸ਼ਾਨਦਾਰ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ

## ...ਸ.ਫਾ 3 ਦੇ ਬਾਕੀ

### ਤਾਊ ਜਾਂਗੜਾ ਦੇ ਬਿਆਨ...

ਸ਼ਰਮਨਾਕ ਬਿਆਨ ਲਈ ਪ੍ਰਧਾਨ ਮੰਤਰੀ ਨਾ ਸਿਰਫ ਮੁਆਫੀ ਮੰਗਣ, ਸਗੋਂ ਜਾਂਗੜਾ ਨੂੰ ਪਾਰਟੀ ਵਿੱਚੋਂ ਵੀ ਕੱਢਣ। ਉਨ੍ਹਾ ਕਿਹਾ ਕਿ ਸ਼ਹੀਦਾਂ ਤੇ ਉਨ੍ਹਾਂ ਦੇ ਪਰਵਾਰਾਂ ਦੀ ਬੇਇੱਜ਼ਤੀ ਕਰਨੀ ਭਾਜਪਾ ਆਗੂਆਂ ਦੀ ਆਦਤ ਬਣ ਗਈ ਹੈ। ਇਹ ਬਿਆਨ ਸੱਤਾ ਦੇ ਨਸ਼ੇ ਵਿੱਚ ਚੂਰ ਮਾਨਸਿਕਤਾ ਨੂੰ ਵੀ ਉਜਾਗਰ ਕਰਦਾ ਹੈ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ ਕਿ ਇਹ ਬਿਆਨ ਏਨਾ ਘ੍ਰਿਣਤ ਹੈ ਕਿ ਨਿੰਦਾ ਸ਼ਬਦ ਵੀ ਇਸ ਲਈ ਛੋਟਾ ਪੈ ਜਾਵੇਗਾ। ਉਂਜ ਭਾਜਪਾ ਮਹਿਲਾਵਾਂ ਦੀ ਪੂਜਾ ਦੀ ਗੱਲ ਕਰਦੀ ਹੈ, ਪਰ ਅਸਲੀਅਤ ਵਿੱਚ ਉਨ੍ਹਾਂ ਨੂੰ ਬੇਇੱਜ਼ਤ ਕਰਨ ਤੇ ਨੀਵਾਂ ਦਿਖਾਉਣ ਦਾ ਕੋਈ ਮੌਕਾ ਨਹੀਂ ਛੱਡਦੀ। ਇਸੇ ਦੌਰਾਨ ਜਾਂਗੜਾ ਨੇ ਚਾਰ ਮਿੰਟ ਦੀ ਵੀਡੀਓ ਜਾਰੀ ਕਰਕੇ ਸਫਾਈ ਦਿੱਤੀ ਹੈ ਕਿ ਉਨ੍ਹਾ ਦੀ ਗੱਲ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਉਨ੍ਹਾ ਕਿਹਾ, 'ਮੈਂ ਇਹ ਗੱਲ ਉਸ ਸੰਦਰਭ ਵਿੱਚ ਕਹੀ ਸੀ ਕਿ ਸਾਡੇ ਇਤਿਹਾਸ 'ਚ ਸਾਨੂੰ ਸਿਰਫ ਮੁਗਲਾਂ ਤੇ ਅੰਗਰੇਜ਼ਾਂ ਬਾਰੇ ਪੜ੍ਹਾਇਆ ਗਿਆ, ਪਰ 2014 ਦੇ ਬਾਅਦ ਸਾਡੇ ਵੀਰ ਯੋਧਿਆਂ ਦਾ ਇਤਿਹਾਸ ਪੜ੍ਹਾਇਆ ਜਾਣ ਲੱਗਾ, ਜਿਸ ਨਾਲ ਨੌਜਵਾਨਾਂ ਵਿੱਚ ਬਹਾਦਰੀ ਦੀ ਭਾਵਨਾ ਆਈ। ਮੈਂ ਨਹੀਂ ਮੰਨਦਾ ਕਿ ਸਾਡੀਆਂ ਭੈਣਾਂ ਕਮਜ਼ੋਰ ਹਨ, ਉਹ ਬਹਾਦਰ ਹਨ। ਬਸ ਉਨ੍ਹਾਂ ਵਿੱਚ ਰਾਣੀ ਲਕਸ਼ਮੀ ਬਾਈ ਤੇ ਅਹਿਲਿਆਬਾਈ ਹੋਲਕਰ ਵਰਗੀ ਭਾਵਨਾ ਜਾਗਰਤ ਕਰਨ ਦੀ ਲੋੜ ਹੈ। ਜੇ ਕਿਸੇ ਦੀ ਭਾਵਨਾ ਨੂੰ ਠੇਸ ਪੁੱਜੀ ਹੈ ਤਾਂ ਮੈਨੂੰ ਮੁਆਫੀ ਮੰਗਣ ਵਿੱਚ ਕੋਈ ਇਤਰਾਜ਼ ਨਹੀਂ।' ਇਹ ਉਹੀ ਜਾਂਗੜਾ ਹਨ, ਜਿਨ੍ਹਾ ਕਿਹਾ ਸੀ ਕਿ ਕਿਸਾਨ ਅੰਦੋਲਨ ਦੌਰਾਨ 700 ਕੁੜੀਆਂ ਗਾਇਬ ਹੋ ਗਈਆਂ, ਜਿਸ ਲਈ ਪੰਜਾਬ ਵਿੱਚ ਨਸ਼ਾ ਕਰਨ ਵਾਲੇ ਜ਼ਿੰਮੇਵਾਰ ਹਨ।

### ਗੁਰਬਚਨ ਸਿੰਘ ਮੰਦਰਾਂ...

ਕਮਿਊਨਿਸਟ ਲਹਿਰ ਵਿੱਚ ਦੋਵਾਂ ਸ਼ਖ਼ਸੀਅਤਾਂ ਦੀ ਦੇਣ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਅੰਕਿਤ ਹੋਵੇਗੀ। ਮਾੜੀ ਸਿਹਤ ਦੇ ਬਾਵਜੂਦ ਮਾਸਟਰ ਗੁਰਬਚਨ ਸਿੰਘ ਟੀਚਰਜ਼ ਹੋਮ ਬਠਿੰਡਾ ਦੀ ਜ਼ਿੰਮੇਵਾਰੀ ਬਾਖੂਬੀ ਨਿਭਾ ਰਹੇ ਹਨ, ਪਿੰਡ ਦੀ ਪਾਰਟੀ ਬ੍ਰਾਂਚ ਦੀ ਹਰ ਸੰਭਵ ਮਦਦ ਕਰਦੇ ਹਨ, ਜਦੋਂ ਵੀ ਪਾਰਟੀ ਨੂੰ ਫੰਡ ਦੀ ਲੋੜ ਪਈ ਤਾਂ ਇਨ੍ਹਾ ਵੱਧ ਤੋਂ ਵੱਧ ਸਹਿਯੋਗ ਦਿੱਤਾ ਹੈ। ਸਤੰਬਰ ਵਿੱਚ ਹੋ ਰਹੀ 25ਵੀਂ ਪਾਰਟੀ ਕਾਂਗਰਸ ਦੇ ਪ੍ਰਬੰਧਾਂ ਲਈ ਮਾਲੀ ਮਦਦ ਲਈ ਅਰਸ਼ੀ ਨੇ ਅਪੀਲ ਕੀਤੀ ਤਾਂ ਉਨ੍ਹਾ ਤੁਰੰਤ ਪੰਜਾਹ ਹਜ਼ਾਰ ਕੱਢ ਕੇ ਕਾਮਰੇਡ ਅਰਸ਼ੀ ਦੇ ਸੁਪਰਦ ਕਰਦਿਆਂ ਕਿਹਾ ਕਿ ਇਹ ਮੇਰੀ ਪਹਿਲੀ ਕਿਸ਼ਤ ਹੈ, ਮੈਂ ਹੋਰ ਵੀ ਯੋਗਦਾਨ ਪਾਵਾਂਗਾ।ਇਸ ਸਮੇਂ ਪਾਰਟੀ ਦੇ ਸੀਨੀਅਰ ਆਗੂ ਤੇ ਜ਼ਿਲ੍ਹਾ ਕਿਸਾਨ ਸਭਾ ਜਨਰਲ ਸਕੱਤਰ ਮਲਕੀਤ ਸਿੰਘ ਮੰਦਰਾਂ ਵੀ ਮੌਜੂਦ ਸਨ।

### ਮਾਓਵਾਦੀਆਂ ਦੇ ਖਾਤਮੇ ...

ਜੰਗਲ ਤੇ ਉਥੇ ਪਾਏ ਜਾਂਦੇ ਕੁਦਰਤੀ ਸਰੋਤਾਂ ਨੂੰ ਕਾਰਪੋਰੇਟਾਂ ਨੂੰ ਵੇਚੀ ਜਾ ਰਹੀ ਹੈ।ਮਾਓਵਾਦੀ ਤੇ ਨਕਸਲਾਈਟ ਸਰਕਾਰ ਦੀ ਇਸ ਨੀਤੀ ਦੀ ਵਿਰੋਧਤਾ ਕਰਦੇ ਹਨ।ਸਰਕਾਰ ਵਿਰੋਧ ਕਰਨ ਵਾਲੇ ਲੋਕਾਂ ਦਾ ਕਤਲੇਆਮ ਕਰ ਰਹੀ ਹੈ।ਛਤੀਸਗੜ੍ਹ ਦੇ ਬਸਤਰ ਆਦਿ ਇਲਾਕਿਆਂ ਵਿੱਚ ਸਰਕਾਰ ਨੇ ਮਾਓਵਾਦੀਆਂ ਦੇ ਨਾਂਅ 'ਤੇ ਆਦਿਵਾਸੀਆਂ ਨੂੰ ਵੀ ਵੱਡੀ ਪੱਧਰ 'ਤੇ ਮਾਰਨ ਜਾਂ ਜੇਲ੍ਹਾਂ ਅੰਦਰ ਡੱਕਣ ਦਾ ਕੰਮ ਕੀਤਾ ਹੈ। ਪਿੰਡਾਂ ਦੇ ਪਿੰਡ ਖਾਲੀ ਹੋ ਗਏ ਹਨ।ਆਦਿਵਾਸੀਆਂ ਦੇ ਬੱਚਿਆਂ 'ਤੇ ਸਰਕਾਰ ਵੱਲੋਂ ਜ਼ੁਲਮ ਢਾਹਿਆ ਜਾ ਰਿਹਾ ਹੈ।ਇਸੇ ਤਰ੍ਹਾਂ ਬੇਜ਼ਮੀਨੇ ਕਿਸਾਨਾਂ ਤੇ ਮਜ਼ਦੂਰਾਂ ਨੇ ਸੰਗਰੂਰ ਇਲਾਕੇ ਵਿੱਚ ਜਗੀਰਦਾਰਾਂ ਦੀਆਂ ਜ਼ਮੀਨਾਂ ਇਕੁਆਇਰ ਕਰਕੇ ਬੇਜ਼ਮੀਨੇ ਕਿਸਾਨਾਂ ਤੇ ਮਜ਼ਦੂਰਾਂ ਵਿੱਚ ਵੰਡਣ ਲਈ ਸੰਘਰਸ਼ ਸ਼ੁਰੂ ਕੀਤਾ ਹੈ।ਇਸ ਸੰਘਰਸ਼ ਨੂੰ ਰੋਕਣ ਲਈ ਪੰਜਾਬ ਸਰਕਾਰ ਨੇ ਵੱਡੀ ਪੱਧਰ 'ਤੇ ਕਿਸਾਨ ਮਰਦਾਂ ਤੇ ਔਰਤਾਂ ਨੂੰ ਜੇਲ੍ਹੀਂ ਡੱਕਿਆ ਹੋਇਆ ਹੈ।ਮੀਟਿੰਗ ਦੀ ਪੁਰਜ਼ੋਰ ਮੰਗ ਹੈ ਕਿ ਸਰਕਾਰ ਜ਼ਮੀਨਾਂ ਇਕੁਆਇਰ ਕਰਕੇ ਬੇਜ਼ਮੀਨੇ ਲੋਕਾਂ ਨੂੰ ਦੇਵੇ, ਜੋ ਕਿਸਾਨ ਮਰਦ ਤੇ ਔਰਤਾਂ ਜੇਲ੍ਹਾਂ ਵਿੱਚ ਹਨ, ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ।ਇਸੇ ਤਰ੍ਹਾਂ ਪੰਜਾਬ ਸਰਕਾਰ ਦੇ ਮਹਿਕਮੇ ਗਲਾਡਾ ਨੇ 24000 ਹਜ਼ਾਰ ਏਕੜ ਜ਼ਮੀਨ 'ਤੇ ਕਬਜ਼ਾ ਕਰਨ ਦੀ ਠਾਣੀ ਹੋਈ ਹੈ।ਸਰਕਾਰ ਦੀ ਇਸ ਲੋਕ ਉਜਾੜੂ ਨੀਤੀ ਵਿੱਚ ਲੁਧਿਆਣਾ ਦੇ 41 ਪਿੰਡ, 5 ਮੋਗਾ, 3 ਫਿਰੋਜ਼ਪੁਰ ਅਤੇ ਇੱਕ ਪਿੰਡ ਨਵਾਂ ਸ਼ਹਿਰ ਦਾ ਆਉਂਦਾ ਹੈ।ਇਹ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ ਕਿ ਸਰਕਾਰ ਦੀ ਇਸ ਨੀਤੀ ਨਾਲ ਕਿੰਨੇ ਲੋਕ ਬੇਰੁਜ਼ਗਾਰ ਹੋਣਗੇ।ਇਨ੍ਹਾਂ ਮਸਲਿਆਂ ਨੂੰ ਲੈ ਕੇ ਖੱਬੀਆਂ ਪਾਰਟੀਆਂ ਤੇ ਇਨਕਲਾਬੀ ਜਥੇਬੰਦੀਆਂ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿਖੇ ਕਨਵੈਨਸ਼ਨ ਕਰਨ ਤੋਂ ਬਾਅਦ ਰੋਹ ਭਰਪੂਰ ਮਾਰਚ ਵੀ ਕੀਤਾ ਜਾਵੇਗਾ।ਮੀਟਿੰਗ ਵਿੱਚ ਰਣਜੀਤ ਸਿੰਘ ਔਲਖ, ਪਰਗਟ ਸਿੰਘ ਜਾਮਾਰਾਏ ਤੇ ਕੁਲਵਿੰਦਰ ਸਿੰਘ ਵੜੈਚ ਵੀ ਹਾਜ਼ਰ ਸਨ।

### ਭੁੱਖਮਰੀ ਨਾਲ ਤੜਫ਼ਦੇ ...

ਮੰਗ ਕਰਨ ਕੇ ਫ਼ਲਸਤੀਨ ਦੇ ਅੰਦਰੋਂ ਇਜ਼ਰਾਇਲ ਦੀਆਂ ਫੌਜਾਂ ਤੁਰੰਤ ਬਾਹਰ ਜਾਣ, ਫਲਸਤੀਨ ਨੂੰ ਫ਼ਲਸਤੀਨੀਆਂ ਦੇ ਹਵਾਲੇ ਕੀਤਾ ਜਾਏ, ਨਾਕਾਬੰਦੀ ਖਤਮ ਕੀਤੀ ਜਾਏ, ਸੈਨਿਕ ਬਲ ਤੁਰੰਤ ਵਾਪਸ ਬੁਲਾਏ ਜਾਣ, ਫਲਸਤੀਨੀਆਂ 'ਤੇ ਲਾਈਆਂ ਸਭ ਰੋਕਾਂ ਖਤਮ ਕੀਤੀਆਂ ਜਾਣ ਅਤੇ ਸਭ ਤੋਂ ਪਹਿਲਾਂ ਭੁੱਖਮਰੀ ਦੇ ਜਬਾੜ੍ਹਿਆਂ ਵਿੱਚ ਆਏ ਫ਼ਲਸਤੀਨੀ ਲੋਕਾਂ ਲਈ ਖਾਧ-ਖੁਰਾਕ, ਦਵਾਈਆਂ, ਪਾਣੀ ਆਦਿ ਬਿਨਾਂ ਰੋਕ-ਟੋਕ ਪਹੁੰਚਣ ਦੀ ਜ਼ਾਮਨੀ ਕੀਤੀ ਜਾਵੇ, ਹਸਪਤਾਲਾਂ ਦਾ ਭਰੋਸੇਯੋਗ ਪ੍ਰਬੰਧ ਕੀਤਾ ਜਾਵੇ, ਦੁਨੀਆ ਭਰ 'ਚੋਂ ਗਾਜ਼ਾ ਵਾਸੀਆਂ ਦੇ ਇਲਾਜ ਅਤੇ ਜੀਵਨ ਸੁਰੱਖਿਆ ਲਈ ਸਹਾਇਤਾ ਟੀਮਾਂ ਨੂੰ ਸਾਜ਼ੋ-ਸਾਮਾਨ ਲੈ ਕੇ ਜਾਣ ਦੀ ਖੁੱਲ੍ਹ ਦਿੱਤੀ ਜਾਵੇ।

## 64ਵਾਂ ਅੱਖਾਂ ਦਾ ਮੁਫ਼ਤ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ ਲਗਾਇਆ



**ਜਗਰਾਉਂ (ਅਮਿਤ ਖੰਨਾ)**-ਏ ਪੀ ਰਿਫਾਇਨਰੀ ਜਗਰਾਉਂ ਵੱਲੋਂ ਲੋਕ ਸੇਵਾ ਸੁਸਾਇਟੀ ਜਗਰਾਉਂ ਤੇ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੇ ਸਹਿਯੋਗ ਨਾਲ 64ਵਾਂ ਅੱਖਾਂ ਚਿੱਟੇ ਮੋਤੀਏ ਦਾ ਮੁਫ਼ਤ ਚੈੱਕਅਪ ਤੇ ਅਪ੍ਰੇਸ਼ਨ ਕੈਂਪ ਲੰਮਿਆਂ ਵਾਲਾ ਬਾਗ ਨੇੜੇ ਡੀ ਏ ਵੀ ਕਾਲਜ ਜਗਰਾਉਂ ਵਿਖੇ ਲਗਾਇਆ ਗਿਆ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਰਜਿੰਦਰ ਜੈਨ ਕਾਕਾ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਲਗਾਏ ਇਸ 64ਵੇਂ ਅੱਖਾਂ ਚਿੱਟੇ ਮੋਤੀਏ ਦੇ ਮੁਫਤ ਚੈੱਕਅਪ ਤੇ ਅਪ੍ਰੇਸ਼ਨ ਕੈਂਪ ਦਾ ਉਦਘਾਟਨ ਏ ਪੀ ਰਿਫਾਇਨਰੀ ਦੇ ਐੱਮ ਡੀ ਰਵੀ ਗੋਇਲ ਤੇ ਅਰੁਣ ਗੋਇਲ ਨੇ ਕਰਦਿਆਂ ਕਿਹਾ ਕਿ ਲੋਕ ਸੇਵਾ ਸੁਸਾਇਟੀ ਪਿਛਲੇ 29 ਸਾਲਾਂ ਤੋਂ ਜਿਹੜੀ ਸਮਾਜ ਸੇਵਾ ਦੇ ਕੰਮਾਂ ਨੂੰ ਨਿਰਵਿਘਨ ਕਰ ਰਹੀ ਹੈ, ਉਸ ਦੀ ਜਿੰਨੀ ਵੀ ਤਾਰੀਫ਼ ਕੀਤੀ ਜਾਵੇ, ਘੱਟ ਹੈ।ਉਨ੍ਹਾਂ ਕਿਹਾ ਕਿ ਏ ਪੀ ਰਿਫਾਇਨਰੀ ਦਾ ਸਹਿਯੋਗ ਹਮੇਸ਼ਾ ਹੀ ਲੋਕ ਸੇਵਾ ਸੁਸਾਇਟੀ ਨੂੰ ਮਿਲਦਾ ਰਹੇਗਾ।ਇਸ ਮੌਕੇ ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ ਤੇ ਪ੍ਰਧਾਨ ਰਜਿੰਦਰ ਜੈਨ ਕਾਕਾ ਨੇ ਦੱਸਿਆ ਕਿ ਕੈਂਪ ਵਿੱਚ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੇ ਡਾਕਟਰਾਂ ਦੀ ਟੀਮ ਵੱਲੋਂ 184 ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕਰ ਕੇ ਉਨ੍ਹਾਂ ਨੂੰ ਜਿੱਥੇ ਮੁਫਤ ਦਵਾਈਆਂ ਦਿੱਤੀਆਂ ਗਈਆਂ, ਉੱਥੇ ਚੈੱਕਅਪ ਤੋਂ ਬਾਅਦ ਅਪ੍ਰੇਸ਼ਨ ਲਈ ਚੁਣੇ 60 ਮਰੀਜ਼ਾਂ ਨੂੰ ਅੱਜ ਹੀ ਅਪ੍ਰੇਸ਼ਨ ਲਈ ਸ਼ੰਕਰਾ ਆਈ ਹਸਪਤਾਲ ਮੁੱਲਾਂਪੁਰ ਭੇਜ ਦਿੱਤਾ ਗਿਆ ਹੈ, ਜਿੱਥੇ ਮਰੀਜ਼ਾਂ ਦੀਆਂ ਅੱਖਾਂ ਦੇ ਮੁਫਤ ਅਪ੍ਰੇਸ਼ਨ ਕੀਤੇ ਜਾਣਗੇ।ਇਸ ਮੌਕੇ ਏ ਪੀ ਰਿਫਾਇਨਰੀ ਦੇ ਡਾਇਰੈਕਟਰ ਭੁਵਨ ਗੋਇਲ, ਇਸ਼ਾਂਤ ਗੋਇਲ, ਸੁਸਾਇਟੀ ਦੇ ਸਰਪ੍ਰਸਤ ਰਜਿੰਦਰ ਜੈਨ, ਆਰ ਕੇ ਗੋਇਲ, ਕਮਲ ਕੱਕੜ, ਵਿਨੋਦ ਬੰਸਲ, ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ, ਮਨੋਹਰ ਸਿੰਘ ਟੱਕਰ, ਪ੍ਰੋਜੈਕਟ ਕੈਸ਼ੀਅਰ ਰਜੀਵ ਗੁਪਤਾ, ਮੁਕੇਸ਼ ਬੰਸਲ ਆਦਿ ਹਾਜ਼ਰ ਸਨ।

# ਨਰੇਗਾ ਮਜ਼ਦੂਰਾਂ ਨੂੰ ਪਿੰਡ-ਪਿੰਡ ਜਾ ਕੇ ਜਥੇਬੰਦ ਕਰਾਂਗੇ : ਹਰਜੀਤ ਮਦਰੱਸਾ

### ਜਲੰਧਰ ਕਮਿਸ਼ਨਰ ਦਫਤਰ ਸਾਹਮਣੇ ਤਿੰਨ ਦਿਨਾ ਧਰਨਾ ਅੱਜ ਤੋਂ



**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿੰਡ ਕਾਲਗੜ੍ਹ ਵਿੱਚ ਦਿਹਾਤੀ ਮਜ਼ਦੂਰ ਸਭਾ ਦੀ ਅਗਵਾਈ ਵਿੱਚ ਸੈਂਕੜੇ ਨਰੇਗਾ ਮਜ਼ਦੂਰਾਂ ਦੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਸੇਵਾ ਸਿੰਘ ਸਾਬਕਾ ਸਰਪੰਚ ਕਾਲਗੜ੍ਹ ਨੇ ਕੀਤੀ। ਇਸ ਸਮੇਂ ਮੀਟਿੰਗ ਵਿੱਚ ਪਹੁੰਚੀਆਂ ਔਰਤ ਭੈਣਾਂ ਤੇ ਨਰੇਗਾ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਮੁਕਤਸਰ ਸਾਹਿਬ ਦੇ ਜ਼ਿਲ੍ਹਾ ਜਨਰਲ ਸਕੱਤਰ ਹਰਜੀਤ ਸਿੰਘ ਮਦਰੱਸਾ ਨੇ ਕਿਹਾ ਕਿ ਪਿੰਡ ਪਿੰਡ ਵਿੱਚ ਨਰੇਗਾ ਮਜ਼ਦੂਰਾਂ ਦੇ ਇਕੱਠ ਕਰਕੇ ਜਥੇਬੰਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨਰੇਗਾ ਕਾਨੂੰਨ ਨੂੰ ਲਗਾਤਾਰ ਕਮਜ਼ੋਰ ਕਰ ਰਹੀ ਹੈ ਅਤੇ ਦਿਹਾੜੀ ਵਿੱਚ ਵੀ ਨਿਗੂਣਾ ਹੀ ਵਾਧਾ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ 2025 ਦੇ ਨਰੇਗਾ ਬਜਟ ਨੂੰ ਵੀ ਘਟਾ ਦਿੱਤਾ ਹੈ। ਇਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਨਰੇਗਾ ਕਾਨੂੰਨ ਨੂੰ ਕਮਜ਼ੋਰ ਕਰਨ ਦੀਆਂ ਗਤੀਵਿਧੀਆਂ ਜਾਰੀ ਹਨ, ਇਸ ਲਈ ਕੇਂਦਰ ਦੀ ਮੋਦੀ ਸਰਕਾਰ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਨਰੇਗਾ ਅਧੀਨ ਸਾਰੇ ਪਰਿਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਤੇ ਨਰੇਗਾ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ, ਦਿਹਾੜੀ 700 ਰੁਪਿਆ ਕੀਤੀ ਜਾਵੇ, ਜੇਕਰ ਕੰਮ ਨਹੀਂ ਦਿੱਤਾ ਜਾਂਦਾ ਤਾਂ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਨਰੇਗਾ ਵਿੱਚ ਫਜ਼ੂਲ ਦੀ ਦਖਲ ਅੰਦਾਜ਼ੀ ਕਰਕੇ ਪਹਿਲਾਂ ਕੰਮ ਕਰਦੇ ਮੇਟਾਂ ਨੂੰ ਬਦਲ ਰਹੀ ਹੈ ਤੇ ਪਿੰਡ ਵਿੱਚ ਧੜੇਬੰਦੀਆਂ ਪੈਦਾ ਕਰ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਦਿਹਾਤੀ ਮਜ਼ਦੂਰ ਸਭਾ ਵੱਲੋਂ ਜਲੰਧਰ ਦੇ ਕਮਿਸ਼ਨਰ ਦਫਤਰ ਸਾਹਮਣੇ 26, 27, 28 ਮਈ ਨੂੰ ਲਗਾਤਾਰ ਦਿਨ-ਰਾਤ ਦਾ ਧਰਨਾ ਸ਼ੁਰੂ ਕੀਤਾ ਜਾ ਰਿਹਾ, ਜਿਸ ਵਿੱਚ ਵੱਡੀ ਗਿਣਤੀ ਮਜ਼ਦੂਰਾਂ ਦੀ ਸ਼ਮੂਲੀਅਤ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਦਿਹਾਤੀ ਮਜ਼ਦੂਰ ਸਭਾ ਮੁਕਤਸਰ ਸਾਹਿਬ ਵੱਲੋਂ ਇਸ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ ਤੇ ਹਜ਼ਾਰਾਂ ਰੁਪਿਆ ਫੰਡ ਤੇ ਰਸਦ ਲੰਗਰ ਲਈ ਇਕੱਠੀ ਕੀਤੀ ਗਈ ਹੈ। ਉਨ੍ਹਾਂ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਉਹ ਜਲੰਧਰ ਧਰਨੇ ਲਈ ਕਮਰ ਕੱਸੇ ਕਰ ਲੈਣ।

## ਸਰਬੱਤ ਦਾ ਭਲਾ ਟਰੱਸਟ ਵੱਲੋਂ ਲੋੜਵੰਦ ਪਰਵਾਰਾਂ ਨੂੰ ਵੰਡੇ ਮਹੀਨਾਵਾਰ ਸਹਾਇਤਾ ਰਾਸ਼ੀ ਦੇ ਚੈੱਕ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੇਵੀਅਰ ਸਿੰਘ ਵਜੋਂ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਤੇ ਉੱਘੇ ਸਮਾਜ ਸੇਵੀ ਡਾ. ਐੱਸ ਪੀ ਸਿੰਘ ਓਬਰਾਏ ਵੱਲੋਂ ਅਤੇ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਦੀ ਯੋਗ ਅਗਵਾਈ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਫ਼ਿਰੋਜ਼ਪੁਰ ਸਿਟੀ ਦੇ ਬੱਸ ਸਟੈਂਡ ਅੰਦਰ ਬਣੇ ਕਾਮਰੇਡ ਦਿਆਲ ਸਿੰਘ ਹਾਲ ਵਿੱਚ ਕਰਵਾਏ ਸਾਦੇ ਸਮਾਗਮ ਦੌਰਾਨ ਫ਼ਿਰੋਜ਼ਪੁਰ ਤੇ ਮਮਦੋਟ ਇਲਾਕੇ ਨਾਲ ਸਬੰਧਤ 30 ਜ਼ਰੂਰਤਮੰਦਾਂ, ਵਿਧਵਾਵਾਂ ਤੇ ਅੰਗਹੀਣ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ। ਇਹ ਚੈੱਕ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਫ਼ਿਰੋਜ਼ਪੁਰ ਅਮਰਜੀਤ ਕੌਰ ਛਾਬੜਾ ਅਤੇ ਸਿਟੀ ਤੇ ਛਾਉਣੀ ਦੇ ਇੰਚਾਰਜ ਬਲਵਿੰਦਰਪਾਲ ਸ਼ਰਮਾ ਤੇ ਹੋਰ ਮੈਂਬਰਾਂ ਵੱਲੋਂ ਵੰਡੇ ਗਏ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਸਿਟੀ ਤੇ ਛਾਉਣੀ ਦੇ ਇਸਤਰੀ ਵਿੰਗ ਦੇ ਇੰਚਾਰਜ ਤਲਵਿੰਦਰ ਕੌਰ ਤੇ ਮੈਂਬਰ ਰਣਧੀਰ ਜੋਸ਼ੀ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਐੱਸ ਪੀ ਸਿੰਘ ਓਬਰਾਏ ਵੱਲੋਂ ਲੰਮੇ ਸਮੇਂ ਤੋਂ ਲੋੜਵੰਦਾਂ ਦੀ ਭਲਾਈ ਦੇ ਕਿਸੇ ਹੋਰ ਤੋਂ ਮਾਲੀ ਮਦਦ ਲਏ ਆਪਣੇ ਕੋਲੋਂ ਹੀ ਲਗਾਤਾਰ ਆਰਥਿਕ ਸਹਾਇਤਾ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਫ਼ਿਰੋਜ਼ਪੁਰ ਜ਼ਿਲ੍ਹੇ ਅੰਦਰ ਪੰਜ ਅਧੁਨਿਕ ਸਹੂਲਤਾਂ ਵਾਲੀਆਂ ਮੈਡੀਕਲ ਲੈਬੋਰਟਰੀਆਂ, ਫਿਜ਼ੀਓਥਰੈਪੀ ਸੈਂਟਰ, ਫਰੀ ਕੰਪਿਊਟਰ ਸੈਂਟਰ, ਫਰੀ ਸਿਲਾਈ ਸੈਂਟਰ, ਲੋੜਵੰਦ ਹੁਸ਼ਿਆਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ, ਐਂਬੂਲੈਂਸ ਤੇ ਜ਼ਿਲ੍ਹੇ ਅੰਦਰ 1 ਲੱਖ 36 ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਲੋੜਵੰਦ ਪਰਵਾਰਾਂ ਨੂੰ ਵੰਡੇ ਜਾਂਦੇ ਹਨ ਅਤੇ ਅੱਗੇ ਹੋਰ ਵੀ ਕਈ ਲੋਕ ਭਲਾਈ ਦੇ ਕਾਰਜ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਸਿਟੀ ਤੇ ਛਾਉਣੀ ਦੇ ਇੰਚਾਰਜ ਬਲਵਿੰਦਰ ਪਾਲ ਸ਼ਰਮਾ, ਇੰਚਾਰਜ ਇਸਤਰੀ ਵਿੰਗ ਛਾਉਣੀ ਤੇ ਸਿਟੀ ਤਲਵਿੰਦਰ ਕੌਰ, ਮੈਂਬਰ ਰਣਧੀਰ ਜੋਸ਼ੀ ਤੇ ਹੋਰ ਪਤਵੰਤੇ ਮੌਜੂਦ ਸਨ।

## ਬੀ ਡੀ ਪੀ ਓ ਦਫਤਰ ਅੱਗੇ ਧਰਨਾ 4 ਨੂੰ



**ਬੁਢਲਾਡਾ (ਅਸ਼ੋਕ ਲਾਕੜਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਬਲਾਕ ਬੁਢਲਾਡਾ ਦੀ ਮੀਟਿੰਗ ਬਲਾਕ ਪ੍ਰਧਾਨ ਬਲਦੇਵ ਸਿੰਘ ਪਿਪਲੀਆ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਜੀ ਅਹਿਮਦਪੁਰ ਵਿਖੇ ਕੀਤੀ ਗਈ, ਜਿਸ ਵਿਚ ਜਥੇਬੰਦੀ ਦੇ ਆਗੂ ਬੱਲਮ ਸਿੰਘ ਦੇ ਸ਼ਰਧਾਜਲੀ ਸਮਾਗਮ ਸਮੇਂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਤੋਂ ਬਾਅਦ ਮੀਟਿੰਗ ਕੀਤੀ ਗਈ, ਜਿਸ ਵਿਚ ਫੈਸਲਾ ਕੀਤਾ ਗਿਆ ਕਿ 4 ਜੂਨ ਨੂੰ ਬੀ ਡੀ ਪੀ ਓ ਦਫਤਰ ਬੁਢਲਾਡਾ ਅੱਗੇ ਕੁਲਰੀਆਂ ਦੇ ਅਬਾਦਕਾਰਾਂ ਕਿਸਾਨਾਂ ਦੀ ਜ਼ਮੀਨ ਬਚਾਉਣ ਲਈ ਰੋਹ ਭਰਪੂਰ ਧਰਨਾ ਦਿੱਤਾ ਜਾਵੇਗਾ। ਆਗੂਆਂ ਨੇ ਦੱਸਿਆ ਕਿ ਕੁਲਰੀਆਂ 'ਚ ਜੁਮਲਾ ਮੁਸਤਰਕਾ ਮਾਲਕਾ ਜ਼ਮੀਨ ਉੱਪਰ ਕਈ ਦਹਾਕਿਆਂ ਤੋਂ ਕਾਸ਼ਤ ਕਰਦੇ ਆ ਰਹੇ ਹਨ ਜੋ ਮੁਰੱਬੇਬੰਦੀ ਵਿਭਾਗ ਵੱਲੋਂ ਕਿਸਾਨਾਂ ਨੂੰ ਸੌਂਪੀ ਗਈ ਸੀ, ਪ੍ਰੰਤੂ ਆਮ ਆਦਮੀ ਦੀ ਭਗਵੰਤ ਮਾਨ ਸਰਕਾਰ ਪਿਛਲੇ ਦੋ ਸਾਲਾਂ ਤੋਂ ਕਿਸਾਨਾਂ ਨੂੰ ਜ਼ਮੀਨ ਵਿੱਚੋਂ ਬੇਦਖਲ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਹੈ।ਪੰਚਾਇਤੀ ਵਿਭਾਗ ਦੇ ਅਧਿਕਾਰੀ ਆਮ ਆਦਮੀ ਪਾਰਟੀ ਦੇ ਸਿਆਸੀ ਦਬਾਅ ਹੇਠ ਪੰਚਾਇਤ ਰਾਹੀਂ ਕਿਸਾਨਾਂ ਤੇ ਜ਼ਮੀਨ ਵਿੱਚੋਂ ਪੈਦਾ ਕੀਤੀ ਫਸਲ ਦੀ ਆਮਦਨ ਵਾਪਸ ਕਰਾਉਣਾ ਚਾਹੁੰਦੇ ਹਨ ਤੇ ਧੱਕੇ ਨਾਲ ਫਸਲ ਦੀ ਕਟਾਈ ਲਈ ਰਸੀਵਰ ਨਿਯੁਕਤ ਕੀਤਾ ਗਿਆ ਹੈ, ਇਸ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸੰਯੁਕਤ ਕਿਸਾਨ ਮੋਰਚੇ ਵੱਲੋਂ ਸਰਕਾਰੀ ਜਬਰ ਵਿਰੁੱਧ 26 ਮਈ ਨੂੰ ਬਠਿੰਡਾ ਤੇ ਸੰਗਰੂਰ ਅਤੇ 2 ਜੂਨ ਨੂੰ ਜਗਰਾਓਂ ਵਿਖੇ ਜਬਰ ਵਿਰੋਧੀ ਰੈਲੀਆਂ 'ਚ ਵੀ ਭਰਵੀ ਸਮੂਲੀਅਤ ਕੀਤੀ ਜਾਵੇਗੀ।

## ਕਿਰਾਇਆ ਵਧਾਉਣ ਦੇ ਆਦੇਸ਼ ਖਿਲਾਫ਼ ਰੋਸ ਰੈਲੀ ਕੱਢੀ ਜਾਵੇਗੀ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਨਗਰ ਕੌਂਸਲ ਵੱਲੋਂ ਕੌਂਸਲ ਦੀਆਂ ਦੁਕਾਨਾਂ ਵਿੱਚ ਬੈਠੇ ਕਿਰਾਏਦਾਰਾਂ ਨੂੰ ਨੋਟਿਸ ਭੇਜ ਕਿਰਾਇਆ ਵਧਾਉਣ ਦੇ ਆਦੇਸ਼ ਜਾਰੀ ਕੀਤੇ ਗਏ ਹਨ, ਜਿਸ ਨੂੰ ਲੈ ਕੇ ਵਪਾਰ ਸੰਘ ਬੱਸ ਸਟੈਂਡ ਮਾਰਕਿਟ ਦੀ ਅਗਵਾਈ ਵਿੱਚ ਸਮੂਹ ਦੁਕਾਨਦਾਰਾਂ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਨਗਰ ਕੌਂਸਲ ਦੇ ਅਧਿਕਾਰੀਆਂ ਤੇ ਪ੍ਰਧਾਨ ਦੇ ਖਿਲਾਫ ਜਿਥੇ ਬਜ਼ਾਰਾਂ ਵਿੱਚ ਰੋਸ ਰੈਲੀ ਕੱਢੀ ਜਾਵੇਗੀ, ਉਥੇ ਸਮੂਹ ਦੁਕਾਨਾਂ ਅੱਗੇ ਕਾਲੀਆਂ ਝੰਡੀਆਂ ਲਾ ਕੇ ਨਗਰ ਕੌਂਸਲ ਦੇ ਅਧਿਕਾਰੀਆਂ ਤੇ ਕ੍ਰਮਚਾਰੀਆਂ ਦਾ ਸਵਾਗਤ ਕੀਤਾ ਜਾਵੇਗਾ।ਵਪਾਰ ਸੰਘ ਦੇ ਪ੍ਰਧਾਨ ਸੰਜੀਵ ਪਹਾੜੀਆਂ ਨੇ ਕਿਹਾ ਕਿ ਨਗਰ ਕੌਂਸਲ ਦੇ ਨਾਦਰਸ਼ਾਹੀ ਫਰਮਾਨ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਇਸ ਲਈ ਸੋਮਵਾਰ ਨੂੰ ਦੁਕਾਨਾਂ ਬੰਦ ਕਰਕੇ ਰੋਸ ਰੈਲੀ ਕੱਢੀ ਜਾਵੇਗੀ ਤੇ ਨਗਰ ਕੌਂਸਲ ਦੇ ਦਫਤਰ ਵਿਖੇ ਰੋਸ ਪ੍ਰਦਰਸ਼ਨ ਕਰਕੇ ਨਗਰ ਕੌਂਸਲ ਵੱਲ ਭੇਜੇ ਨੋਟਿਸਾਂ ਦਾ ਜਵਾਬ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਜਿੰਨਾ ਚਿਰ ਮਸਲੇ ਦਾ ਹੱਲ ਨਹੀਂ ਹੁੰਦਾ, ਤਦ ਤੱਕ ਸਮੂਹ ਦੁਕਾਨਦਾਰ ਤੇ ਸਟਾਫ ਕਾਲੇ ਬਿੱਲ ਲਾ ਕੇ ਦੁਕਾਨਾਂ 'ਤੇ ਕੰਮ ਕਰਨਗੇ ਤਾਂ ਜੁ ਰੋਸ ਪ੍ਰਗਟਾਇਆ ਜਾ ਸਕੇ।

## ਨਸ਼ਾ ਮੁਕਤੀ ਯਾਤਰਾ ਤਹਿਤ ਵੱਖ-ਵੱਖ ਪਿੰਡਾਂ 'ਚ ਜਾਗਰੂਕਤਾ ਸਮਾਗਮ




**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਸ਼ੁਰੂ ਕੀਤੀ 'ਨਸ਼ਾ ਮੁਕਤੀ ਯਾਤਰਾ' ਨੂੰ ਲੋਕਾਂ ਵੱਲੋਂ ਪੂਰਨ ਸਹਿਯੋਗ ਮਿਲ ਰਿਹਾ ਹੈ, ਜਿਸ ਤਹਿਤ ਜ਼ਿਲ੍ਹੇ ਨਾਲ ਸਬੰਧਤ ਹਲਕਿਆਂ ਦੇ ਵਿਧਾਇਕਾਂ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਰੋਜ਼ਾਨਾ ਨਸ਼ਾ ਮੁਕਤੀ ਯਾਤਰਾਵਾਂ ਤੇ ਜਾਗਰੂਕਤਾ ਸਭਾਵਾਂ ਦਾ ਆਯੋਜਨ ਕਰਕੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਪ੍ਰੇਰਿਤ ਕੀਤਾ ਜਾ ਰਿਹਾ ਹੈ ਤੇ ਨਸ਼ਿਆਂ ਦੀ ਰੋਕਥਾਮ ਲਈ ਪ੍ਰਣ ਵੀ ਕਰਾਇਆ ਜਾ ਰਿਹਾ ਹੈ।ਨਸ਼ਾ ਮੁਕਤੀ ਯਾਤਰਾਵਾਂ ਦੀ ਲੜੀ ਵਿੱਚ ਹਲਕੇ ਦੇ ਵਿਧਾਇਕ ਸ੍ਰੀ ਹਰਦੀਪ ਸਿੰਘ ਡਿੰਪੀ ਢਿੱਲੋਂ ਵੱਲੋਂ ਹਲਕੇ ਦੇ ਪਿੰਡ ਸਮਾਘ, ਮਨੀਆਂਵਾਲਾ ਤੇ ਸੁਖਨਾ ਅਬਲੂ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਸਮਾਗਮਾਂ ਦੌਰਾਨ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਨਸ਼ਾ ਸਮਾਜ ਲਈ ਗੰਭੀਰ ਸਮੱਸਿਆ ਬਣ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ੇ ਤੇ ਨਸ਼ਾ ਤਸਕਰਾਂ ਦੇ ਜੜ੍ਹੋਂ ਖਾਤਮੇ ਲਈ ਨਸ਼ਾ ਤਸਕਰਾਂ ਵਿਰੁੱਧ ਮਿਸਾਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ ਤਾਂ ਜੁ ਕੋਈ ਵੀ ਅੱਗੇ ਤੋਂ ਅਜਿਹਾ ਮਾੜਾ ਕੰਮ ਕਰਨ ਦੀ ਹਿੰਮਤ ਨਾ ਕਰੇ ਤੇ ਪੰਜਾਬ ਨੂੰ ਮੁੜ ਤੋਂ ਸਿਹਤਮੰਦ ਤੇ ਰੰਗਲਾ ਪੰਜਾਬ ਬਣਾਇਆ ਜਾ ਸਕੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

26-May--25-page-11-Majha-C.qxd 5/25/2025 10:31 PM Page 1



# ਰੁੱਖ ਡਿੱਗਣ ਨਾਲ 3 ਜਣੇ ਜ਼ਖ਼ਮੀ, ਬਿਜਲੀ ਵਿਭਾਗ ਨੂੰ 3.5 ਲੱਖ ਰੁਪਏ ਦਾ ਨੁਕਸਾਨ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸ਼ਨੀਵਾਰ ਦੇਰ ਸ਼ਾਮ ਨੂੰ ਚੱਲੀ ਤੇਜ਼ ਹਨੇਰੀ ਅਤੇ ਮੀਂਹ ਝੱਖੜ ਨਾਲ ਭਾਰੀ ਤਬਾਹੀ ਹੋਈ ਹੈ।ਇੱਕ ਦਮ ਮੌਸਮ ਨੇ ਮਿਜ਼ਾਜ ਬਦਲਿਆ ਅਤੇ ਤਬਾਹੀ ਮਚਾ ਦਿੱਤੀ।ਇਸ ਦੇ ਨਾਲ ਕਈਆਂ ਦਾ ਨੁਕਸਾਨ ਹੋਇਆ ਹੈ।ਸਾਰੇ ਪਾਸੇ ਬਿਜਲੀ ਸਪਲਾਈ ਵੀ ਬੰਦ ਹੋ ਗਈ।ਦੱਸ ਦਈਏ ਕਿ ਕਾਦੀਆਂ ਅਤੇ ਆਸ ਪਾਸ ਤੇਜ਼ ਹਨੇਰੀ ਤੇ ਝੱਖੜ ਦੇ ਕਾਰਨ ਬਟਾਲਾ ਕਾਦੀਆਂ ਰੋਡ ਸਥਿਤ ਅਤੇ ਹੋਰਨਾਂ ਵੱਖ-ਵੱਖ ਥਾਵਾਂ 'ਤੇ ਦਰੱਖਤ ਡਿੱਗਣ ਦੇ ਨਾਲ 3 ਰਾਹਗੀਰਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ।ਬਟਾਲਾ-ਕਾਦੀਆਂ ਰੋਡ ਅਤੇ ਬਟਾਲਾ ਤੋਂ ਹਰਚੋਵਾਲ ਰੋਡ ਅਤੇ ਵੱਖ-ਵੱਖ ਥਾਵਾਂ 'ਤੇ ਰੁੱਖ ਡਿੱਗਣ ਕਾਰਨ 3 ਜਣੇ ਜ਼ਖ਼ਮੀ ਹੋਏ ਜਿਨ੍ਹਾਂ ਵਿੱਚ ਮਨਜੀਤ ਸਿੰਘ, ਗੁਰਜੀਤ ਸਿੰਘ, ਅਮਨਦੀਪ ਸਿੰਘ ਹਨ ਜੋ ਕਿ ਮੋਟਰਸਾਈਕਲ 'ਤੇ ਜਾ ਰਹੇ ਸਨ। ਇਨ੍ਹਾਂ ਨੂੰ ਸਥਾਨਕ ਲੋਕਾਂ ਨੇ ਤੁਰੰਤ ਵੱਖ-ਵੱਖ ਹਸਪਤਾਲਾਂ ਵਿੱਚ ਭਰਤੀ ਕਰਵਾਇਆ।ਜਾਣਕਾਰੀ ਦੇ ਅਨੁਸਾਰ ਮੌਸਮ ਵਿਭਾਗ ਵੱਲੋਂ ਬੀਤੇ ਕਈ ਦਿਨਾਂ ਤੋਂ ਅਲਰਟ ਜਾਰੀ ਕੀਤਾ ਗਿਆ ਸੀ ਕਿ ਆਉਣ ਵਾਲੇ ਕੁਝ ਦਿਨਾਂ 'ਚ ਤੂਫਾਨ ਮੀਂਹ ਝੱਖੜ ਆਉਣ ਦੇ ਆਸਾਰ ਬਣੇ ਹੋਏ ਹਨ, ਜਿਸ ਦੇ ਚੱਲਦਿਆਂ ਸ਼ਨੀਵਾਰ ਸ਼ਾਮ ਕਰੀਬ 6 ਵਜੇ ਆਸਮਾਨ ਵਿਚ ਹਨੇਰਾ ਛਾ ਗਿਆ, ਉਥੇ ਹੀ ਤੇਜ਼ ਹਨੇਰੀ ਉਪਰੰਤ ਤੂਫਾਨ ਆਉਣ ਕਰਕੇ ਚਾਰੇ ਪਾਸੇ ਹਾਹਾਕਾਰ ਮੱਚ ਗਈ।ਜਿਹੜੇ ਲੋਕ ਘਰਾਂ ਤੋਂ ਬਾਹਰ ਸਨ, ਉਨ੍ਹਾਂ ਨੂੰ ਵੀ ਘਰ ਪਹੁੰਚਣ ਵਿੱਚ ਕਾਫੀ ਮੁਸ਼ਕਿਲ ਹੋਈ, ਲੋਕਾਂ ਨੇ ਆਪਣੇ ਵਾਹਨ ਸਾਈਡ 'ਤੇ ਖੜ੍ਹੇ ਕਰ ਦਿੱਤੇ, ਕਈ ਲੋਕਾਂ ਦੇ ਘਰਾਂ ਦਾ ਵੀ ਕਾਫੀ ਨੁਕਸਾਨ ਹੋਇਆ ਅਤੇ ਜਿਨ੍ਹਾਂ ਦੇ ਕੱਚੇ ਘਰ ਸਨ, ਉਨ੍ਹਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ।ਉਧਰ ਦੂਜੇ ਪਾਸੇ ਕਾਦੀਆਂ ਬਿਜਲੀ ਵਿਭਾਗ ਨੂੰ ਵੀ ਇਸ ਤੂਫਾਨ ਦੇ ਕਾਰਨ ਭਾਰੀ ਨੁਕਸਾਨ ਹੋਇਆ ਹੈ। ਜਾਣਕਾਰੀ ਦਿੰਦੇ ਹੋਏ ਐੱਸਡੀਓ ਜੱਸਾ ਸਿੰਘ ਨੇ ਦੱਸਿਆ ਕਿ ਤੇਜ਼ ਹਨੇਰੀ ਤੇ ਤੂਫਾਨ ਦੇ ਕਾਰਨ ਵੱਖ-ਵੱਖ ਥਾਵਾਂ ਤੇ 25 ਪੋਲਾਂ ਸਮੇਤ 2 ਟਰਾਂਸਫਾਰਮਰ ਨੁਕਸਾਨੇ ਗਏ ਜਿਸ ਨਾਲ ਬਿਜਲੀ ਵਿਭਾਗ ਦਾ ਕਰੀਬ 3.5 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ।ਐੱਸਡੀਓ ਜੱਸਾ ਸਿੰਘ ਨੇ ਅੱਗੇ ਦੱਸਿਆ ਕਿ ਸ਼ਹਿਰ ਦੀ ਬਿਜਲੀ ਸਪਲਾਈ ਐਤਵਾਰ ਸਵੇਰੇ 11 ਵਜੇ ਤੱਕ ਚਾਲੂ ਕਰ ਦਿੱਤੀ ਗਈ ਸੀ ਅਤੇ ਪਿੰਡਾਂ ਦੀ ਸਪਲਾਈ ਵੀ ਦੇਰ ਸ਼ਾਮ ਤੱਕ ਚਾਲੂ ਕਰ ਦਿੱਤੀ ਜਾਵੇਗੀ।

## ਐਂਕਲ ਰਿਪਲੇਸਮੈਂਟ ਸਰਜਰੀ ਨੇ ਮਰੀਜ਼ ਨੂੰ 35 ਸਾਲਾਂ ਦੇ ਦਰਦ ਤੋਂ ਦਿਵਾਈ ਰਾਹਤ

ਸੰਗਰੂਰ : ਮਨੀਪਾਲ ਹਸਪਤਾਲ ਪਟਿਆਲਾ ਵਿਚ ਇੱਕ 72 ਸਾਲਾ ਔਰਤ ਦੀ ਐਂਕਲ ਰਿਪਲੇਸਮੈਂਟ ਸਰਜਰੀ ਕੀਤੀ ਗਈ। ਇਹ ਔਰਤ 35 ਸਾਲਾਂ ਤੋਂ ਰਾਇਮੇਟਾਇਡ ਆਰਥਰਾਈਟਿਸ ਤੋਂ ਪੀੜਤ ਸੀ।ਇਸ ਆਧੁਨਿਕ ਸਰਜਰੀ ਨੇ ਉਸਨੂੰ ਦਰਦ ਤੋਂ ਰਾਹਤ ਅਤੇ ਇੱਕ ਬਿਹਤਰ ਜ਼ਿੰਦਗੀ ਦਿੱਤੀ।ਮਰੀਜ਼ ਦੀ ਸੱਜੀ ਗਿੱਟੀ ਵਿੱਚ ਬਹੁਤ ਦਰਦ ਸੀ।ਇਸ ਦਰਦ ਨੇ ਉਸਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਹ ਤੁਰ ਨਹੀਂ ਸੀ ਸਕਦੀ।ਉਸਦੀ ਗਿੱਟੀ ਮੁੜ ਨਹੀਂ ਸੀ ਸਕਦੀ ਅਤੇ ਰਵਾਇਤੀ ਇਲਾਜ ਬੇਅਸਰ ਸਨ।ਇਸ ਲਈ ਉਸਨੂੰ ਐਂਕਲ ਰਿਪਲੇਸਮੈਂਟ ਸਰਜਰੀ ਕਰਵਾਉਣ ਦੀ ਸਲਾਹ ਦਿੱਤੀ ਗਈ।ਭਾਰਤ ਵਿੱਚ ਰਾਇਮੇਟਾਇਡ ਆਰਥਰਾਈਟਿਸ ਦੇ ਮਾਮਲੇ ਬਹੁਤ ਘੱਟ ਹੁੰਦੇ ਹਨ ਅਤੇ ਐਂਕਲ ਰਿਪਲੇਸਮੈਂਟ ਸਰਜਰੀ ਬਹੁਤ ਘੱਟ ਹੁੰਦੀ ਹੈ। ਡਾ. ਵਿਸ਼ਵ ਗੋਇਲ ਕੰਸਲਟੈਂਟ ਆਰਥੋਪੈਡਿਕਸ, ਜੁਆਇੰਟ ਰਿਪਲੇਸਮੈਂਟ ਅਤੇ ਆਰਥਰੋਸਕੋਪਿਕ ਸਰਜਨ, ਮਨੀਪਾਲ ਹਸਪਤਾਲ ਪਟਿਆਲਾ ਨੇ ਕਿਹਾ ਕਿ ਇਹ ਸਰਜਰੀ ਬਹੁਤ ਘੱਟ ਹੁੰਦੀ ਹੈ।ਮਰੀਜ਼ ਦੀਆਂ ਹੱਡੀਆਂ ਇੰਨੀਆਂ ਕਮਜ਼ੋਰ ਸਨ ਕਿ ਉਹ 10-20 ਡਿਗਰੀ ਤੋਂ ਘੱਟ ਘੁੰਮ ਸਕਦੀਆਂ ਸਨ।

# ਖੇਤੀਬਾੜੀ ਵਿਭਾਗ ਦੀ ਟੀਮ ਨੇ ਵੱਖ-ਵੱਖ ਦੁਕਾਨਾਂ ਤੋਂ ਖਾਦਾਂ ਤੇ ਕੀਟਨਾਸ਼ਕਾਂ ਦੇ ਨਮੂਨੇ ਭਰੇ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਕਿਸਾਨਾਂ ਨੂੰ ਚਾਲੂ ਸਾਉਣੀ ਦੀਆਂ ਫਸਲਾਂ ਦੀ ਕਾਸ਼ਤ ਲਈ ਲੋੜੀਂਦੀਆਂ ਖਾਦਾਂ ਅਤੇ ਨਦੀਨਨਾਸ਼ਕ ਮੁਹੱਈਆ ਕਰਵਾਉਣ ਦੇ ਮੰਤਵ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਬਲਾਕ ਡੇਰਾ ਬਾਬਾ ਨਾਨਕ, ਬਟਾਲਾ ਅਤੇ ਕਲਾਨੌਰ ਵਿੱਚ ਕੀਟਨਾਸ਼ਕ ਵਿਕ੍ਰੇਤਾਵਾਂ ਦੇ ਕਾਰੋਬਾਰੀ ਅਦਾਰਿਆਂ ਦੀ ਅਚਨਚੇਤ ਚੈਕਿੰਗ ਕੀਤੀ ਗਈ ਜਿਸ ਦੀ ਅਗਵਾਈ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਕੀਤੀ।ਟੀਮ ਵਿਚ ਹੋਰਨਾਂ ਤੋਂ ਇਲਾਵਾ ਡਾਕਟਰ ਮਨਪ੍ਰੀਤ ਸਿੰਘ, ਡਾ. ਸ਼ਾਹਬਾਜ਼ ਸਿੰਘ ਚੀਮਾ, ਡਾਕਟਰ ਸੁਖਬੀਰ ਸਿੰਘ ਸੰਧੂ ਖੇਤੀਬਾੜੀ ਅਫ਼ਸਰ, ਡਾ. ਹਰਮਨਦੀਪ ਸਿੰਘ, ਡਾ. ਅੰਮ੍ਰਿਤਪਾਲ ਸਿੰਘ, ਡਾਕਟਰ ਜਸ਼ਨਜੀਤ ਸਿੰਘ ਖੇਤੀਬਾੜੀ ਵਿਕਾਸ ਅਫਸਰ, ਜਸਪ੍ਰੀਤ ਸਿੰਘ ਸਹਾਇਕ ਤਕਨਾਲੋਜੀ ਪ੍ਰਬੰਧਕ ਸ਼ਾਮਿਲ ਸਨ।ਟੀਮ ਵੱਲੋਂ ਵੱਖ-ਵੱਖ ਦੁਕਾਨਾਂ ਤੋਂ ਕੀਟਨਾਸ਼ਕਾਂ ਦੇ 12 ਅਤੇ ਖਾਦਾਂ ਦੇ 17 ਨਮੂਨੇ ਭਰ ਕੇ ਪਰਖ ਲਈ ਪ੍ਰਯੋਗਸ਼ਾਲਾ ਵਿਚ ਭੇਜ ਦਿੱਤੇ ਗਏ।ਗੱਲਬਾਤ ਕਰਦਿਆਂ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਝੋਨੇ ਦੀ ਫ਼ਸਲ ਦੀ ਪਨੀਰੀ ਵਿਚ ਨਦੀਨਾਂ ਦੀ ਰੋਕਥਾਮ ਲਈ ਕਿਸਾਨਾਂ ਵਲੋ ਨਦੀਨ ਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਛੋਟੇ ਖੁਰਾਕੀ ਤੱਤਾਂ ਦੀ ਪੂਰਤੀ ਲਈ ਕਿਸਾਨਾਂ ਵੱਲੋਂ ਖਾਦਾਂ ਖਾਸ ਕਰਕੇ ਛੋਟੇ ਖੁਰਾਕੀ ਤੱਤਾਂ ਜਿਵੇਂ ਲੋਹਾ ਦਾ ਛਿੜਕਾਅ ਵੀ ਕੀਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮਿਆਰੀ ਨਦੀਨ ਨਾਸ਼ਕ ਅਤੇ ਹੋਰ ਖੇਤੀ ਸਮਗਰੀ ਮੁਹੱਈਆ ਕਰਵਾਉਣ ਖੇਤੀਬਾੜੀ ਅਤੇ ਕਿਸਾਨ ਭਲਾਈ ਦਾ ਮੁੱਢਲਾ ਫ਼ਰਜ਼ ਹੈ।ਉਨ੍ਹਾਂ ਦੱਸਿਆ ਕਿ ਝੋਨੇ ਦੀਆਂ ਹਾਈਬ੍ਰਿਡ ਕਿਸਮਾਂ ਦੀ ਵਿਕਰੀ ਤੇ ਪਾਬੰਦੀ ਲਗੀ ਹੋਣ ਕਾਰਨ ਕਿਸਾਨਾਂ ਵੱਲੋਂ ਇਸ ਵਾਰ ਹਾਈਬ੍ਰਿਡ ਕਿਸਮਾਂ



ਦੀ ਪਨੀਰੀ ਦੀ ਬਿਜਾਈ ਨਹੀਂ ਕੀਤੀ ਅਤੇ ਨਾ ਹੀ ਕਿਸੇ ਬੀਜ ਵਿਕਰੇਤਾ ਵੱਲੋਂ ਵਿਕਰੀ ਕੀਤੀ ਗਈ ਹੈ।ਉਨ੍ਹਾਂ ਦੱਸਿਆ ਇਸ ਵਿਸ਼ੇਸ਼ ਮੁਹਿੰਮ ਲਗਾਤਾਰ ਜਾਰੀ ਰਹੇਗੀ।ਉਨ੍ਹਾਂ ਕਿਹਾ ਕਿ ਡੀਲਰਾਂ ਵਿਚ ਯੂਰੀਆ ਖਾਦ ਦੀ ਵਰਤੋਂ ਸਿਫ਼ਾਰਸ਼ਾਂ ਅਨੁਸਾਰ ਹੀ ਕਰਨੀ ਚਾਹੀਦੀ ਹੈ।ਯੂਰੀਆ ਖਾਦ ਦੀ ਕਾਲਾਬਜ਼ਾਰੀ ਅਤੇ ਜਮਾਖੋਰੀ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਕਿਸਾਨਾਂ ਨੂੰ ਯੂਰੀਆ ਖਾਦ ਜ਼ਰੂਰਤ ਅਨੁਸਾਰ ਮਿਲਣ ਵਿਚ ਕੋਈ ਮੁਸ਼ਕਲ ਪੇਸ਼ ਨਾ ਆਵੇ।ਉਨ੍ਹਾਂ ਦੱਸਿਆ ਕਿ ਖਾਦ ਵਿਕਰੇਤਾਵਾਂ ਨੂੰ ਇਹ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਰੋਜ਼ਾਨਾ ਦੁਕਾਨ ਤੇ ਯੂਰੀਆ ਖਾਦ ਦਾ ਸਟਾਕ ਬੋਰਡ ਵਿਚ ਸਟਾਕ ਵਿਚ ਮੌਜੂਦ ਖਾਦ ਦੀ ਮਾਤਰਾ ਅਤੇ ਕੀਮਤ ਲਿਖੀ ਹੋਣੀ ਚਾਹੀਦੀ ਹੈ।ਉਨ੍ਹਾਂ ਸਮੂਹ ਡੀਲਰਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਆਪਣੇ ਲਾਇਸੰਸ ਅਤੇ ਹੋਰ ਜ਼ਰੂਰੀ ਦਸਤਾਵੇਜ਼ ਪ੍ਰਤੀ ਕਰਕੇ ਰੱਖਣ ਅਤੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨਾ ਵਰਤੀ ਜਾਵੇ ਅਤੇ ਖਾਦ ਦੀ ਹੋਈ ਵਿਕਰੀ ਦਾ ਸਟਾਕ ਪੋਸ ਮਸ਼ੀਨਾਂ ਵਿਚੋਂ ਰੋਜ਼ਾਨਾ ਕਢਿਆ ਜਾਵੇ ਤਾਂ ਖਾਦ ਦੀ ਸਪਲਾਈ ਵਿਚ ਕੋਈ ਵਿਘਨ ਨਾ ਪਵੇ।ਉਨ੍ਹਾਂ ਕਿਹਾ ਕਿ ਡੀਲਰਾਂ/ਸਹਿਕਾਰੀ ਸਭਾਵਾਂ ਵੱਲੋਂ ਕਿਸਾਨਾਂ ਨੂੰ ਜੋ ਵੀ ਖਾਦ ਸਮੱਗਰੀ ਦੀ ਵਿਕਰੀ ਕੀਤੀ ਜਾਂਦੀ ਹੈ, ਉਸ ਦਾ ਪੱਕਾ ਬਿੱਲ ਕੱਟ ਕੇ ਦਿੱਤਾ ਜਾਵੇ ਅਤੇ ਕੇਵਲ ਲੋੜੀਂਦੀ ਸਮੱਗਰੀ ਹੀ ਕਿਸਾਨਾਂ ਨੂੰ ਵਿਕਰੀ ਕੀਤੀ ਜਾਵੇ ਅਤੇ ਕੋਈ ਹੋਰ ਬੇਲੋੜੀਆਂ ਵਸਤਾਂ ਕਿਸਾਨਾਂ ਨੂੰ ਨਾ ਦਿੱਤੀਆਂ ਜਾਣ।ਉਨ੍ਹਾਂ ਕਿਹਾ ਕਿ ਚੈਕਿੰਗ ਜਾਰੀ ਰਹੇਗੀ ਅਤੇ ਕੋਈ ਦੁਕਾਨਦਾਰ ਬਗੈਰ ਬਿੱਲ ਤੋਂ ਖਾਦ, ਦਵਾਈ ਜਾਂ ਬੀਜ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਨੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਖਾਦ, ਕੀਟਨਾਸ਼ਕ ਰਸਾਇਣ ਜਾਂ ਬੀਜ ਖ੍ਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ ਅਤੇ ਜੇਕਰ ਕੋਈ ਡੀਲਰ ਬਿੱਲ ਦੇਣ ਤੋਂ ਇਨਕਾਰੀ ਹੁੰਦਾ ਹੈ ਤਾਂ ਉਸ ਦੀ ਲਿਖਤੀ ਤੌਰ ਤੇ ਸ਼ਿਕਾਇਤ ਸੰਬੰਧਤ ਖੇਤੀਬਾੜੀ ਅਧਿਕਾਰੀ ਜਾਂ ਮੁੱਖ ਖੇਤੀਬਾੜੀ ਅਫਸਰ ਨੂੰ ਕਰਨ।

# ਪਿੰਡ ਘਣੀਏ ਕੇ ਬਾਂਗਰ, ਕੋਟਲੀ ਥਾਂਬਲਾ ਤੇ ਪਾਰੋਵਾਲ 'ਚ ਨਸ਼ਿਆਂ ਵਿਰੁੱਧ ਲਾਮਬੰਦੀ



ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਹਲਕਾ ਫਤਿਹਗੜ੍ਹ ਚੂੜੀਆਂ ਵਿੱਚ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡ ਘਣੀਏ ਕੇ ਬਾਂਗਰ, ਕੋਟਲੀ ਥਾਂਬਲਾ, ਪਾਰੋਵਾਲ, ਕੋਟਲਾ ਸਰਫ, ਸੂਰਪਵਾਲੀ ਕਲਾ ਅਤੇ ਸੂਰਪਵਾਲੀ ਖੁਰਦ ਵਿੱਚ ਨਸ਼ਾ ਮੁਕਤੀ ਯਾਤਰਾ ਤਹਿਤ ਮੀਟਿੰਗ ਕਰਦਿਆਂ ਨਸ਼ਿਆਂ ਖਿਲਾਫ਼ ਲਾਮਬੰਦ ਕੀਤਾ।ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਨਸ਼ਿਆਂ ਨੂੰ ਖਤਮ ਕਰਨ ਦੇ ਮੰਤਵ ਨਾਲ ਪਿੰਡ, ਕਸਬੇ ਤੇ ਸ਼ਹਿਰ ਪੱਧਰ ਤੱਕ ਲੋਕਾਂ ਨੂੰ ਨਸ਼ਿਆਂ ਖਿਲਾਫ਼ ਲੜਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।ਉਨ੍ਹਾਂ ਅੱਗੇ ਕਿਹਾ ਕੀ ਨਸ਼ਿਆਂ ਵਿਰੁੱਧ ਚੱਲ ਰਹੀ ਯਾਤਰਾ ਵਿੱਚ ਪਿੰਡ ਵਾਲਿਆਂ ਦਾ ਸਾਥ ਬਹੁਤ ਜਰੂਰੀ ਹੈ ਤਾਂ ਜੋ ਹਰ ਇੱਕ ਪਿੰਡ ਪਿੰਡ ਵਿੱਚ ਨਸ਼ਾ ਖਤਮ ਹੋ ਸਕੇ ਅਤੇ ਸੂਬੇ ਨੂੰ ਮੁੜ ਹੱਸਦਾ ਵੱਸਦਾ ਰੰਗਲਾ ਪੰਜਾਬ ਬਣਾਇਆ ਜਾ ਸਕੇ।

ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨੂੰ ਨਸ਼ਿਆਂ ਵਿਰੁੱਧ ਇਕੱਠੇ ਹੋ ਕੇ ਲੜਨ ਦੀ ਸਹੁੰ ਚੁਕਾਈ।ਇਸ ਮੌਕੇ ਸਰਪੰਚ ਕਰਮਜੀਤ ਸਿੰਘ, ਸਰਪੰਚ ਰਾਣਾ ਜਵੰਧਾ, ਸਰਪੰਚ ਸਰਬਜੀਤ ਸਿੰਘ ਟੋਨਾ, ਸਰਪੰਚ ਮਨਪ੍ਰੀਤ ਕੌਰ, ਸਰਪੰਚ ਮਨਪ੍ਰੀਤ ਕੌਰ ਸੂਰਪਵਾਲੀ ਖੁਰਦ, ਰਾਜੂ ਕੋਟਲਾ ਸਰਫ, ਪੰਚ ਭਗਤ ਸਿੰਘ, ਪੰਚ ਸਤਨਾਮ ਸਿੰਘ, ਬਲਜੀਤ ਸਿੰਘ ਖਾਲਸਾ, ਕੁਲਬੀਰ ਸਿੰਘ, ਬਾਬਾ ਪਲਵਿੰਦਰ ਸਿੰਘ ਸਰਜੀਤ ਸਿੰਘ, ਕੁਲਵੰਤ ਸਿੰਘ, ਹਰਵੀਰ ਸਿੰਘ ਪਟਵਾਰੀ, ਕੁਲਦੀਪ ਸਿੰਘ, ਮਾਸਟਰ ਅਮਰੀਕ ਸਿੰਘ, ਰਾਮ ਲਾਲ, ਮੈਂਬਰ ਜਗਤਾਰ ਸਿੰਘ, ਵੰਸ਼ਦੀਪ ਸਿੰਘ, ਰਾਮ ਮੁਹੰਮਦ ਸਿੰਘ ਜਵੰਦਾ, ਮਨਪ੍ਰੀਤ ਸਿੰਘ ਜਵੰਧਾ ਸ਼ਮਸ਼ੇਰ ਸਿੰਘ, ਦਲਜੀਤ ਸਿੰਘ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਸਰਪੰਚ ਗੁਰਬਿੰਦਰ ਸਿੰਘ ਕਾਦੀਆਂ,ਬਲਾਕ ਪ੍ਰਧਾਨ ਹਰਦੀਪ ਸਿੰਘ, ਸਰਪੰਚ ਹਰਦੀਪ ਸਿੰਘ ਦਮੋਦਰ, ਰਘਬੀਰ ਸਿੰਘ ਅਠਵਾਲ, ਗਗਨਦੀਪ ਸਿੰਘ ਕੋਟਲਾ ਬਾਮਾ, ਗੁਰਪ੍ਰਤਾਪ ਸਿੰਘ, ਗੁਰਦੇਵ ਔਜਲਾ, ਬਲਾਕ ਪ੍ਰਧਾਨ ਜਗਜੀਤ ਸਿੰਘ ਆਜਮਪੁਰ ਅਤੇ ਬਲਾਕ ਪ੍ਰਧਾਨ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਜਥੇਦਾਰ ਤਰਲੋਚਨ ਸਿੰਘ ਮੱਤੇਵਾਲ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਅਕਾਲੀ ਦਲ ਅੰਮ੍ਰਿਤਸਰ ਦਿਹਾਤੀ ਤੋਂ ਸਾਬਕਾ ਜਨਰਲ ਸਕੱਤਰ ਹਲਕਾ ਮਜੀਠਾ ਤੋਂ ਟਕਸਾਲੀ ਆਗੂ ਅਤੇ ਉਘੇ ਕਾਰੋਬਾਰੀ ਜਥੇਦਾਰ ਤਰਲੋਚਨ ਸਿੰਘ ਮੱਤੇਵਾਲ ਜੋ ਪਿਛਲੇ ਦਿਨਾਂ ਤੋਂ ਬਿਮਾਰ ਚਲ ਰਹੇ ਸਨ , ਅਕਾਲ ਚਲਾਣਾ ਕਰ ਗਏ। ਉਹ 91 ਵਰ੍ਹਿਆਂ ਦੇ ਸਨ। ਸੈਂਕੜੇ ਸੇਜਲ ਅੱਖਾਂ ਦੀ ਹਾਜ਼ਰੀ ਵਿਚ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ। ਅੰਤਿਮ ਸੰਸਕਾਰ ਮੌਕੇ ਉਨ੍ਹਾਂ ਦੇ ਪੁੱਤਰ ਸਤਿੰਦਰਪਾਲ ਸਿੰਘ ਮੱਤੇਵਾਲ, ਮਨਿੰਦਰ ਸਿੰਘ ਮੱਤੇਵਾਲ ਤੇ ਜਗਜੀਤ ਸਿੰਘ ਵੱਲੋ ਚਿਤਾ ਨੂੰ ਅਗਨੀ ਦਿਖਾਈ ਗਈ। ਜਥੇਦਾਰ ਮੱਤੇਵਾਲ ਦੇ ਸੰਸਕਾਰ ਮੌਕੇ ਸੀਨੀਅਰ ਆਪ ਆਗੂ ਤਲਬੀਰ ਸਿੰਘ ਗਿੱਲ, ਸੰਤ ਬਾਬਾ ਸੱਜਣ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ, ਸੁਖਵਿੰਦਰ ਸਿੰਘ ਗੋਲਡੀ ਸਿਆਸੀ ਸਲਾਹਕਾਰ ਬਿਕਰਮ ਸਿੰਘ ਮਜੀਠੀਆ, ਗੁਰਪ੍ਰੀਤ ਸਿੰਘ ਮੱਤੇਵਾਲ ਭਤੀਜਾ, ਪਰਮਬੀਰ ਸਿੰਘ ਮੱਤੇਵਾਲ, ਪ੍ਰਿੰਸੀਪਲ ਮਾਈ ਭਾਗੋ ਕਾਲਜ, ਡਾ. ਕੁਲਦੀਪ ਸਿੰਘ ਮੱਤੇਵਾਲ, ਪ੍ਰੋ. ਸਤਬੀਰ ਸਿੰਘ ਮੱਤੇਵਾਲ, ਕੌਂਸਲਰ ਨਵਪ੍ਰੀਤ ਸਿੰਘ ਅੰਮ੍ਰਿਤਸਰ, ਸੁਖਦੇਵ ਸਿੰਘ ਮੱਤੇਵਾਲ, ਸਵਿੰਦਰ ਸਿੰਘ ਸਾਬਕਾ ਸਰਪੰਚ ਚੋਗਾਵਾਂ, ਹਰਜਿੰਦਰ ਸਿੰਘ ਜੋੜੀਆਂ, ਸੋਹਣ ਸਿੰਘ, ਅਮਰੀਕ ਸਿੰਘ, ਪੰਚ ਮੰਗਤਾ ਸਿੰਘ, ਦਲਜੀਤ ਸਿੰਘ ਮੱਤੇਵਾਲ, ਸੁਲੱਖਣ ਸਿੰਘ, ਗੁਰਨਾਮ ਸਿੰਘ ਰਾਜੂ, ਸਰਪੰਚ ਪ੍ਰੇਮ ਸਿੰਘ ਤਰਫਾਨ, ਸਰਕਲ ਪ੍ਰਧਾਨ ਰਣਧੀਰ ਸਿੰਘ ਧੀਰਾ ਭੋਏ, ਐਡਵੋਕੇਟ ਬਿਕਰਮਜੀਤ ਸਿੰਘ ਭੋਏ ਸਮੇਤ ਵੱਡੀ ਗਿਣਤੀ ਵਿਚ ਮੋਹਤਬਰ ਆਗੂ ਮੌਜੂਦ ਸਨ।

# ਨਸ਼ਿਆਂ ਦੇ ਕੋਹੜ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਜਨਤਾ ਦੇ ਸਹਿਯੋਗ ਦੀ ਅਹਿਮ ਲੋੜ:ਰੰਧਾਵਾ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਨਸ਼ਿਆਂ ਵਿਰੁੱਧ ਇੱਕ ਯੁੱਧ ਦਾ ਐਲਾਨ ਕੀਤਾ ਹੈ।ਇਸ ਨੂੰ ਅਪਾਰ ਸਫਲਤਾ ਮਿਲ ਰਹੀ ਹੈ, ਪ੍ਰੰਤੂ ਇਹ ਮੁਹਿੰਮ ਲਗਾਤਾਰ ਜਾਰੀ ਰੱਖਣ ਲਈ ਸਾਨੂੰ ਸਾਰਿਆਂ ਨੂੰ ਸਾਂਝੇ ਤੌਰ 'ਤੇ ਆਪਣਾ ਯੋਗਦਾਨ ਪਾਉਣਾ ਪਵੇਗਾ।ਭੋਲੇ ਭਾਲੇ ਨੌਜਵਾਨਾਂ ਨੂੰ ਨਸ਼ੇ ਦੀ ਗ੍ਰਿਫ਼ਤ ਵਿੱਚ ਜਕੜਨ ਵਾਲੇ ਨਸ਼ਿਆਂ ਦੇ ਸੌਦਾਗਰਾਂ ਨੂੰ ਜੇਲ੍ਹਾਂ ਵਿਚ ਡੱਕਣਾ ਬਹੁਤ ਜ਼ਰੂਰੀ ਹੈ।ਇਸ ਦੇ ਲਈ ਪੰਜਾਬ ਸਰਕਾਰ ਨੇ ਇੱਕ ਵਿਆਪਕ ਅਭਿਆਨ ਸ਼ੁਰੂ ਕਰ ਦਿੱਤਾ ਹੈ, ਜਿਸ ਸਾਰਥਿਕ ਨਤੀਜੇ ਸਾਹਮਣੇ ਆ ਰਹੇ ਹਨ।ਪਰੰਤੂ ਨਸ਼ੇ ਦੇ ਕੋੜ੍ਹ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਆਮ ਜਨਤਾ ਦੇ ਸਹਿਯੋਗ ਦੀ ਵੀ ਅਹਿਮ ਲੋੜ ਹੈ।ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਬੀਤੀ ਸ਼ਾਮ ਹਲਕੇ ਪਿੰਡ ਮੀਰਕਚਾਣਾ ਵਿਖੇ ਨਸ਼ਾ ਮੁਕਤ ਯਾਤਰਾ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ। ਸ. ਰੰਧਾਵਾ ਨੇ ਕਿਹਾ ਕਿ ਇਸ ਅਭਿਆਨ ਤਹਿਤ ਹਰ ਪਿੰਡ, ਸ਼ਹਿਰ, ਗਲੀ ਮੁਹੱਲੇ ਦੇ ਲੋਕਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ ਕਿ ਉਹ ਨਸ਼ਾ ਵਿਕ੍ਰੇਤਾਵਾਂ ਦੀ ਸੂਚਨਾ ਬੇਖ਼ੌਫ ਹੋ ਕੇ ਦੇਣ।ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਦੀ ਜਾਣਕਾਰੀ ਦੇਣ ਵਾਲੇ ਵਿਅਕਤੀਆਂ ਦਾ ਨਾਮ-ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ।ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਜਕੜਨ ਵਿਚ ਆਏ ਭੋਲੇ ਭਾਲੇ ਲੋਕਾਂ ਨਾਲ ਹਮਦਰਦੀ ਨਾਲ ਨਜਿੱਠਿਆ ਜਾਵੇਗਾ, ਉਨ੍ਹਾਂ ਦੇ ਇਲਾਜ ਉਤੇ ਭਾਵੇਂ ਜਿਸ ਤਰਾਂ ਪ੍ਰਬੰਧ ਕਰਨੇ ਪੈਣ ਸਰਕਾਰ ਸੰਜੀਦਗੀ ਨਾਲ ਕੰਮ ਕਰੇਗੀ, ਪ੍ਰੰਤੂ ਇਹ ਮਿਸ਼ਨ ਸਿਰਫ਼ ਸਰਕਾਰ ਅਤੇ ਪੁਲਸ ਵਿਭਾਗ ਵੱਲੋਂ ਸਫਲ ਨਹੀਂ ਬਣਾਇਆ ਜਾ ਸਕਦਾ।ਇਸ ਵਿੱਚ ਹਰ ਨਾਗਰਿਕ ਦਾ ਸਹਿਯੋਗ ਬਹੁਤ ਜ਼ਰੂਰੀ ਹੈ।ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ



ਵਿੱਚ ਪੰਜਾਬ ਸਰਕਾਰ ਨੇ ਵਿਆਪਕ ਕੰਮ ਸ਼ੁਰੂ ਕਰ ਦਿੱਤਾ ਹੈ।ਉਨ੍ਹਾਂ ਨੇ ਹੋਰ ਦੱਸਿਆ ਕਿ ਨਸ਼ਿਆਂ ਦੇ ਕਾਰੋਬਾਰ ਨਾਲ ਹੋਈ ਆਮਦਨ ਨਾਲ ਜਾਇਦਾਦਾਂ ਖੜੀਆਂ ਕਰਨ ਵਾਲਿਆਂ ਵਿਰੁੱਧ ਕਾਰਵਾਈ ਚੱਲ ਰਹੀ ਹੈ।ਕਈ ਥਾਵਾਂ ਤੋਂ ਨਸ਼ਾ ਤਸਕਰ ਘਰਾਂ ਨੂੰ ਤਾਲੇ ਲਗਾ ਕੇ ਫ਼ਰਾਰ ਹੋ ਗਏ ਹਨ, ਪ੍ਰੰਤੂ ਸਰਕਾਰ ਵੱਲੋਂ ਅਜਿਹੇ ਦੋਸ਼ੀਆਂ ਨੂੰ ਹੁਣ ਬਖ਼ਸ਼ਣ ਦੀ ਥਾਂ ਜੇਲ੍ਹਾਂ ਦੇ ਅੰਦਰ ਡੱਕਿਆ ਜਾ ਰਿਹਾ ਹੈ। ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਵੱਲੋਂ ਪਿੰਡ ਦੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਸਹੁੰ ਵੀ ਚੁਕਾਈ ਗਈ।ਇਸ ਮੌਕੇ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਪਰਵਿੰਦਰ ਸਿੰਘ ਘਣੀਆਂ, ਤਹਿਸੀਲਦਾਰ ਡੇਰਾ ਬਾਬਾ ਨਾਨਕ ਲਛਮਣ ਸਿੰਘ, ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਹਲਕਾ ਕੋਆਰਡੀਨੇਟਰ ਡਾਕਟਰ ਅਰਸ਼ਦੀਪ ਸਿੰਘ ਤੋਂ ਇਲਾਵਾ ਇਲਾਕੇ ਮੋਹਤਬਰ ਵਿਅਕਤੀ ਅਤੇ ਪਿੰਡ ਵਾਸੀ ਮੌਜੂਦ ਸਨ।

# ਬ੍ਰਹਮਲੀਨ ਮਹੰਤ ਬਾਬਾ ਪਾਰਸ ਰਾਮ ਦੀ ਪਹਿਲੀ ਬਰਸੀ ਮਨਾਈ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਥਾਨਕ ਕਸਬੇ ਦੇ ਨਜ਼ਦੀਕ ਪੈਂਦੇ ਡੇਰਾ ਤਰਨ ਧਾਮ ਸਵਰਗਪੁਰੀ ਆਸ਼ਰਮ ਪਿੰਡ ਸ਼ਾਹਪੁਰ ਗੁਰਾਇਆ ਸ਼ਕਰੀ ਰੋਡ ਵਿਖੇ ਆਸ਼ਰਮ ਦੇ ਸੰਸਥਾਪਕ ਬ੍ਰਹਮ ਲੀਨ ਮਹੰਤ ਬਾਬਾ ਪਾਰਸ ਰਾਮ (ਸਤਿਗੁਰ ਗੁਰਦੇਵ ਬਾਬਾ ਤਰਨ ਦਾਸ ਜੀ ਮਹਾਰਾਜ ਦੇ ਚੇਲੇ) ਦੀ ਪਹਿਲੀ ਬਰਸੀ ਡੇਰਾ ਮੁਖੀ ਮਹੰਤ ਬਾਬਾ ਮੰਗਲ ਦਾਸ ਦੀ ਅਗਵਾਈ ਹੇਠ ਸੰਗਤਾਂ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਗਈ।ਇਸ ਮੌਕੇ ਡੇਰੇ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ। ਬ੍ਰਹਮ ਲੀਨ ਬਾਬਾ ਪਰਸ ਰਾਮ ਜੀ ਦੀ ਮੂਰਤੀ ਸਥਾਪਨਾ ਵੀ ਕੀਤੀ ਗਈ ।ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਬਾਬਾ ਚੇਤਨ ਦਾਸ ਡੇਰੇ ਵਾਲਿਆਂ ਦੇ ਕੀਰਤਨੀ ਜਥੇ ਸਮੇਤ ਵੱਖ-ਵੱਖ ਰਾਗੀ ਢਾਡੀ ਅਤੇ ਕੀਰਤਨੀ ਜਥਿਆਂ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਬਾਬਾ ਮੰਗਲ ਦਾਸ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਉਦਾਸੀਨ ਭੇਖ ਭਗਵਾਨ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ ਗਈ।ਡੇਰਾ ਮੁਖੀ ਮਹੰਤ ਬਾਬਾ ਮੰਗਲ ਦਾਸ ਵੱਲੋਂ ਸੰਗਤਾਂ ਲਈ ਲੰਗਰ ਭੰਡਾਰਾ ਲਗਾਇਆ ਗਿਆ ਅਤੇ ਸੰਤਾਂ ਮਹਾਂਪੁਰਸ਼ਾਂ ਪੁਰਸ਼ਾਂ ਨੂੰ ਲੰਗਰ ਛਕਾਉਣ ਤੋਂ ਬਾਅਦ ਉਨ੍ਹਾਂ ਨੂੰ ਭੇਟਾ ਵੀ ਦਿੱਤੀ ਗਈ।ਇਸ ਮੌਕੇ ਮਹੰਤ ਬਾਬਾ ਚੇਤਨ ਦਾਸ, ਮਹੰਤ ਤਰਸੇਮ ਦਾਸ ਅੱਚਲ ਸਾਹਿਬ, ਮਹੰਤ ਗੁਲਜਾਰ ਦਾਸ ਨਵਾਂ ਸ਼ਹਿਰ, ਮਹੰਤ ਨੌਮੀ ਦਾਸ ਬਟਾਲਾ, ਬਾਬਾ ਮੇਜਰ ਦਾਸ ਡੇਰਾ, ਮਹੰਤ ਨਿਰਮਲ ਦਾਸ ਬਾਗ ਵਾਲੇ ਡੇਰਾ, ਮਹੰਤ ਲਵ ਮੁਨੀ ਦਾਸ ਬਾਹਠ ਸਾਹਿਬ, ਬਾਬਾ ਬਚਨ ਨਾਥ ਡੇਰਾ, ਮਹੰਤ ਪੱਥਰ ਨਾਥ ਡੇਰਾ, ਨਿਹੰਗ ਬਾਬਾ ਰਣਧੀਰ ਸਿੰਘ ਅਬਦਾਲ, ਅਮਨਦੀਪ ਸਿੰਘ ਧੀਦੋਵਾਲ, ਸਰਪੰਚ



ਜਸਪਾਲ ਸਿੰਘ ਸ਼ਾਹਪੁਰ ਗੋਰਾਇਆ, ਸਾਬਕਾ ਸਰਪੰਚ ਪਲਵਿੰਦਰ ਸਿੰਘ ਜੋੜੀਆਂ ਖੁਰਦ, ਪੂਰਨ ਸਿੰਘ ਸਾਲੇਚੱਕ, ਦਵਿੰਦਰ ਸਿੰਘ ਸਾਲੇਚੱਕ, ਮਨੀਪਾਲ ਸਿੰਘ ਸੰਧੂ, ਪ੍ਰਸ਼ੋਤਮ ਸਿੰਘ ਪੰਮਾ, ਡਾਕਟਰ ਰਸ਼ਪਾਲ ਸਿੰਘ, ਡਾਕਟਰ ਬਲਵਿੰਦਰ ਸਿੰਘ, ਚੇਲਾ ਸੁਖਵਿੰਦਰ ਸਿੰਘ, ਪਰਦੀਪ ਸਿੰਘ, ਗੁਰਮੀਤ ਸਿੰਘ ਸੈਕਟਰੀ ਸ਼ਾਹਪੁਰ ਗੋਰਾਇਆ, ਹਰਦੀਪ ਸਿੰਘ, ਦਲਜੀਤ ਸਿੰਘ, ਸਤਨਾਮ ਸਿੰਘ ਕਾਲਾ, ਹਰਭਜਨ ਸਿੰਘ ਸਰਜੇਚੱਕ, ਬਾਬਾ ਹਰਜੀਤ ਸਿੰਘ, ਸੁਖਦੇਵ ਸਿੰਘ ਮਿਸਤਰੀ ਤੋਂ ਇਲਾਵਾ ਇਲਾਕੇ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਭਿੱਖੀਵਿੰਡ ਪਟਵਾਰਖਾਨੇ 'ਚ ਦੋ ਦਿਨਾਂ 'ਚ ਦੋ ਚੋਰੀਆਂ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਭਿੱਖੀਵਿੰਡ ਪਟਵਾਰਖਾਨੇ ਵਿੱਚ ਦੋ ਦਿਨਾਂ ਵਿੱਚ ਦੋ ਵਾਰ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।ਚੋਰ ਪਟਵਾਰਖਾਨੇ ਦੇ ਕਮਰਿਆਂ 'ਚੋਂ ਚਾਰ ਛੱਤ ਵਾਲੇ ਪੱਖੇ ਤੇ ਇੱਕ ਏਸੀ ਚੋਰੀ ਕਰਨ ਤੋਂ ਇਲਾਵਾ ਕਮਰਿਆਂ ਦੇ ਦਰਵਾਜ਼ਿਆਂ ਦੀ ਭੰਨਤੋੜ ਕਰ ਗਏ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪਟਵਾਰ ਯੂਨੀਅਨ ਭਿੱਖੀਵਿੰਡ ਦੇ ਪ੍ਰਧਾਨ ਜਸਵਿੰਦਰ ਸਿੰਘ, ਕਾਨੂੰਗੋ ਸੁਰਿੰਦਰ ਸਿੰਘ ਦਿਓਲ,



ਕਾਨੂੰਗੋ ਜਗਦੀਸ਼ ਚੰਦਰ, ਪਟਵਾਰੀ ਰਾਜਬੀਰ ਸਿੰਘ, ਪਟਵਾਰੀ ਕਵਲਜੀਤ ਸਿੰਘ, ਪਟਵਾਰੀ ਗੁਰਜੰਟ ਸਿੰਘ, ਪਟਵਾਰੀ ਗੁਰਪ੍ਰੀਤ ਸਿੰਘ, ਪਟਵਾਰੀ ਗੁਰਵਿੰਦਰ ਸਿੰਘ, ਪਟਵਾਰੀ ਰਾਮ ਪ੍ਰਕਾਸ਼ ਤੇ ਪਟਵਾਰੀ ਹਰਮਹਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਪਟਵਾਰਖਾਨੇ ਦੇ ਸੇਵਾਦਾਰ ਨੇ ਪਟਵਾਰਖਾਨੇ ਵਿੱਚ ਚੋਰੀ ਦੀ ਘਟਨਾ ਵਾਪਰਨ ਸੰਬੰਧੀ ਸੂਚਿਤ ਕੀਤਾ ਸੀ।ਜਦੋਂ ਉਹ ਪਟਵਾਰਖਾਨੇ ਪਹੁੰਚੇ ਤਾਂ ਕਮਰਿਆਂ ਦੇ ਦਰਵਾਜ਼ਿਆਂ ਦੇ ਜਿੰਦਰੇ ਟੁੱਟੇ ਹੋਏ ਸਨ ਤੇ ਚਾਰ ਛੱਤ ਵਾਲੇ ਪੱਖੇ ਅਤੇ ਇੱਕ ਕਮਰੇ ਵਿੱਚੋਂ ਏਅਰ ਕੰਡੀਸ਼ਨਰ ਗਾਇਬ ਸੀ।ਅਧਿਕਾਰੀਆਂ ਦਾ ਕਹਿਣਾ ਸੀ ਕਿ ਉਪ-ਪੁਲਸ ਕਪਤਾਨ ਭਿੱਖੀਵਿੰਡ ਦਾ ਦਫ਼ਤਰ ਪਟਵਾਰਖਾਨੇ ਦੇ ਬਿਲਕੁਲ ਨਜ਼ਦੀਕ ਹੋਣ ਦੇ ਬਾਵਜੂਦ ਚੋਰ ਬੇਖੌਫ਼ ਹੋ ਕੇ ਚੋਰੀ ਦੀਆਂ ਦੋ ਘਟਨਾਵਾਂ ਨੂੰ ਅੰਜਾਮ ਦੇ ਗਏ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਕਈ ਵਾਰ ਚੋਰ ਪਟਵਾਰਖਾਨੇ 'ਚ ਚੋਰੀ ਕਰ ਚੁੱਕੇ ਹਨ, ਪ੍ਰੰਤੂ ਹੁਣ ਤੱਕ ਪੁਲਸ ਪ੍ਰਸ਼ਾਸਨ ਚੋਰਾਂ ਨੂੰ ਨੱਥ ਪਾਉਣ ਵਿੱਚ ਨਾਕਾਮ ਸਾਬਤ ਹੋਇਆ ਹੈ।ਉਨ੍ਹਾਂ ਪੁਲਸ ਪ੍ਰਸ਼ਾਸਨ ਨੂੰ ਅਜਿਹੇ ਚੋਰ ਗਿਰੋਹਾਂ ਨੂੰ ਨੱਥ ਪਾਉਣ ਦੀ ਅਪੀਲ ਕੀਤੀ।

# ਤਰਗੜ੍ਹ ਦੀ ਸਮੁੱਚੀ ਪੰਚਾਇਤ ਕਾਂਗਰਸ ਨੂੰ ਅਲਵਿਦਾ ਕਹਿ ਕੇ 'ਆਪ' 'ਚ ਸ਼ਾਮਲ

## * ਸ਼ਾਮਲ ਮੈਂਬਰਾਂ ਨੂੰ ਕੈਬਨਿਟ ਮੰਤਰੀ ਕਟਾਰੂਚੱਕ ਨੇ ਸਿਰੋਪੇ ਪਾ ਕੇ ਦਿੱਤੀ ਵਧਾਈ

ਪਠਾਨਕੋਟ (ਦਵਿੰਦਰ ਸਿੰਘ)-ਕਾਂਗਰਸ ਪਾਰਟੀ ਨੂੰ ਵੱਡਾ ਝਟਕਾ ਲੱਗਾ ਜਦੋਂ ਪਿੰਡ ਤਰਗੜ੍ਹ ਦੀ ਸਮੁੱਚੀ ਪੰਚਾਇਤ ਪਿੰਡ ਦੇ ਮੌਜੂਦਾ ਸਰਪੰਚ ਸ਼ੰਮੀ ਕੁਮਾਰ ਦੀ ਪ੍ਰਧਾਨਗੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਈ ਇਸ ਤੋਂ ਇਲਾਵਾ ਪਿੰਡ ਸਿਹੋੜਾ ਕਲਾਂ ਦੀ ਮੈਂਬਰ ਪੰਚਾਇਤ ਕੋਮਲ ਅਤੇ ਪਿੰਡ ਸੁਲਤਾਨਪੁਰ ਦੇ ਮੈਂਬਰ ਪੰਚਾਇਤ ਅਜੈ ਕੁਮਾਰ ਵੀ ਕਾਂਗਰਸ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਜਨਹਿਤੈਸ਼ੀ ਕਾਰਜਾਂ ਨੂੰ ਵੇਖਦਿਆਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।ਜ਼ਿਕਰਯੋਗ ਹੈ ਕਿ ਪਿੰਡ ਕਟਾਰੂਚੱਕ ਵਿਖੇ ਇੱਕ ਸਮਾਰੋਹ ਦੌਰਾਨ ਪਿੰਡ ਤਗਰੜ੍ਹ ਦੀ ਸਮੁੱਚੀ ਪੰਚਾਇਤ ਸਰਪੰਚ ਸ਼ੰਮੀ ਕੁਮਾਰ, ਮੈਂਬਰ ਪੰਚਾਇਤ ਕਿਰਨ ਬਾਲਾ, ਮੈਂਬਰ ਪੰਚਾਇਤ ਰਾਧਿਕਾ, ਮੈਂਬਰ ਪੰਚਾਇਤ ਪਰਮਜੀਤ, ਮੈਂਬਰ ਪੰਚਾਇਤ ਰਜਿੰਦਰ ਕੁਮਾਰ, ਮੈਂਬਰ ਪੰਚਾਹਿਤ ਸੂਰਜ ਕੁਮਾਰ, ਮੈਂਬਰ ਪੰਚਾਇਤ ਸੋਨੀਆ ਦੇਵੀ, ਇਸ ਦੇ ਨਾਲ ਹੀ ਪਿੰਡ ਸਿਹੋੜਾ ਕਲਾਂ ਦੀ ਮੈਂਬਰ ਪੰਚਾਇਤ ਕੋਮਲ ਅਤੇ ਪਿੰਡ ਸੁਲਤਾਨਪੁਰ ਦੇ ਮੈਂਬਰ ਪੰਚਾਇਤ ਅਜੈ ਕੁਮਾਰ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।ਇਸ ਮੌਕੇ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਪਾਰਟੀ ਵਿੱਚ ਸਾਮਲ ਹੋਣ ਵਾਲੇ ਹਰੇਕ ਮੈਂਬਰ ਨੂੰ ਆਮ ਆਦਮੀ ਪਾਰਟੀ ਦਾ ਸਿਰੋਪਾ ਪਾ ਕੇ ਵਧਾਈ ਦਿੱਤੀ।ਇਸ ਮੌਕੇ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਲਗਾਤਾਰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਸਰਕਾਰ ਵੱਲੋਂ ਵੱਡੇ ਫੈਸਲੇ ਕੀਤੇ ਜਾ ਰਹੇ ਹਨ। ਚਾਹੇ ਘਰ ਘਰ ਫ੍ਰੀ ਬਿਜਲੀ ਦਾ ਸਵਾਲ ਹੋਵੇ ਜਾਂ ਸਰਕਾਰੀ ਨੌਕਰੀਆਂ ਜੋ ਕਿ ਹੁਣ ਤੱਕ 60 ਹਜ਼ਾਰ ਦੇ ਕਰੀਬ ਦਿੱਤੀਆਂ ਜਾ ਚੁੱਕੀਆਂ ਹਨ। ਪੰਜਾਬ ਦੇ ਪਾਣੀਆਂ ਦੀ ਰਾਖੀ ਕਰਦਿਆਂ ਵੱਡਾ ਫੈਸਲਾ ਕਰ ਕੇ ਮੁਖ ਮੰਤਰੀ ਨੇ



ਵੱਡਾ ਸਟੈਂਡ ਲਿਆ ਹੈ। ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਬਿਨਾਂ ਕਿਸੇ ਪੱਖਪਾਤ ਤੋਂ ਵਿਕਾਸ ਕਾਰਜ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਉਹ ਪਿੰਡ ਤਰਗੜ੍ਹ ਦੇ ਸਰਪੰਚ ਅਤੇ ਸਮੁੱਚੀ ਪੰਚਾਇਤ, ਪਿੰਡ ਸਿਹੋੜਾ ਕਲਾਂ ਤੋਂ ਕੋਮਲ ਅਤੇ ਪਿੰਡ ਸੁਲਤਾਨਪੁਰ ਤੋਂ ਅਜੈ ਕੁਮਾਰ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਵਧਾਈ ਦਿੰਦੇ ਹਨ ।ਉਨ੍ਹਾਂ ਆਮ ਆਦਮੀ ਪਾਰਟੀ ਦੇ ਨਵੇਂ ਪਰਿਵਾਰਕ ਮੈਂਬਰਾਂ ਨੂੰ ਆਮ ਆਦਮੀ ਪਾਰਟੀ ਦਾ ਸਿਰੋਪਾ ਪਾ ਕੇ ਸਨਮਾਨਤ ਕੀਤਾ।ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹਰੇਕ ਮੈਂਬਰ ਨੂੰ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ।ਇਸ ਮੌਕੇ ਸਰਪੰਚ ਸ਼ੰਮੀ ਕੁਮਾਰ ਨੇ ਕਿਹਾ ਕਿ ਅਸੀਂ ਆਮ ਆਦਮੀ ਪਾਰਟੀ ਵੱਲੋਂ ਕਰਵਾਏ ਜਾ ਰਹੇ ਜਨਹਿਤੈਸ਼ੀ ਕਾਰਜਾਂ ਤੋਂ ਖੁਸ਼ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ।

# ਸ੍ਰੀ ਅਨੰਦਪੁਰ ਸਾਹਿਬ ਲਈ ਡੈੱਡ ਬਾਡੀ ਫਰੀਜ਼ਰਾਂ ਦੀ ਗੱਡੀ ਰਵਾਨਾ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਅਤੇ ਸੰਸਾਰ ਪ੍ਰਸਿੱਧ ਸਮਾਜ ਸੇਵੀ ਸਖਸ਼ੀਅਤ ਡਾਕਟਰ ਐਸ. ਪੀ. ਸਿੰਘ ਉਬਰਾਏ ਵੱਲੋਂ ਦੇਸ ਵਿਦੇਸ਼ ਦੇ ਅੰਦਰ ਸਮਾਜ ਸੇਵਾ ਦੇ ਖੇਤਰ ਵਿੱਚ ਕੀਤੇ ਜਾ ਰਹੇ ਪਰਉਪਕਾਰੀ ਕਾਰਜਾਂ ਤਹਿਤ ਮਨੁੱਖਤਾ ਨੂੰ ਬਚਾਉਣ ਅਤੇ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਨੂੰ ਹੋਰ ਉੱਚਾ ਚੁੱਕਣ ਦੇ ਲਈ ਨੇਕ ਅਤੇ ਸ਼ਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜਿਲਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਨੇ ਟਰੱਸਟ ਦੇ ਜ਼ਿਲ੍ਹਾ ਜਨਰਲ ਸੈਕਟਰੀ ਰਜਿੰਦਰ ਸਿੰਘ ਹੈਪੀ ਦੇ ਨਾਲ ਮਿਲ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੈਂਦੇ ਵੱਖ-ਵੱਖ ਪਿੰਡਾਂ ਦੇ ਲੋੜਵੰਦਾਂ ਦੇ ਲਈ ਡੈੱਡ ਬਾਡੀ ਫਰੀਜ਼ਰਾਂ ਦੀ ਗੱਡੀ ਨੂੰ ਰਵਾਨਾ ਕਰਦਿਆਂ ਕੀਤਾ। ਸਮਾਜ ਸੇਵੀ ਆਗੂ ਤੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਨੇ ਕਿਹਾ ਕਿ ਸੈਂਕੜੇ ਨੌਜਵਾਨਾਂ ਦੀਆਂ ਜਾਨਾਂ ਬਚਾਉਣ ਵਾਲੇ ਡਾਕਟਰ ਐੱਸ. ਪੀ. ਸਿੰਘ ਉਬਰਾਏ ਵੱਲੋਂ ਆਪਣੀ ਨੇਕ ਕਿਰਤ ਕਮਾਈ ਦਾ 98 ਫੀਸਦੀ ਹਿੱਸਾ ਗਰੀਬਾਂ ਅਤੇ ਲੋੜਵੰਦਾਂ ਦੀ ਸੇਵਾ ਵਿੱਚ ਖਰਚ ਕੀਤਾ ਜਾ ਰਿਹਾ ਹੈ। ਜਦਕਿ ਹੱਦਾਂ ਅਤੇ ਸਰਹੱਦਾਂ ਤੋਂ ਉੱਪਰ ਉੱਠ ਕੇ ਭਾਰਤ ਅਤੇ ਪਾਕਿਸਤਾਨ ਤੋਂ ਇਲਾਵਾ ਬੰਗਲਾਦੇਸ਼ ਦੇ ਪੀੜਤ ਲੋਕਾਂ ਦੀ ਸਹਾਇਤਾ ਵੀ ਕੀਤੀ ਜਾ ਰਹੀ ਹੈ।

ਪ੍ਰਧਾਨ ਰਵਿੰਦਰ ਸਿੰਘ ਮਠਾਰੂ ਨੇ ਕਿਹਾ ਕਿ ਡਾਕਟਰ ਐੱਸ. ਪੀ. ਸਿੰਘ ਉਬਰਾਏ ਵੱਲੋਂ ਅਰਬ ਦੇਸ਼ਾਂ ਵਿੱਚ ਬਹੁਤ ਸਾਰੇ ਨੌਜਵਾਨਾਂ ਨੂੰ ਫਾਂਸੀ ਦੀ ਸਜ਼ਾ ਤੋਂ ਮੁਕਤ ਕਰਵਾਉਂਦਿਆਂ




ਕਰੋੜਾਂ ਰੁਪਏ ਦੀ ਬਲੱਡ ਮਨੀ ਦਿੱਤੀ ਗਈ ਹੈ ਤਾਂ ਜੋ ਨੌਜਵਾਨਾਂ ਦੀਆਂ ਕੀਮਤੀ ਜ਼ਿੰਦਗੀਆਂ ਨੂੰ ਬਚਾਇਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਇੱਥੇ ਹੀ ਬੱਸ ਨਹੀਂ ਡਾਕਟਰ ਉਬਰਾਏ ਵੱਲੋਂ ਖਾੜੀ ਦੇਸਾਂ ਦੇ ਵਿੱਚ ਵੱਖ-ਵੱਖ ਹਾਦਸਿਆਂ ਦੌਰਾਨ ਮੌਤ ਦੇ ਮੂੰਹ ਵਿੱਚ ਜਾਣ ਵਾਲੇ ਬਾਦਨਸੀਬ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਵੀ ਖਾੜੀ ਦੇਸਾਂ ਤੋਂ ਆਪਣੇ ਦੇਸ ਖਾਸ ਕਰਕੇ ਪੰਜਾਬ ਲਿਆਂਦੀਆਂ ਗਈਆਂ ਹਨ, ਜਦਕਿ ਇਹਨਾਂ ਪੀੜਿਤ ਪਰਿਵਾਰਾਂ ਦੀ ਸਾਰ ਲੈਂਦੀਆਂ ਡਾਕਟਰ ਉਬਰਾਏ ਵੱਲੋਂ ਪਰਿਵਾਰਾਂ ਦੀਆਂ ਪੈਨਸ਼ਨਾਂ ਵੀ ਲਗਾਈਆਂ ਗਈਆਂ ਹਨ। ਪ੍ਰਧਾਨ ਰਵਿੰਦਰ ਸਿੰਘ ਮਠਾਰੂ ਨੇ ਕਿਹਾ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੀ ਇਕਾਈ ਪੂਰੀ ਤਨਦੇਹੀ ਦੇ ਨਾਲ ਗਰੀਬਾਂ ਅਤੇ ਲੋੜਵੰਦਾਂ ਦੀ ਸੇਵਾ ਵਿੱਚ ਲੱਗੀ ਹੋਈ ਹੈ। ਇਸ ਮੌਕੇ ਹੋਰ ਵੀ ਮੈਂਬਰ ਹਾਜਰ ਸਨ।

## * ਮਾਮਲਾ ਰਾਜ਼ੀਨਾਮੇ ਲਈ ਸੱਦ ਕੇ ਤੇਜ਼ਧਾਰ ਹਥਿਆਰਾਂ ਨਾਲ ਗੰਭੀਰ ਜ਼ਖਮੀ ਕਰਨ ਦਾ

# ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਥਾਣਾ ਝਬਾਲ ਦਾ ਕਰਾਂਗੇ ਘਿਰਾਓ:ਜਸਬੀਰ ਝਬਾਲ

ਝਬਾਲ (ਹਰਜਿੰਦਰ ਸਿੰਘ ਸੋਨੀ)-ਥਾਣਾ ਝਬਾਲ ਦੀ ਪੁਲਸ ਨੇ ਪਰਚੇ ਵਿੱਚ ਸ਼ਾਮਿਲ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਥਾਣੇ ਦਾ ਘਿਰਾਓ ਕੀਤਾ ਜਾਵੇਗਾ।ਇਸ ਸਬੰਧੀ ਥਾਣਾ ਝਬਾਲ ਵਿਖੇ ਮੁਦਈ ਦਵਿੰਦਰ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਫੇਅਰਲੈਂਡ ਕਲੋਨੀ ਫ਼ਤਿਹਗੜ੍ਹ ਚੂੜੀਆਂ ਰੋਡ ਅੰਮ੍ਰਿਤਸਰ ਦੀ ਹਮਾਇਤ ਤੇ ਪੁੱਜੇ ਕਾਮਰੇਡ ਜਸਬੀਰ ਸਿੰਘ ਝਬਾਲ ਸੂਬਾਈ ਸਕੱਤਰ ਕੁਲ




ਹਿੰਦ ਖੇਤ ਮਜ਼ਦੂਰ ਯੂਨੀਅਨ ਅਤੇ ਬਲਵਿੰਦਰ ਸਿੰਘ ਸੋਹਤਾ ਆਗੂ ਭਗਵਾਨ ਵਾਲਮਿਕ ਸੰਸਥਾ ਨੇ ਦਵਿੰਦਰ ਸਿੰਘ ਦੇ ਪਤਨੀ ਹਰਪ੍ਰੀਤ ਕੌਰ ਨਾਲ ਘਰੇਲੂ ਝਗੜੇ ਦੇ ਚਲਦਿਆਂ ਰਾਜ਼ੀਨਾਮੇ ਲਈ ਬਾਬਾ ਬੁੱਢਾ ਸਾਹਿਬ ਵਿਖੇ ਸੱਦਿਆ ਜਿਸ 'ਤੇ ਦੋਸ਼ੀਆਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਦਵਿੰਦਰ ਸਿੰਘ, ਰਵਿੰਦਰ ਸਿੰਘ ਪੁਤਰਾਨ ਦਲਜੀਤ ਸਿੰਘ ਅਤੇ ਮਾਮਾ ਸਰਵਣ ਸਿੰਘ ਸਮੇਤ ਹੋਰ ਪਰਿਵਾਰਕ ਮੈਂਬਰਾਂ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਗਿਆ ਸੀ ਜੋ ਹਸਪਤਾਲ ਵਿੱਚ ਜ਼ੇਰੇ ਇਲਾਜ ਦਾਖਲ ਹਨ ਜਿਸ 'ਤੇ ਦਵਿੰਦਰ ਸਿੰਘ ਦੇ ਬਿਆਨਾਂ ਤੇ ਥਾਣਾ ਝਬਾਲ ਵਿਖੇ ਦਰਜ ਮੁਕੱਦਮਾ 0075 ਮਿਤੀ 19/5/25 ਜੁਰਮ 115(2),118 (1),191(3)190 ਵਿੱਚ ਨਾਮਜ਼ਦ ਦੋਸ਼ੀ ਰਾਮ ਸਿੰਘ, ਚਰਨਜੀਤ ਕੌਰ, ਦਰਸ਼ਨ ਕੌਰ, ਕਿਰਨਦੀਪ ਕੌਰ, ਰਾਜਵਿੰਦਰ ਕੌਰ, ਕਰਨ, ਸਾਰੇ ਵਾਸੀ ਬੁਰਜ ਸਰਾਏ ਅਮਾਨਤ ਖਾਂ, ਹਰਪ੍ਰੀਤ ਕੌਰ ਵਾਸੀ ਪਲਾਟ ਨੰਬਰ 21 ਫੇਅਰਲੈਂਡ ਕਲੋਨੀ ਫ਼ਤਿਹਗੜ੍ਹ ਚੂੜੀਆਂ ਰੋਡ ਅੰਮ੍ਰਿਤਸਰ, ਹੰਸਾ ਸਿੰਘ ਵਾਸੀ ਮਹਿਲਾਂਵਾਲਾ ਝੰਡੇਰ ਅੰਮ੍ਰਿਤਸਰ ਤੇ ਇੱਕ ਅਣਪਛਾਤੇ ਵਿਅਕਤੀ ਖਿਲਾਫ ਇੱਕ ਹਫਤਾ ਬੀਤਣ ਦੇ ਬਾਵਜੂਦ ਗ੍ਰਿਫਤਾਰ ਤਾਂ ਕੀ ਕਰਨਾ ਸੀ ਹਾਲੇ ਤੱਕ ਬਿਆਨਾਂ ਲਈ ਥਾਣੇ ਵੀ ਨਹੀਂ ਸੱਦਿਆ ਗਿਆ।ਉਕਤ ਆਗੂਆਂ ਵੱਲੋਂ ਥਾਣਾ ਝਬਾਲ ਦੇ ਐੱਸਐੱਚਓ ਨਾਲ ਸੰਪਰਕ ਕਰਨ ਤੇ ਦੱਸਿਆ ਕਿ ਉਹ ਬਿਮਾਰ ਹੋਣ ਕਾਰਨ ਹਸਪਤਾਲ ਜ਼ੇਰੇ ਇਲਾਜ ਹਨ। ਤਫਤੀਸ਼ੀ ਅਫਸਰ ਏਐੱਸਆਈ ਤਸਵੀਰ ਸਿੰਘ ਨਾਲ ਸੰਪਰਕ ਕਰਨ ਤੇ ਉਨ੍ਹਾਂ ਅਨੁਸਾਰ ਉਹ ਅਦਾਲਤ ਵਿੱਚ ਗਏ ਹਨ ਤੇ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਮਿਲਿਆ ਜਦਕਿ ਐਤਵਾਰ ਹੋਣ ਕਾਰਨ ਮਾਣਯੋਗ ਅਦਾਲਤਾਂ ਬੰਦ ਹੁੰਦੀਆਂ ਹਨ।ਉਕਤ ਆਗੂਆਂ ਨੇ ਜਦ ਇਸ ਸਬੰਧੀ ਜ਼ਿਲਾ ਪੁਲਸ ਤਰਨਤਾਰਨ ਐੱਸਐੱਸਪੀ ਅਭਿਮੰਨਿਊ ਰਾਣਾ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਡੀਐੱਸਪੀ ਸਬ ਡਵੀਜ਼ਨ ਤਰਨਤਾਰਨ ਰਿਪੁਤਾਪਨ ਸਿੰਘ ਨੂੰ ਮਾਮਲੇ ਨੂੰ ਹੱਲ ਕਰਨ ਅਤੇ ਮੁਦਈ ਦਵਿੰਦਰ ਸਿੰਘ ਨੂੰ ਇਨਸਾਫ ਦਿਵਾਉਣ ਲਈ ਹਦਾਇਤ ਕਰ ਦਿੱਤੀ ਗਈ ਹੈ।

# ਵੈਸ਼ਨੋ ਭਗਤ ਮੰਡਲੀ ਨੇ 23ਵੇਂ ਸਾਲਾਨਾ ਜਾਗਰਣ ਮੌਕੇ ਭੰਡਾਰਾ ਕਰਵਾਇਆ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਕਸਬਾ ਡੇਰਾ ਬਾਬਾ ਨਾਨਕ ਦੇ ਮੁਹੱਲਾ ਫਤਿਹ ਸਿੰਘ ਨੇੜੇ ਪਾਣੀ ਵਾਲੀ ਟੈਂਕੀ ਵੈਸ਼ਨੋ ਭਗਤ ਮੰਡਲੀ ਨੇ ਹਰ ਸਾਲ ਦੀ ਤਰ੍ਹਾਂ 23ਵਾਂ ਸਾਲਾਨਾ ਜਾਗਰਣ ਤੇ ਭੰਡਾਰਾ ਕਰਵਾਇਆ।ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਵੈਸ਼ਨੋ ਭਗਤ ਮੰਡਲੀ ਦੇ ਪ੍ਰਧਾਨ ਬੰਧਨ ਕੁਮਾਰ ਅਤੇ ਉਪ ਪ੍ਰਧਾਨ ਮਾਸਟਰ ਸੁਖਦੀਪ ਸਿੰਘ ਅਤੇ ਐਕਟਿਵ ਮੈਂਬਰ ਰੋਹਿਤ ਅੱਤਰੀ ਨੇ ਦੱਸਿਆ ਕਿ ਅੱਜ ਦੁਪਹਿਰ ਨੂੰ ਪ੍ਰਬੰਧਕਾਂ ਵੱਲੋਂ ਸੰਗਤਾਂ ਲਈ ਲੰਗਰ ਭੰਡਾਰਾ ਲਗਾਇਆ ਗਿਆ ਹੈ ਜਿਸ ਨੂੰ ਸੰਗਤਾਂ ਨੇ ਬੜੀ ਸ਼ਰਧਾ ਨਾਲ ਛਕਿਆ।

ਉਨ੍ਹਾਂ ਕਿਹਾ ਕਿ ਰਾਤ ਨੂੰ ਠੀਕ 8 ਵਜੇ ਮਹਾਮਾਈ ਦੀ ਜੋਤ ਪ੍ਰਚੰਡ ਕਰਕੇ ਗਣੇਸ਼ ਵੰਦਨਾ ਨਾਲ ਭਗਤਾਂ ਵੱਲੋਂ ਜਾਗਰਣ ਦੀ ਸ਼ੁਰੂਆਤ ਕੀਤੀ ਜਾਵੇਗੀ ਜਿਸ ਵਿੱਚ ਮਹਾਮਾਈ ਦੇ ਭਗਤ ਲਵਨ ਕੁਮਾਰ ਪਠਾਨਕੋਟ ਵਾਲਿਆਂ ਦੀ ਜਾਗਰਣ ਪਾਰਟੀ ਵੱਲੋਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ ।ਇਸ ਮੌਕੇ ਚੰਦੂ ਨੰਗਲ ਵਾਲੇ ਦੇਵਾ ਜੀ, ਰਤਨ ਲਾਲ ਜੇਈ ਕੋ, ਮਨੀ ਕੁਮਾਰ, ਰਾਜਾ ਚੱਕੀ ਵਾਲੇ, ਨੂਰ, ਜਸ਼ਨ ਸਿੰਘ, ਸਮਰ ਅੱਤਰੀ, ਅਸ਼ਮੀਤ, ਜਰਮਨ ਸਿੰਘ, ਗੁਰਪ੍ਰੀਤ ਸਿੰਘ, ਰਾਜੂ ਮੋਦੀ, ਲਵ ਕੁਮਾਰ, ਸਤਪਾਲ, ਦਰਸ਼ਨ ਲਾਲ, ਗੁਰਮੀਤ ਸਿੰਘ ਸਾਬਕਾ ਥਾਣੇਦਾਰ ਆਦਿ ਹਾਜ਼ਰ ਸਨ ।



# ਕੈਬਨਿਟ ਮੰਤਰੀ ਕਟਾਰੂਚੱਕ ਵੱਲੋਂ ਬਨੀਲੋਧੀ 'ਚ ਪੰਚਾਇਤ ਘਰ ਦਾ ਉਦਘਾਟਨ

ਪਠਾਨਕੋਟ (ਦਵਿੰਦਰ ਸਿੰਘ)-ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਸਮੂਚੇ ਪੰਜਾਬ ਅੰਦਰ ਬਿਨਾਂ ਕਿਸੇ ਪੱਖਪਾਤ ਅਤੇ ਬਿਨਾਂ ਕਿਸੇ ਭੇਦਭਾਵ ਦੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।

ਪਿੰਡ ਬਨੀਲੋਧੀ ਵਿਖੇ ਕਰੀਬ 8 ਲੱਖ ਰੁਪਏ ਨਾਲ ਬਣਾਏ ਗਏ ਪੰਚਾਇਤ ਘਰ ਅਤੇ 2 ਲੱਖ ਰੁਪਏ ਨਾਲ ਕੀਤੇ ਗਲੀ ਦੇ ਨਿਰਮਾਣ ਕਾਰਜਾਂ ਦੇ ਮੁਕੰਮਲ ਹੋਣ ਤੇ ਪਿੰਡ ਨਿਵਾਸੀਆਂ ਨੂੰ ਦੋਵੇਂ ਪ੍ਰੋਜੈਕਟ ਸਮਰਪਿਤ ਕੀਤੇ ਗਏ ਹਨ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਬਨੀ ਲੋਧੀ ਵਿਖੇ ਬਣਾਏ ਗਏ ਪੰਚਾਇਤ ਘਰ ਦਾ ਉਦਘਾਟਨ ਕਰਨ ਮਗਰੋਂ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਰਜਿੰਦਰ ਸਿੰਘ ਭਿੱਲਾ ਬਲਾਕ ਪ੍ਰਧਾਨ, ਸਰਪੰਚ ਕਾਲਾ ਰਾਮ, ਮੈਂਬਰ ਪੰਚਾਇਤ ਮਮਤਾ ਦੇਵੀ, ਮੈਂਬਰ ਪੰਚਾਇਤ ਦਰਸ਼ਨਾ ਦੇਵੀ, ਮੈਂਬਰ ਪੰਚਾਇਤ ਅਨਿਲ ਕੁਮਾਰ, ਮੈਂਬਰ ਪੰਚਾਇਤ ਸਰੇਸ਼ਟ ਕੁਮਾਰ, ਮੈਂਬਰ ਪੰਚਾਇਤ ਵਿਜੈ ਕੁਮਾਰ, ਮੈਂਬਰ ਪੰਚਾਇਤ ਸੁਨੀਤਾ ਦੇਵੀ, ਮੈਂਬਰ ਪੰਚਾਇਤ ਰਾਜ ਰਾਣੀ, ਸਮਿਤੀ ਮੈਂਬਰ ਸੁਭਾਸ਼ ਜੱਗੀ, ਰਮੇਸ਼ ਲਾਲ, ਵਿਜੈ ਸਿੰਘ, ਸੰਗਰਾਮ ਸਿੰਘ, ਅਨਿਲ ਸ਼ਰਮਾ, ਮਦਨ ਲਾਲ, ਪਰਸ਼ੋਤਮ ਲਾਲ, ਸੰਪੂਰਨ ਕੁਮਾਰ, ਤਰਸੇਮ ਲਾਲ, ਪੀ. ਕੇ. ਜਾਂਗਲਾ ਅਤੇ ਹੋਰ ਹਾਜ਼ਰ ਸਨ।ਇਸ ਮੌਕੇ



ਸੰਬੋਧਨ ਕਰਦਿਆਂ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਬਨੀਲੋਧੀ ਵਿਖੇ ਕਰੀਬ 10 ਲੱਖ ਰੁਪਏ ਖਰਚ ਕੀਤੇ ਗਏ ਹਨ ਜਿਸ ਵਿੱਚੋਂ ਕਰੀਬ 8 ਲੱਖ ਰੁਪਏ ਨਾਲ ਪੰਚਾਇਤ ਘਰ ਅਤੇ ਪਾਰਕ ਦਾ ਨਿਰਮਾਣ ਕੀਤਾ ਗਿਆ ਹੈ ਅਤੇ ਕਰੀਬ 2 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਦੀ ਇੱਕ ਗਲੀ ਜੋ ਅੱਜ ਤੱਕ ਨਹੀਂ ਬਣਾਈ ਗਈ ਸੀ ਉਸ ਗਲੀ ਦਾ ਨਿਰਮਾਣ ਵੀ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਇਸ ਪੰਚਾਇਤ ਘਰ ਦੇ ਬਣਨ ਨਾਲ ਪਿੰਡ ਦੀ ਪੰਚਾਇਤ ਇੱਥੇ ਬੈਠ ਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਿਆ ਕਰੇਗੀ।ਇਸ ਮੌਕੇ ਕੈਬਨਿਟ ਮੰਤਰੀ ਨੇ ਪਿੰਡ ਦੇ ਵਿਕਾਸ ਕਾਰਜਾਂ ਨੂੰ ਦੇਖਦਿਆਂ ਹੋਇਆਂ ਪਿੰਡ ਅੰਦਰ ਹੋਰ ਵਿਕਾਸ ਕਾਰਜ ਕਰਵਾਉਣ ਲਈ 7.50 ਲੱਖ ਰੁਪਏ ਦੀ ਰਾਸ਼ੀ ਦਾ ਚੈੱਕ ਵੀ ਪਿੰਡ ਦੀ ਪੰਚਾਇਤ ਨੂੰ ਭੇਟ ਕੀਤਾ।

ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਪਿੰਡਾਂ ਅੰਦਰ ਸਮੁੱਚਾ ਵਿਕਾਸ ਕਰਵਾਇਆ ਜਾ ਰਿਹਾ ਹੈ। ਪਿੰਡਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣ ਦੇ ਲਈ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪਿੰਡਾਂ ਅੰਦਰ ਬਿਨਾਂ ਕਿਸੇ ਪੱਖਪਾਤ ਦੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਬਿਨਾਂ ਕਿਸੇ ਭੇਦਭਾਵ ਦੇ ਪਿੰਡਾਂ ਦਾ ਸਮੁੱਚਾ ਵਿਕਾਸ ਕਰਵਾਇਆ ਜਾ ਰਿਹਾ ਹੈ।

# ਝੋਨੇ ਦੀ ਸਿੱਧੀ ਬਿਜਾਈ ਤੇ ਮੱਕੀ ਹੇਠ ਰਕਬਾ ਵਧਾਉਣ ਹਿੱਤ ਧਾਰੀਵਾਲ ਵਿਖੇ ਲੱਗਾ ਬਲਾਕ ਪੱਧਰੀ ਕਿਸਾਨ ਜਾਗਰੂਕਤਾ ਕੈਂਪ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਡਾ. ਅਮਰੀਕ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾ. ਰਛਪਾਲ ਸਿੰਘ ਬੰਡਾਲਾ ਬਲਾਕ ਖੇਤੀਬਾੜੀ ਅਫਸਰ ਧਾਰੀਵਾਲ ਦੀ ਯੋਗ ਅਗਵਾਈ ਹੇਠ ਸਾਉਣੀ ਦੀਆਂ ਫਸਲ ਦੀ ਕਾਸ਼ਤ ਸਬੰਧੀ ਮੱਕੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਹਿੱਤ ਅਤੇ ਝੋਨੇ ਦੀ ਸਿੱਧੀ ਬਿਜਾਈ ਸਬੰਧੀ ਤਕਨੀਕੀ ਜਾਣਕਾਰੀ ਦੇਣ ਲਈ ਖੇਤੀਬਾੜੀ ਵਿਕਾਸ ਅਫਸਰ ਧਾਰੀਵਾਲ ਡਾ. ਜਤਿੰਦਰ ਸਿੰਘ ਦੇ ਸੁੱਚਜੇ ਪ੍ਰਬੰਧਾਂ ਅਧੀਨ ਅਤੇ ਬਲਾਕ ਖੇਤੀਬਾੜੀ ਦਫਤਰ ਧਾਰੀਵਾਲ ਦੇ ਸਮੁੱਚੇ ਸਟਾਫ ਦੇ ਪੂਰਨ ਸਹਿਯੋਗ ਨਾਲ ਧਾਰੀਵਾਲ ਵਿਖੇ ਬਲਾਕ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਦੀ ਪ੍ਰਧਾਨਗੀ ਮਾਣਯੋਗ ਮੁੱਖ ਖੇਤੀਬਾੜੀ ਅਫਸਰ, ਗੁਰਦਾਸਪੁਰ ਡਾ. ਅਮਰੀਕ ਸਿੰਘ ਵੱਲੋਂ ਕੀਤੀ ਗਈ। ਖੇਤੀਬਾੜੀ ਵਿਸਥਾਰ ਅਫਸਰ ਯਾਦਵਿੰਦਰ ਸਿੰਘ ਭਿੰਡਰ ਵੱਲੋਂ ਸਟੇਜ ਸੈਕਟਰੀ ਦੀ ਭੂਮਿਕਾ ਬਾਖੂਬੀ ਨਿਭਾਈ ਗਈ। ਕਿਸਾਨਾਂ ਨੂੰ ਸੰਬੋਧਿਤ ਹੁੰਦੇ ਹੋਏ ਡਾ. ਅਮਰੀਕ ਸਿੰਘ ਵੱਲੋਂ ਕਿਸਾਨਾਂ ਨੂੰ ਕੁਦਰਤੀ ਸੋਮਿਆਂ ਨੂੰ ਬਚਾਉਣ ਲਈ ਵੱਧ ਤੋਂ ਵੱਧ ਯਤਨ ਕਰਨ ਸਬੰਧੀ ਅਪੀਲ ਕੀਤੀ ਗਈ। ਉਨ੍ਹਾਂ ਵੱਲੋਂ ਪਾਣੀ ਦੀ ਬੱਚਤ ਲਈ ਸਰਕਾਰ ਵੱਲੋਂ ਸ਼ੁਰੂ ਕੀਤੇ ਪਾਇਲਟ ਪ੍ਰੋਜੈਕਟ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਸਾਨਾਂ ਨੂੰ ਝੋਨੇ ਦੀ ਫਸਲ ਦੇ ਬਦਲ ਵਜੋਂ ਮੱਕੀ ਦੀ ਫਸਲ ਵੱਧ ਤੋਂ ਵੱਧ ਬੀਜਣ ਲਈ ਕਿਹਾ ਗਿਆ। ਉਨ੍ਹਾਂ ਦੱਸਿਆ ਕਿ ਜਿੱਥੇ ਮੱਕੀ



ਦੀ ਫਸਲ ਬੀਜਣ ਤੇ ਘੱਟੋ-ਘੱਟ ਸਮਰਥਨ ਮੁੱਲ ਮਿਲੇਗਾ ਉੱਥੇ ਹੀ ਕਿਸਾਨਾਂ ਨੂੰ 17500 ਰੁਪਏ ਪ੍ਰਤੀ ਹੈਕਟੇਅਰ ਪ੍ਰੋਤਸਾਹਨ ਰਾਸ਼ੀ ਵੀ ਦਿੱਤੀ ਜਾਵੇਗੀ। ਉਨ੍ਹਾਂ ਕਿਸਾਨਾਂ ਨੂੰ ਵਾਤਾਵਰਣ 'ਤੇ ਪੈਂਦੇ ਮਾੜੇ ਪ੍ਰਭਾਵ ਅਤੇ ਦੁਰਘਟਨਾਵਾਂ ਦਾ ਹਵਾਲਾ ਦਿੰਦੇ ਹੋਏ ਕਣਕ ਦੇ ਨਾੜ ਨੂੰ ਅੱਗ ਨਾ ਲਗਾਉਣ ਅਤੇ ਬੇਲੋੜੀਆਂ ਖਾਦਾਂ ਅਤੇ ਦਵਾਈਆਂ ਪਾਉਣ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ। ਡਾ. ਗੁਰਪ੍ਰੀਤ ਸਿੰਘ ਔਲਖ ਵੱਲੋਂ ਮੱਕੀ ਦੀ ਕਾਸ਼ਤ ਸਬੰਧੀ ਤਕਨੀਕੀ ਜਾਣਕਾਰੀ ਦਿੱਤੀ ਗਈ। ਡਾ. ਸੰਦੀਪ ਸਿੰਘ ਖੇਤੀਬਾੜੀ ਅਫਸਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਅਤੇ ਡਾ. ਦਿਲਰਾਜ ਸਿੰਘ ਖੇਤੀਬਾੜੀ ਵਿਕਾਸ ਅਫਸਰ ਵੱਲੋਂ ਕਿਸਾਨਾਂ ਨੂੰ ਪੀ ਐੱਮ ਕਿਸਾਨ ਸਨਮਾਨ ਨਿਧੀ ਯੋਜਨਾ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਅਰਜਿੰਦਰ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਵੱਲੋਂ ਖੇਤੀ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ ਸਬੰਧੀ ਕਿਸਾਨਾਂ ਨਾਲ ਵਿਚਾਰ ਸਾਂਝੇ ਕੀਤੇ ਗਏ। ਬਲਾਕ ਖੇਤੀਬਾੜੀ ਅਫਸਰ, ਧਾਰੀਵਾਲ ਡਾ. ਰਛਪਾਲ ਸਿੰਘ ਬੰਡਾਲਾ ਵੱਲੋਂ ਖੇਤੀ ਮਾਹਿਰਾਂ ਦੀ ਟੀਮ ਅਤੇ ਕਿਸਾਨਾਂ ਨੂੰ ਜੀ ਆਇਆ ਕਿਹਾ ਅਤੇ ਉਨ੍ਹਾਂ ਵੱਲੋਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨ ਹਿੱਤ ਵਿੱਚ ਚਲਾਈਆਂ ਜਾ ਰਹੀਆਂ ਰਹੀਆਂ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਡਾ. ਜਰਮਨਜੀਤ ਸਿੰਘ, ਗੁਰਮੀਤ ਸਿੰਘ ਖੇਤੀਬਾੜੀ ਵਿਸਥਾਰ ਅਫਸਰ, ਆਕਾਸ਼ਦੀਪ ਸਿੰਘ, ਪਵਨਦੀਪ ਕੌਰ, ਵਿਕਰਮ ਦਿਆਲ ਸਿੰਘ, ਕਮਲਪ੍ਰੀਤ ਸਿੰਘ ਸਮੂਹ ਖੇਤੀਬਾੜੀ ਉਪ ਨਿਰੀਖਕ, ਬਲਾਕ ਟੈਕਨੋਲੋਜੀ ਮੈਨੇਜਰ ਦਿਲਬਾਗ ਸਿੰਘ, ਸਤਨਾਮ ਸਿੰਘ ਜੁਗਰਾਜ ਸਿੰਘ ਅਸਿਸਟੈਂਟ ਟੈਕਨੋਲੋਜੀ ਮੈਨੇਜਰ, ਸੁਖਦੀਪ ਸਿੰਘ, ਸੋਨੂ, ਫੀਡਬੈਕ ਫਾਊਂਡੇਸ਼ਨ ਤੋਂ ਆਸ਼ੂ, ਜਸਪਿੰਦਰ ਸਿੰਘ ਅਤੇ ਅਗਾਂਹਵਧੂ ਕਿਸਾਨ ਦਿਲਬਾਗ ਸਿੰਘ ਛੋਟੇਪੁਰ, ਨਵਜੋਤ ਸਿੰਘ ਆਦਿ ਹਾਜ਼ਰ ਸਨ।

26 May Page-12.qxd 5/25/2025 10:40 PM Page 1



# ਆਬਕਾਰੀ ਵਿਭਾਗ ਵੱਲੋਂ ਨਜਾਇਜ਼ ਸ਼ਰਾਬ ਦੀ ਵਿਕਰੀ ਵਿਰੁੱਧ ਵੱਡੀ ਮੁਹਿੰਮ ਸ਼ੁਰੂ : ਨਵਜੀਤ ਸਿੰਘ



**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਆਬਕਾਰੀ ਵਿਭਾਗ ਕਪੂਰਥਲਾ ਵੱਲੋਂ ਨਜਾਇਜ ਸ਼ਰਾਬ ਦੀ ਵਿਕਰੀ ਕਰਨ ਵਾਲਿਆਂ ਵਿਰੁੱਧ ਕਾਰਵਾਈ ਦੇ ਨਾਲ-ਨਾਲ ਜਾਗਰੂਕਤਾ ਲਹਿਰ ਵੀ ਸ਼ੁਰੂ ਕੀਤੀ ਗਈ ਹੈ। ਉਪ ਕਮਿਸ਼ਨਰ (ਆਬਕਾਰੀ) ਜਲੰਧਰ ਜ਼ੋਨ, ਜਲੰਧਰ ਸੁਰਿੰਦਰ ਕੁਮਾਰ ਗਰਗ ਅਤੇ ਸਹਾਇਕ ਕਮਿਸ਼ਨਰ ਆਬਕਾਰੀ ਕਪੂਰਥਲਾ ਰੇਂਜ, ਕਪੂਰਥਲਾ ਨਵਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਨਜਾਇਜ ਸ਼ਰਾਬ ਦੀ ਵਿਕਰੀ ਕਰਨ ਵਾਲਿਆਂ ਖਿਲਾਫ ਵੱਡੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਸੁਲਤਾਨਪੁਰ ਲੋਧੀ ਦੇ ਪਿੰਡ ਰਾਜੇਵਾਲ, ਅੰਮ੍ਰਿਤਪੁਰ ਤੇ ਸ਼ੇਰਪੁਰ ਡੋਗਰਾਂ ਦੇ ਮੰਡ ਖੇਤਰ ਅੰਦਰ ਵਿਭਾਗ ਦੀਆਂ ਟੀਮਾਂ ਵਲੋਂ ਛਾਪੇਮਾਰੀ ਕਰਕੇ 8000 ਲੀਟਰ ਲਾਹਨ ਬਰਾਮਦ ਕਰਕੇ ਨਸ਼ਟ ਕੀਤੀ ਗਈ। ਸਹਾਇਕ ਕਮਿਸ਼ਨਰ ਨਵਜੀਤ ਸਿੰਘ ਨੇ ਕਿਹਾ ਕਿ ਬਿਆਸ ਦਰਿਆ ਦੇ ਨਾਲ ਲਗਦੇ ਮੰਡ ਏਰੀਏ ਵਿੱਚ ਹੁਣ ਤੱਕ 10500 ਲੀਟਰ ਲਾਹਣ ਨੂੰ ਨਸ਼ਟ ਕੀਤਾ ਗਿਆ ਹੈ। ਇਸ ਤੋਂ ਇਲਾਵਾ ਲਗਾਤਾਰ ਨਾਕੇ ਲਗਾਏ ਜਾ ਰਹੇ ਹਨ ਅਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਜ਼ਿਲ੍ਹੇ ਵਿੱਚ ਪੈਂਦੇ ਸਾਰੇ ਸਪਿਰਟ ਦੇ ਲਾਇਸੰਸ ਹੋਲਡਰਾਂ (ਐਲ 17) ਅਤੇ ਪੇਂਟ ਅਤੇ ਹਾਰਡਵੇਅਰ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਗਈ ਅਤੇ ਉਨ੍ਹਾਂ ਨੂੰ ਹਦਾਇਤ ਕੀਤੀ ਗਈ ਕਿ ਜੋ ਵੀ ਸਪਿਰਟ/ਥਿਨਰ ਦੀ ਸੇਲ ਕੀਤੀ ਜਾ ਰਹੀ ਹੈ ਉਸ ਦਾ ਪੂਰਾ ਰਿਕਾਰਡ ਰਜਿਸਟਰ ਲਗਾ ਕੇ ਰੱਖਿਆ ਜਾਵੇ, ਜਿਸ ਵਿੱਚ ਖਰੀਦਣ ਵਾਲੇ ਦਾ ਨਾਂਅ, ਪਤਾ, ਆਧਾਰ ਕਾਰਡ, ਮੋਬਾਇਲ ਨੰਬਰ ਮਾਤਰਾ ਦਰਜ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਨਜਾਇਜ਼ ਸ਼ਰਾਬ ਦੀ ਵਿਕਰੀ ਰੋਕਣ ਵਾਸਤੇ ਪਿੰਡਾਂ ਵਿੱਚ ਲਾਊਡ ਸਪੀਕਰਾਂ ਰਾਹੀ ਮੁਨਾਦੀ ਕਰਵਾ ਕੇ ਅਤੇ ਪੈਂਫਲੇਟ ਵੰਡ ਕੇ ਐਕਸਾਈਜ ਵਿਭਾਗ ਵੱਲੋਂ ਆਮ ਪਬਲਿਕ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸੇ ਦੌਰਾਨ ਆਬਕਾਰੀ ਅਫਸਰ ਸੁਖਜੀਤ ਸਿੰਘ ਚਾਹਲ ਨੇ ਦੱਸਿਆ ਕਿ ਕਪੂਰਥਲਾ ਦੇ ਵੱਖ-ਵੱਖ ਪਿੰਡਾਂ ਵਿੱਚ ਮੁਨਾਦੀ ਕਰਵਾਈ ਗਈ ਅਤੇ ਉਨ੍ਹਾਂ ਕਿਹਾ ਕਿ ਨਜਾਇਜ਼ ਸ਼ਰਾਬ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ ਐਕਸਾਈਜ ਵਿਭਾਗ ਵਲੋਂ ਸਖਤੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਲੋਕਾਂ ਨੂੰ ਚਾਹੀਦਾ ਹੈ ਕਿ ਇਹ ਧੰਦਾ ਕਰਨ ਵਾਲੇ ਲੋਕਾਂ ਬਾਰੇ ਪੁਲਸ ਅਤੇ ਐਕਸਾਈਜ ਵਿਭਾਗ ਨੂੰ ਸੂਚਿਤ ਕੀਤਾ ਜਾਵੇ।

# ਗੁਰਸ਼ਾਨ ਰਾਇਲ ਬਹੁਜਨ ਵਲੰਟੀਅਰ ਫੋਰਸ ਦੇ ਸ਼ਹਿਰੀ ਪ੍ਰਧਾਨ ਨਿਯੁਕਤ

**ਹੁਸ਼ਿਆਰਪੁਰ (ਓ ਪੀ ਰਾਣਾ)** ਬਹੁਜਨ ਸਮਾਜ ਪਾਰਟੀ ਦੀ ਅਹਿਮ ਮੀਟਿੰਗ ਮੁਹੱਲਾ ਕਮਾਲਪੁਰ ਵਿਖੇ ਮਦਨ ਸਿੰਘ ਬੈਂਸ ਇੰਚਾਰਜ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਦੀ ਅਗਵਾਈ ਹੇਠ ਹੋਈ। ਇਸ ਮੌਕੇ ਠੇਕੇਦਾਰ ਭਗਵਾਨ ਦਾਸ ਸਿੱਧੂ ਜਨਰਲ ਸਕੱਤਰ ਬਸਪਾ ਪੰਜਾਬ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਨੌਜਵਾਨ ਆਗੂ ਗੁਰਸ਼ਾਨ ਰਾਇਲ ਨੂੰ ਬਹੁਜਨ ਵਲੰਟੀਅਰ ਫੋਰਸ ਹੁਸ਼ਿਆਰਪੁਰ ਦਾ ਸ਼ਹਿਰੀ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਠੇਕੇਦਾਰ ਭਗਵਾਨ ਦਾਸ ਸਿੱਧੂ ਨੇ ਕਿਹਾ ਬਹੁਜਨ ਸਮਾਜ ਪਾਰਟੀ ਦੀ ਮਜ਼ਬੂਤੀ ਲਈ ਸਾਰੇ ਕਾਡਰ ਨੂੰ ਇਕ ਜੁੱਟ ਕਰਕੇ ਪਾਰਟੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹੁਸ਼ਿਆਰਪੁਰ ਵਿਚ ਨਵੀਆਂ ਨਿਯੁਕਤੀਆਂ ਅਤੇ ਬੂਥ ਕਮੇਟੀਆਂ ਨੂੰ ਮਜ਼ਬੂਤੀ ਨਾਲ ਗਠਿਤ ਕੀਤਾ ਜਾ ਰਿਹਾ ਹੈ ਅਤੇ ਪਾਰਟੀ ਅੰਦਰ ਨੌਜਵਾਨਾਂ ਨੂੰ ਵੱਧ ਤੋਂ ਵੱਧ ਸਨਮਾਨ ਦਿੱਤਾ ਜਾ ਰਿਹਾ ਹੈ ਜਿਸ ਦੇ ਤਹਿਤ ਗੁਰਸ਼ਾਨ ਰਾਇਲ ਨੂੰ ਬਹੁਜਨ ਵਲੰਟੀਅਰ ਫੋਰਸ ਸਿਟੀ ਪ੍ਰਧਾਨ ਅਤੇ ਚਿਰਾਗ ਰਾਇ ਨੂੰ ਸਿਟੀ ਉੱਪ ਪ੍ਰਧਾਨ, ਰਵੀ ਕੁਮਾਰ ਡੈਮਟ ਨੂੰ ਬੂਥ ਕਮੇਟੀ ਦਾ ਪ੍ਰਧਾਨ ਲਗਾਇਆ ਗਿਆ। ਉਨ੍ਹਾਂ ਕਿਹਾ ਕਿ ਨੌਜਵਾਨ ਬਸਪਾ ਦੀ ਮੁੱਖ ਵਿਚਾਰਧਾਰਾ ਵਿਚ ਸ਼ਾਮਲ ਹੋ ਕੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨ। ਠੇਕੇਦਾਰ ਸਿੱਧੂ ਨੇ ਕਿਹਾ ਕਿ ਬਹੁਜਨ ਸਮਾਜ ਨੂੰ ਪੰਜਾਬ ਵਿੱਚ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਅਤੇ



ਪੰਜਾਬ ਵਿੱਚ ਗੈਂਗਸਟਰਵਾਦ ਅਤੇ ਗੁੰਡਾ ਗਰਦੀ ਅਤੇ ਫਿਰੌਤੀਆਂ ਮੰਗਣ ਦੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਦਾ ਹਿੱਸਾ ਬਣਕੇ ਪੰਜਾਬ ਨੂੰ ਬਚਾਉਣ ਲਈ ਯੋਗਦਾਨ ਪਾਉਣਾ ਚਾਹੀਦਾ ਹੈ।ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਸੁਖਦੇਵ ਬਿੱਟਾ ਸਟੇਟ ਆਗੂ ਬਸਪਾ, ਸੁਰਜੀਤ ਮਹਿਮੀ ਪ੍ਰਧਾਨ ਵਿਧਾਨ ਸਭਾ ਹੁਸ਼ਿਆਰਪੁਰ, ਕਿਸ਼ੋਰ ਲਾਲ ਉੱਪ ਪ੍ਰਧਾਨ ਬਸਪਾ ਵਿਧਾਨ ਸਭਾ, ਡਾ. ਸੁਖਦੇਵ , ਰਮੇਸ਼ ਪਟਵਾਰੀ, ਦਿਨੇਸ਼ ਪੱਪੂ, ਸੰਜੀਵ ਕੁਮਾਰ,ਦਵਿੰਦਰ ਸਿੰਘ, ਜਸ਼ਨ ਰਾਇਲ ਆਦਿ ਆਗੂ ਹਾਜ਼ਰ ਸਨ।




# ਐੱਲ ਪੀ ਯੂ 'ਚ ਕਰੀਅਰ ਸਕਿੱਲ ਕਾਨਫਰੰਸ

**ਜਲੰਧਰ (ਸ਼ੈਲੀ ਐਲਬਰਟ)** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਨੇ ਦੋ-ਦਿਨਾ ਕਰੀਅਰ ਸਕਿੱਲ ਕਾਨਫਰੰਸ ਦਾ ਆਯੋਜਨ ਕੀਤਾ ਜਿਸ ਵਿੱਚ ਦੇਸ਼ ਦੇ ਉਦਯੋਗ ਨੇਤਾ ਅਤੇ ਅਕਾਦਮਿਕ ਮਾਹਰ ਸ਼ਾਮਲ ਹੋਏ। ਤਿੰਨ ਤਕਨੀਕੀ ਸੈਸ਼ਨਾਂ ਦੇ ਆਲੇ-ਦੁਆਲੇ ਸੰਰਚਿਤ, ਇਹ ਪ੍ਰੋਗਰਾਮ ਆਰਟੀਫੀਸ਼ੀਅਲ ਇੰਟੈਲੀਜੈਂਸ, ਸਾਈਬਰ ਸੁਰੱਖਿਆ, ਡੇਟਾ ਸਾਇੰਸ, ਈ-ਕਾਮਰਸ, ਡਿਜੀਟਲ ਮਾਰਕੀਟਿੰਗ, ਕਾਰੋਬਾਰ ਵਿਸ਼ਲੇਸ਼ਣ ਅਤੇ ਵਾਤਾਵਰਣ ਵਿਗਿਆਨ ਵਰਗੇ ਉੱਚ-ਵਿਕਾਸ ਵਾਲੇ ਡੋਮੇਨਾਂ 'ਤੇ ਕੇਂਦ੍ਰਿਤ ਸੀ। ਕਾਨਫਰੰਸ ਦਾ ਉਦੇਸ਼ ਵਿਦਿਆਰਥੀਆਂ ਨੂੰ ਭਵਿੱਖ ਲਈ ਤਿਆਰ ਹੁਨਰਾਂ ਨਾਲ ਲੈਸ ਕਰਨਾ ਅਤੇ ਉੱਭਰ ਰਹੇ ਕਰੀਅਰ ਦਿਸ਼ਾਂ ਦੀ ਡੂੰਘੀ ਸਮਝ ਨੂੰ ਉਤਸ਼ਾਹਿਤ ਕਰਨਾ ਸੀ; ਉਹਨਾਂ ਨੂੰ ਨਾ ਸਿਰਫ਼ ਨੌਕਰੀਆਂ ਲਈ, ਸਗੋਂ ਇੱਕ ਵਧਦੀ ਡਿਜੀਟਲ ਅਤੇ ਆਪਸ ਵਿੱਚ ਜੁੜੇ ਸੰਸਾਰ ਵਿੱਚ ਲੀਡਰਸ਼ਿਪ ਭੂਮਿਕਾਵਾਂ ਲਈ ਵੀ ਤਿਆਰ ਕਰਨਾ ਸੀ। ਐਲ ਪੀ ਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਨੇ ਉਦਯੋਗ-ਅਕਾਦਮਿਕ ਸਹਿਯੋਗ ਦੀ ਪਰਿਵਰਤਨਸ਼ੀਲ ਸੰਭਾਵਨਾ ਬਾਰੇ ਗੱਲ ਕੀਤੀ। ਐਲ ਪੀ ਯੂ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਸੰਧੂ ਨੇ ਕਿਹਾ, ਇਹ ਮਹੱਤਵਪੂਰਨ ਹੈ ਕਿ ਵਿਦਿਆਰਥੀ ਸਿਰਫ਼ ਗਿਆਨ ਨਾਲ ਹੀ ਗ੍ਰੈਜੂਏਟ ਨਾ ਹੋਣ, ਸਗੋਂ ਗਤੀਸ਼ੀਲ ਕਰੀਅਰ ਲਈ ਮਾਨਸਿਕਤਾ ਅਤੇ ਵਿਸ਼ਵਾਸ ਨਾਲ ਗ੍ਰੈਜੂਏਟ ਹੋਣ। ਉੱਘੇ ਬੁਲਾਰਿਆਂ ਨੇ ਇਸ ਬਾਰੇ ਬੇਮਿਸਾਲ ਸਮਝ ਪ੍ਰਦਾਨ ਕੀਤੀ ਕਿ ਕਿਵੇਂ ਤਕਨਾਲੋਜੀ, ਡੇਟਾ ਅਤੇ ਸਥਿਰਤਾ ਨੌਕਰੀ ਦੀਆਂ ਭੂਮਿਕਾਵਾਂ ਨੂੰ ਮੁੜ ਆਕਾਰ ਦੇ ਰਹੇ ਹਨ।

# ਕਈ ਮਾਮਲਿਆਂ 'ਚ ਲੋੜੀਂਦਾ ਦੇਸੀ ਪਿਸਟਲ ਸਮੇਤ ਕਾਬੂ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਨਜ਼ਦੀਕੀ ਪਿੰਡ ਅਜਨੋਹਾ ਦੇ ਬਿਸਤ ਦੁਆਬ ਨਹਿਰ ਦੇ ਨੀਵੇਂ ਪੁਲ ਤੋਂ ਹਟਵੇਂ ਮੱਕੀ ਦੇ ਖੇਤਾਂ ਵਿਚ ਇਕ ਅਜਨੋਹਾ ਦੇ ਅਪਰਾਧੀ ਨੌਜਵਾਨ ਦੀ ਪੁਲਸ ਨਾਲ ਮੁੱਠਭੇੜ ਵਿਚ ਉਸ ਦੀ ਲੱਤ 'ਚ ਗੋਲੀ ਲੱਗਣ ਨਾਲ ਜ਼ਖਮੀ ਹੋਏ ਨੂੰ ਪੁਲਸ ਵੱਲੋਂ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਦਾਖਲ ਕਰਵਾਏ ਜਾਣ ਦੀ ਖ਼ਬਰ ਪ੍ਰਾਪਤ ਹੋਈ ਹੈ । ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਅਜਨੋਹਾ ਦਾ ਸਰਬਜੀਤ ਸਿੰਘ ਉਰਫ਼ ਪਾਹਵਾ ਜੋ ਪਹਿਲਾਂ ਤੋਂ ਹੀ ਅਪਰਾਧੀ ਕਿਸਮ ਦਾ ਵਿਅਕਤੀ ਹੈ, ਜੋ ਪੁਲਸ ਨੂੰ ਲੋੜੀਂਦਾ ਸੀ, ਇਸ ਖ਼ਿਲਾਫ਼ ਪਹਿਲਾਂ ਵੀ ਛੇ-ਸੱਤ ਦੇ ਕਰੀਬ ਅਪਰਾਧਕ ਮਾਮਲੇ ਦਰਜ ਹਨ । ਇਸ 'ਤੇ ਇਕ ਕਤਲ ਦਾ ਪਰਚਾ, ਐਨ. ਡੀ. ਪੀ. ਐੱਸ ਦੇ ਪਰਚੇ ਦਰਜ ਹਨ, ਇਹ ਪੁਲਸ ਨੂੰ ਇਕ ਹੋਰ ਅਪਰਾਧਕ ਮਾਮਲੇ ਵਿਚ ਲੋੜੀਂਦਾ ਸੀ। ਇਸ ਖ਼ਿਲਾਫ਼ ਸੂਹ ਲੱਗਣ 'ਤੇ ਅੱਜ ਥਾਣਾ ਮੇਹਟੀਆਣਾ ਤੇ ਪੁਲਸ ਚੌਕੀ ਅਜਨੋਹਾ ਦੀ ਪੁਲਸ ਨੇ ਉਸ ਨੂੰ ਵੇਖ ਕੇ ਘਟਨਾ ਸਥਾਨ 'ਤੇ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਪੁਲਸ ਪਾਰਟੀ ਉੱਪਰ ਆਪਣੇ ਦੇਸੀ ਪਿਸਟਲ ਨਾਲ ਦੋ ਫਾਇਰ ਕੀਤੇ, ਜਿਸ 'ਤੇ ਜਵਾਬੀ ਕਾਰਵਾਈ ਕਰਦੇ ਹੋਏ ਪੁਲਸ ਵੱਲੋਂ ਉਸ ਨੂੰ ਕਾਬੂ ਕਰਨ ਲਈ ਇਕ ਹਵਾਈ ਫਾਇਰ ਕੀਤਾ ਗਿਆ ਤੇ ਦੂਸਰਾ ਫਾਇਰ ਉਸ ਦੀ ਲੱਤ ਵਿਚ ਲੱਗਾ, ਜਿਸ ਨਾਲ ਉਹ ਜ਼ਖ਼ਮੀ ਹੋ ਗਿਆ। ਮੌਕੇ 'ਤੇ ਉਸ ਨੂੰ ਪੁਲਸ ਵੱਲੋਂ ਇਕ ਦੇਸੀ ਪਿਸਟਲ ਸਮੇਤ ਕਾਬੂ ਕੀਤਾ ਗਿਆ । ਇਸ ਘਟਨਾ ਦੀ ਸੂਚਨਾ ਮਿਲਦੇ ਹੀ ਘਟਨਾ ਸਥਾਨ 'ਤੇ ਐੱਸ. ਐੱਸ. ਪੀ. ਸੰਦੀਪ ਕੁਮਾਰ ਮਲਿਕ ਹੁਸ਼ਿਆਰਪੁਰ, ਐੱਸ. ਪੀ. ਡੀ ਮੁਕੇਸ਼ ਕੁਮਾਰ, ਡੀ. ਐੱਸ. ਪੀ ਪਲਵਿੰਦਰ ਸਿੰਘ, ਐੱਸ. ਐਚ. ਓ ਬਲਜੀਤ ਸਿੰਘ ਹੁੰਦਲ ਮੇਹਟੀਆਣਾ, ਐੱਸ. ਐਚ. ਓ. ਪਲਵਿੰਦਰਪਾਲ ਜੀਤ ਸਿੰਘ ਮਾਹਿਲਪੁਰ, ਏ. ਐੱਸ. ਆਈ ਦਿਲਬਾਗ ਸਿੰਘ ਚੌਕੀ ਇੰਚਾਰਜ ਅਜਨੋਹਾ, ਏ. ਐੱਸ. ਆਈ ਪਲਵਿੰਦਰ ਸਿੰਘ ਚੀਮਾ ਸਪੈਸਲ ਬਰਾਂਚ ਆਦਿ ਨੇ ਪਹੁੰਚ ਕੇ ਘਟਨਾ ਸਥਾਨ ਦਾ ਜਾਇਜ਼ਾ ਲਿਆ।

# ਮੇਲਾ ਹਰਦੋ ਸ਼ੇਖਾਂ ਦਾ 28 ਤੇ 29 ਨੂੰ : ਡਾ. ਸਿੱਧਮ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**— ਸੂਫ਼ੀ ਦਰਗਾਹ ਅਸਤਾਨਾਂ ਔਲੀਆ ਹਜ਼ਰਤ ਸ਼ਾਹ ਬਾਬਾ ਮੁੱਲਾਹ ਬਦਰ ਦਾ ਸਾਲਾਨਾ ਉਰਸ ਤੇ ਵਿਸ਼ਾਲ ਜੋੜ ਮੇਲਾ 'ਮੇਲਾ ਹਰਦੋ ਸ਼ੇਖਾ ਦਾ' ਗੱਦੀਨਸ਼ੀਨ ਨਿਹਾਲ ਸਿੰਘ ਮਾਹਲ ਦੀ ਰਹਿਨੁਮਾਈ ਹੇਠ 28 ਤੇ 29 ਮਈ ਨੂੰ ਪਿੰਡ ਹਰਦੋ ਸ਼ੇਖਾਂ, ਨੇੜੇ ਸਰੀਂਹ ਸ਼ੰਕਰ (ਨੂਰਮਹਿਲ) ਜਲੰਧਰ ਵਿਖੇ ਅਥਾਹ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ।ਸਿੱਧਮ ਦਵਾਖਾਨਾ ਤੇ ਆਸਟਰੋ ਰਿਸਰਚ ਸੈਂਟਰ ਦੇ ਸੰਚਾਲਕ, 'ਵਿਜੈ ਟਾਈਮਜ਼' ਪੇਪਰ ਦੇ ਸੰਪਾਦਕ ਤੇ ਦਰਬਾਰ ਮੇਲਾ ਪ੍ਰਬੰਧਕ ਡਾ. ਵਿਜੇ ਕੁਮਾਰ ਸਿੱਧਮ ਨੇ ਦੱਸਿਆ ਕਿ ਦੋ ਰੋਜ਼ਾ ਇਸ ਮੇਲੇ ਦੇ ਪਹਿਲੇ ਦਿਨ ਬੁੱਧਵਾਰ ਸ਼ਾਮ ਨੂੰ ਚਿਰਾਗ ਰੌਸ਼ਨ ਕੀਤੇ ਜਾਣਗੇ। ਠੀਕ ਸ਼ਾਮ 06 ਵਜੇ ਸੂਫ਼ੀ ਭੈਣਾਂ ਸਿੱਧਮ ਸਿਸਟਰਜ਼ ਵੱਲੋਂ ਮਹਿਫ਼ਲ-ਏ-ਕਵਾਲੀ ਦਾ ਆਰੰਭ ਹੋਵੇਗਾ। ਸ਼ਮੀ ਅਲੀ ਕਵਾਲ ਪਾਰਟੀ ਤੇ ਹੋਰਨਾਂ ਵੱਲੋਂ ਮਹਿਫ਼ਲ ਸਜਾਈ ਜਾਵੇਗੀ।ਮੇਲੇ ਦੌਰਾਨ ਮੁੱਖ ਮਹਿਮਾਨ ਸੰਤ ਤਰਮਿੰਦਰ ਸਿੰਘ ਡੇਰਾ ਮੁਖੀ ਸੰਤ ਤਰਲੋਕ ਸਿੰਘ ਸਤਿਸੰਗ ਘਰ, ਕਾਹਨਾਂ ਢੇਸੀਆਂ ਹੋਣਗੇ। ਬੀਬੀ ਤਾਰੋ ਜੀ 'ਸਾਵਰ' ਗੱਦੀ ਨਸ਼ੀਨ ਦਰਬਾਰ ਦਾਤਾ ਅਲੀ ਅਹਿਮਦ ਸ਼ਾਹ ਕਾਦਰੀ ਗੁਣਾਚੌਰ, ਸੂਬੇਦਾਰ ਸਾਂਈ ਚਮਨ ਲਾਲ ਨੌਗੱਜਾ ਪੀਰ ਨੂਰਮਹਿਲ ਤੇ ਹੋਰ ਸੰਤ ਮਹਾਂਪੁਰਸ਼ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ।ਮੇਲੇ ਦੇ ਦੂਸਰੇ ਦਿਨ 29 ਮਈ ਨੂੰ ਸਵੇਰੇ ਨਿਸ਼ਾਨ ਸਾਹਿਬ (ਝੰਡੇ ਦੀ ਰਸਮ) ਕੀਤੀ ਜਾਵੇਗੀ। ਫਿਰ ਸੂਫ਼ੀ ਦਰਗਾਹਾਂ 'ਤੇ ਚਾਦਰਾਂ ਚੜ੍ਹਾਈਆਂ ਜਾਣਗੀਆਂ। ਫਿਰ ਮਹਿਫ਼ਲ-ਏ-ਕਵਾਲੀ ਦਾ ਆਰੰਭ ਸਰਬਜੀਤ ਕਵਾਲ ਪਾਰਟੀ ਵੱਲੋਂ ਕੀਤਾ ਜਾਵੇਗਾ। ਫਿਰ ਗੁਰਸ਼ਾਨ ਐਂਡ ਪਾਰਟੀ ਵੱਲੋਂ ਮਹਿਫ਼ਲ ਸਜਾਈ ਜਾਵੇਗੀ। ਉਪਰੰਤ ਹੋਰ ਕਵਾਲ ਹਾਜ਼ਰੀ ਭਰਨਗੇ।ਮੇਲੇ ਦਾ ਲਾਇਵ ਟੈਲੀਕਾਸਟ 'ਲਾਈਵ ਪੰਜਾਬ 99' ਚੈਂਨਲ 'ਤੇ ਕੀਤਾ ਜਾਵੇਗਾ।ਗਾਇਕ-ਕਲਾਕਾਰਾਂ ਨੂੰ ਬੇਨਤੀ ਕੀਤੀ ਹੈ ਕਿ ਜੰਮੂ ਕਸ਼ਮੀਰ ਦੇ ਪਹਿਲਗਾਮ ਵਿਖੇ ਅੱਤਵਾਦੀਆਂ ਵੱਲੋਂ ਨਿਹੱਥੇ ਸੈਲਾਨੀਆਂ ਨੂੰ ਮੌਤ ਦੇ ਘਾਟ ਉਤਾਰਨ ਅਤੇ ਭਾਰਤ-ਪਾਕਿਸਤਾਨ ਵਿਚਲੇ ਤਣਾਅ ਨੂੰ ਦੇਖਦਿਆਂ ਗਾਇਕ, ਗਾਇਕਾਵਾਂ, ਕਲਾਕਾਰਾਂ ਦਾ ਸਟੇਜੀ ਪ੍ਰੋਗਰਾਮ ਭਾਵ ਵੱਡੇ ਪੰਡਾਲ ਵਿੱਚ ਲੱਗਦੇ ਸਟੇਜ਼ੀ ਪ੍ਰੋਗਰਾਮ ਨੂੰ ਰੱਦ (ਕੈਂਸਲ) ਕਰ ਦਿੱਤਾ ਗਿਆ ਹੈ। ਮੇਲੇ ਦੌਰਾਨ ਸਿਰਫ਼ ਤੇ ਸਿਰਫ਼ ਮਹਿਫ਼ਲ-ਏ-ਕਵਾਲੀ ਹੀ ਹੋਵੇਗੀ। ਮੇਲੇ ਦੇ ਦੋਵੇਂ ਦਿਨ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਤੇ ਬਾਬਾ ਜੀ ਦੇ ਲੰਗਰ ਦਾ ਭੰਡਾਰਾ ਅਤੁੱਟ ਵਰਤੇਗਾ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ 8 ਨਸ਼ਾ ਤਸਕਰ ਕਾਬੂ

**ਫਿਲੌਰ (ਨਿਰਮਲ)**- ਇੰਸਪੈਕਟਰ ਸੰਜੀਵ ਕਪੂਰ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਵੱਲੋਂ ਵੱਖ ਵੱਖ ਕੇਸਾਂ ਵਿਚ 8 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਸਰਵਣ ਸਿੰਘ ਬੱਲ, ਪੀ.ਪੀ.ਐਸ. ਉਪ ਪੁਲਸ ਕਪਤਾਨ ਸਬ ਡਵੀਜਨ ਫਿਲੌਰ ਨੇ ਦੱਸਿਆ ਕਿ ਇੰਸਪੈਕਟਰ ਸੰਜੀਵ ਕਪੂਰ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਵਲੋਂ ਨਸ਼ਾ ਤਸਕਰਾਂ ਖਿਲਾਫ ਚਲਾਏ ਸਪੈਸਲ ਆਪ੍ਰੇਸ਼ਨ 'ਯੁੱਧ ਨਸ਼ਿਆ ਵਿਰੁੱਧ' ਤਹਿਤ ਨਸ਼ਾ ਤਸਕਰ ਸਾਰਥਿਕ ਮਸੀਹ ਪੁੱਤਰ ਸੈਫੀ ਮਸੀਹ , ਪਰਮਜੀਤ ਪੁੱਤਰ ਰਾਮ ਪਾਲ , ਰਿੰਕੂ ਪੁੱਤਰ ਸਿੰਦਰ ਪਾਲ , ਸੰਦੀਪ ਸਿੰਘ ਪੁੱਤਰ ਕਰਮ ਸਿੰਘ , ਹੈਪੀ ਉਰਫ ਰਿੰਪੀ ਪੁੱਤਰ ਪਰਮਜੀਤ ਅਤੇ ਰਮਨਦੀਪ ਪੁੱਤਰ ਅਸ਼ੋਕ ਕੁਮਾਰ ਨੂੰ ਗ੍ਰਿਫਤਾਰ ਕਰਕੇ ਇਹਨਾਂ ਦੇ ਕਬਜਾ ਵਿੱਚੋਂ 33 ਗ੍ਰਾਮ ਹੈਰੋਇਨ, 150 ਨਸ਼ੀਲੀਆਂ ਗੋਲੀਆਂ ਮਾਰਕਾ Alprusafe ਅਤੇ ਇੱਕ ਹੌਂਡਾ ਐਕਟਿਵਾ ਬਰਾਮਦ ਕਰਕੇ ਮੁਕੱਦਮਾ ਥਾਣਾ ਫਿਲੌਰ ਦਰਜ ਕੀਤਾ ਹੈ । ਇਸੇ ਮੁਹਿੰਮ ਤਹਿਤ ਨਸ਼ਾ ਤਸਕਰ ਸੁਹਾਸ ਪੰਦਮ ਪੁੱਤਰ ਵਰਿੰਦਰ ਕੁਮਾਰ ਅਤੇ ਮਨਿੰਦਰਜੀਤ ਸਿੰਘ ਉਰਫ ਮੰਨੂ ਪੁੱਤਰ ਸੁਭਾਸ਼ ਚੰਦਰ ਨੂੰ ਗ੍ਰਿਫਤਾਰ ਕਰਕੇ ਇਹਨਾਂ ਦੇ ਕਬਜਾ ਵਿੱਚੋਂ 3.71 ਗ੍ਰਾਮ ਹੈਰੋਇਨ ਅਤੇ 105 ਨਸ਼ੀਲੀਆਂ ਗੋਲੀਆਂ ਬ੍ਰਾਮਦ ਕਰਕੇ ਮੁਕੱਦਮਾ ਥਾਣਾ ਫਿਲੌਰ ਦਰਜ ਕੀਤਾ ਹੈ ।

# 1027 ਨਸ਼ੀਲੀਆਂ ਗੋਲੀਆਂ ਸਮੇਤ ਇੱਕ ਗ੍ਰਿਫਤਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਦੀਪ ਮਲਿਕ ਐਸ.ਐਸ.ਪੀ. ਹੁਸ਼ਿਆਰਪੁਰ ਦੀ ਅਗਵਾਈ ਹੇਠ ਤੇ ਮੁਕੇਸ਼ ਕੁਮਾਰ ਐਸ.ਪੀ. ਤਫਤੀਸ਼ ਅਤੇ ਦੇਵ ਦੱਤ ਸ਼ਰਮਾ ਡੀ.ਐਸ.ਪੀ.ਸਿਟੀ ਦੇ ਦਿਸ਼ਾ ਨਿਰਦੇਸ਼ 'ਤੇ ਐਸ.ਆਈ




ਕਿਰਨ ਸਿੰਘ ਮੁੱਖ ਅਫਸਰ ਥਾਣਾ ਸਿਟੀ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਏ ਐਸ ਆਈ ਜਗਦੀਪ ਸਿੰਘ ਸਮੇਤ ਪੁਲਸ ਪਾਰਟੀ ਭੈੜੇ ਅਤੇ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਸਮੇਤ ਪ੍ਰਾਈਵੇਟ ਵਹੀਕਲਾਂ ਦੀ ਚੈਕਿੰਗ ਕਰ ਰਹੇ ਸੀ ਤਾਂ ਜਦੋਂ ਨਰਾਇਣ ਨਗਰ ਵਾਲੀ ਸਾਈਡ ਨੂੰ ਜਾ ਰਹੇ ਸੀ ਤਾਂ ਜਦ ਪੁਲਸ ਪਾਰਟੀ ਸੈਣੀ ਸਰਵਿਸ ਸਟੇਸ਼ਨ ਦੇ ਕੋਲ ਪਹੁੰਚੀ ਤਾਂ ਸਾਹਮਣੇ ਤੋਂ ਇੱਕ ਵਿਅਕਤੀ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਨੂੰ ਦੇਖ ਘਬਰਾ ਕੇ ਪਿੱਛੇ ਨੂੰ ਮੁੜਨ ਲੱਗਾ ਤਾਂ ਏ.ਐਸ.ਆਈ ਜਗਦੀਪ ਸਿੰਘ ਨੇ ਸ਼ੱਕ ਦੇ ਤੋਰ ਤੇ ਉਸ ਨੌਜਵਾਨ ਨੂੰ ਕਾਬੂ ਕਰਕੇ ਉਸ ਦਾ ਨਾਂਅ ਪਤਾ ਪੁੱਛਿਆ, ਤਾਂ ਉਸ ਨੇ ਆਪਣਾ ਨਾਂਅ ਰਾਜੇਸ਼ ਕੁਮਾਰ ਉਰਫ ਬੱਲੀ ਪੁੱਤਰ ਪ੍ਰੋਸ਼ਤਮ ਲਾਲ ਦੱਸਿਆ, ਜਿਸ ਦੀ ਤਲਾਸ਼ੀ ਕਰਨ 'ਤੇ ਉਸ ਪਾਸੋਂ 1027 ਖੁੱਲ੍ਹੀਆਂ ਗੋਲੀਆਂ ਬਿਨਾਂ ਮਾਰਕਾ ਬਰਾਮਦ ਹੋਈਆਂ, ਜਿਸ 'ਤੇ ਰਾਜੇਸ਼ ਕੁਮਾਰ ਉਰਫ ਬੱਲੀ ਨੂੰ ਗ੍ਰਿਫਤਾਰ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

# ਗੰਨਾ ਪਿੰਡ 'ਚ ਪੁਲਸ ਵੱਲੋਂ ਭਾਰੀ ਫੋਰਸ ਨਾਲ ਕਾਸੋ ਆਪ੍ਰੇਸ਼ਨ

**ਫਿਲੌਰ (ਨਿਰਮਲ)**- ਨਸ਼ਿਆਂ ਨੂੰ ਰੋਕਣ ਅਤੇ ਅਮਨ-ਕਨੂੰਨ ਨੂੰ ਕਾਇਮ ਰੱਖਣ ਲਈ ਫਿਲੌਰ ਦੇ ਨਜ਼ਦੀਕੀ ਪਿੰਡ ਗੰਨਾ 'ਚ ਪੁਲਸ ਵੱਲੋਂ ਇੱਕ ਵੱਡਾ ਅਤੇ ਸੁਚੱਜਾ ਕਾਸੋ ਆਪ੍ਰੇਸ਼ਨ ਚਲਾਇਆ



ਗਿਆ। ਇਸ ਵੱਡੇ ਆਪ੍ਰੇਸ਼ਨ ਦੀ ਅਗਵਾਈ ਡੀ ਆਈ ਜੀ ਸੰਜੀਵ ਕੁਮਾਰ ਰਾਮਪਾਲ ਨੇ ਖੁਦ ਮੌਕੇ 'ਤੇ ਰਹਿ ਕੇ ਕੀਤੀ।ਇਸ ਦੌਰਾਨ ਐਸ.ਐਸ.ਪੀ. ਜਲੰਧਰ ਹਰਵਿੰਦਰ ਸਿੰਘ ਵਿਰਕ, ਐਸ.ਪੀ. ਸਰਬਜੀਤ ਰਾਏ, ਅਤੇ ਐਸ.ਐਚ.ਓ. ਸੰਜੀਵ ਕਪੂਰ ਵੀ ਪੂਰੀ ਟੀਮ ਨਾਲ ਮੌਕੇ 'ਤੇ ਮੌਜੂਦ ਰਹੇ। ਪੁਲਸ ਵੱਲੋਂ ਪਿੰਡ ਵਿਚ ਸ਼ੱਕੀ ਘਰਾਂ ਦੀ ਜਾਂਚ ਕੀਤੀ ਗਈ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੂਕ ਕੀਤਾ ਗਿਆ।ਡੀ ਆਈ ਜੀ ਰਾਮਪਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਨਸ਼ਾ ਤਸਕਰਾਂ ਨੂੰ ਫੜਨ ਲਈ ਪੁਲਸ ਨੇ ਦਿਨ ਰਾਤ ਇਕ ਕੀਤਾ ਹੋਇਆ ਹੈ। ਕੋਈ ਵੀ ਨਸ਼ਾ ਤਸਕਰ ਬਖਸ਼ਿਆ ਨਹੀਂ ਜਾਵੇਗਾ। ਪਿੰਡ ਵਾਸੀਆਂ ਨੂੰ ਪੁਲਸ ਨੇ ਅਪੀਲ ਕੀਤੀ ਕਿ ਉਹ ਨਸ਼ਿਆਂ ਵਿਰੁੱਧ ਲੜਾਈ 'ਚ ਪੁਲਸ ਦਾ ਪੂਰਾ ਸਹਿਯੋਗ ਕਰਨ। ਇਸ ਆਪ੍ਰੇਸ਼ਨ ਦੌਰਾਨ ਪੁਲਸ ਨੇ ਪਿੰਡ ਵਿਚ ਸ਼ੱਕੀ ਘਰ ਦੀ ਤਲਾਸ਼ੀ ਲਈ । ਗੰਨਾ ਪਿੰਡ ਦੇ ਲੋਕਾਂ ਨੇ ਪੁਲਿਸ ਦੀ ਇਸ ਕਾਰਵਾਈ ਦੀ ਸਾਰੀ ਤਾਰੀਫ਼ ਕੀਤੀ ਅਤੇ ਭਰੋਸਾ ਜਤਾਇਆ ਕਿ ਪੁਲਸ ਅਜਿਹੇ ਕਦਮ ਲੈ ਕੇ ਸਮਾਜ 'ਚੋਂ ਨਸ਼ਿਆਂ ਨੂੰ ਜੜ੍ਹੋਂ ਖਤਮ ਕਰੇਗੀ।

# ਜਲ ਸਪਲਾਈ ਸਕੀਮਾਂ ਦੇ ਪੰਚਾਇਤੀਕਰਨ ਖਿਲਾਫ਼ ਰੈਲੀ 28 ਨੂੰ

**ਹੁਸ਼ਿਆਰਪੁਰ (ਬਲਵੀਰ ਸੈਣੀ)** ਪੀ ਡਬਲਯੂ ਡੀ ਫੀਲਡ ਅਤੇ ਵਰਕਸ਼ਾਪ ਵਰਕਰ ਯੂਨੀਅਨ ਬਰਾਂਚ ਹੁਸ਼ਿਆਰਪੁਰ ਦੀ ਮੀਟਿੰਗ ਬ੍ਰਾਂਚ ਪ੍ਰਧਾਨ ਬਲਵੰਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਜਿਥੇ ਸਰਕਾਰ ਮੁਲਾਜ਼ਮਾਂ ਦਾ ਮੰਹਿਗਾਈ ਭੱਤੇ ਅਤੇ ਤਨਖਾਹ ਕਮਿਸ਼ਨ ਦਾ ਬਕਾਇਆ ਰੋਕ ਕੇ ਬੈਠੀ ਹੈ, ਕੱਚੇ ਮੁਲਾਜ਼ਮ ਪੱਕੇ ਨਹੀ ਕੀਤੇ ਜਾ ਰਹੇ, ਉਥੇ ਹੀ ਵਾਟਰ ਸਪਲਾਈ ਸਕੀਮਾਂ ਨੂੰ ਪੰਚਾਇਤਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ।ਜਿਸ ਦੇ ਵਿਰੋਧ ਵਿੱਚ ਸੂਬੇ ਵਲੋਂ ਨਿਗਰਾਨ ਇੰਜੀਨੀਅਰ ਦੇ ਦਫਤਰ ਅੱਗੇ 28 ਮਈ ਨੂੰ ਰੈਲੀ ਰੱਖੀ ਗਈ ਹੈ। ਪੰਚਾਇਤੀ ਕਰਨ ਦਾ ਵਿਰੋਧ ਕਰਨ ਲਈ ਬਰਾਂਚ ਹੁਸ਼ਿਆਰਪੁਰ ਦੇ ਵੱਧ ਤੋ ਵੱਧ ਸਾਥੀ ਇਸ ਰੈਲੀ ਜਾਣਗੇ। ਮੀਟਿੰਗ ਵਿੱਚ ਹਾਜਰ ਆਗੂਆਂ ਨੇ ਸਰਕਾਰ 'ਤੇ ਦੋਸ਼ ਲਗਾਇਆ ਕਿ ਇੱਕ ਪਾਸੇ ਤਾਂ ਸਰਕਾਰ ਵੱਖ ਵੱਖ ਵਿਭਾਗਾਂ ਵਿੱਚ ਹਜ਼ਾਰਾਂ ਨੌਕਰੀਆਂ ਦੇਣ ਦੇ ਦਮਗਜ਼ੇ ਮਾਰਦੀ ਹੈ ਤੇ ਦੂਜੇ ਪਾਸੇ ਜਲ ਸਪਲਾਈ ਸਕੀਮਾਂ ਤੇ 15-15 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਕੰਮ ਕਰ ਰਹੇ ਠੇਕਾ ਮੁਲਾਜ਼ਮਾਂ ਨੂੰ ਪੰਚਾਇਤੀਕਰਨ/ਨਿਜੀਕਰਣ ਦੇ ਨਾਂਅ 'ਤੇ ਕੱਢਣ ਦੀ ਤਿਆਰੀ ਕਰ ਰਹੀ ਹੈ।ਜੋਨ ਜਨਰਲ ਸਕੱਤਰ ਸੁਖਦੇਵ ਸਿੰਘ ਜਾਜਾ, ਰਾਜੀਵ ਸ਼ਰਮਾ ਨੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਪਹਿਲਾਂ ਪੰਚਾਇਤਾਂ ਨੂੰ ਦਿੱਤੀਆਂ 85% ਤੋਂ ਵੱਧ ਸਕੀਮਾਂ ਬੰਦ ਪਈਆਂ ਹਨ ਤੇ ਜਾਂ ਉਹਨਾਂ ਦੀ ਹਾਲਤ ਬਹੁਤ ਤਰਸਯੋਗ ਹੈ ਕਿਉਂਕਿ ਜ਼ਿਆਦਾਤਰ ਪੰਚਾਇਤਾਂ ਕੋਲ ਕੋਈ ਵੀ ਵਿੱਤੀ ਸਾਧਨ ਅਤੇ ਜਲ ਸਪਲਾਈ ਸਕੀਮਾਂ ਨੂੰ ਚਲਾਉਣ ਦਾ ਕੋਈ ਵੀ ਤਜ਼ਰਬਾ ਨਹੀਂ ਹੈ ਇਸ ਲਈ ਜਲ ਸਪਲਾਈ ਸਕੀਮਾਂ ਨੂੰ ਪੰਚਾਇਤਾਂ ਹਵਾਲੇ ਕਰਨਾ ਬੰਦ ਕੀਤਾ ਜਾਵੇ ਜਲ ਸਪਲਾਈ ਸਕੀਮਾਂ ਤੇ ਨਵੀਂ ਭਰਤੀ ਕੀਤੀ ਜਾਵੇ,ਠੇਕੇ ਤੇ ਕੰਮ ਕਰ ਰਹੇ ਕਾਮਿਆਂ ਨੂੰ ਵਿਭਾਗ ਵਿੱਚ ਲੈ ਕੇ ਪੱਕੇ ਕੀਤਾ ਜਾਵੇ, ਇਨਲਿਸਟਮੈਂਟ ਅਤੇ ਆਊਟਸੋਰਸਿੰਗ 'ਤੇ ਕਾਮਿਆਂ ਦੀਆਂ ਉਜ਼ਰਤਾਂ ਵਿੱਚ ਵਾਧਾ ਕੀਤਾ ਜਾਵੇ ਅਤੇ ਦਫ਼ਤਰੀ ਕਾਮਿਆਂ ਨੂੰ ਘੱਟੋ ਘੱਟ ਤੀਹ ਹਜ਼ਾਰ ਰੁਪਏ ਮਹੀਨਾ ਤਨਖਾਹ ਦਿੱਤੀ ਜਾਵੇ ਫੀਲਡ ਵਿੱਚ ਕੰਮ ਕਰਦੇ ਦਰਜ਼ਾ ਤਿੰਨ ਅਤੇ ਚਾਰ ਮੁਲਾਜ਼ਮਾਂ ਦੀਆਂ ਪ੍ਰਮੋਸ਼ਨਾ ਕੀਤੀਆਂ ਜਾਣ, 1-1-2004 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ ਅਤੇ ਕਮਾਈ ਛੁੱਟੀ, ਪਾਸਪੋਰਟ ਬਣਾਉਣ ਲਈ ਇਤਰਾਜ਼ਹੀਣਤਾ ਸਰਟੀਫਿਕੇਟ ਅਤੇ ਫੀਲਡ ਮੁਲਾਜ਼ਮਾਂ ਦੀਆਂ ਬਦਲੀਆਂ ਦੇ ਅਧਿਕਾਰ ਮੰਡਲ ਦਫ਼ਤਰ ਨੂੰ ਦਿੱਤੇ ਜਾਣ ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਜਲ ਸਪਲਾਈ ਸਕੀਮਾਂ ਨੂੰ ਪੰਚਾਇਤਾਂ ਹਵਾਲੇ ਕਰਨਾ ਬੰਦ ਨਹੀਂ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਫੀਲਡ ਕਾਮਾ ਜਲ ਸਪਲਾਈ ਮੰਤਰੀ ਦੇ ਹਲਕੇ ਵਿੱਚ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਵੇਗਾ। ਮਿਤੀ 28 ਮਈ ਨੂੰ ਰੱਖੀ ਗਈ ਇਸ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਰਾਕੇਸ਼ ਕੁਮਾਰ ਜਨਰਲ ਸਕੱਤਰ, ਜਸਵੀਰ ਸਿੰਘ ਮੁੱਖ ਸਲਾਹਕਾਰ, ਅਸੋਕ ਕੁਮਾਰ ਚੈਅਰਮੈਨ, ਹਰੀ ਸੰਕਰ, ਨਿਰਮਲ ਰਾਮ, ਰਿਕੂ, ਰਜਿੰਦਰ ਸਿੰਘ, ਜਸਪਾਲ, ਸੰਦੀਪ ਸਿੰਘ, ਕੁਲਜੀਤ ਸਿੰਘ, ਤਰਸੇਮ ਲਾਲ, ਪੱਪੂ, ਆਦਿ ਆਗੂ ਵੀ ਹਾਜਰ ਸਨ।



# ਕੰਢੀ ਸੰਘਰਸ਼ ਕਮੇਟੀ ਦਾ ਡੈਪੂਟੇਸ਼ਨ ਭਲਕੇ ਕਰੈਸ਼ਰ ਬੰਦ ਕਰਵਾਉਣ ਲਈ ਡਿਪਟੀ ਕਮਿਸ਼ਨਰ ਨੂੰ ਮਿਲੇਗਾ : ਮਹਾਂ ਸਿੰਘ ਰੋੜੀ

**ਬਲਾਚੌਰ (ਜਸਵਿੰਦਰ ਬੈਂਸ)**- ਕੰਢੀ ਸੰਘਰਸ਼ ਕਮੇਟੀ ਦੀ ਬੈਠਕ ਜ਼ਿਲ੍ਹਾ ਪ੍ਰਧਾਨ ਹੁਸਨ ਮਝੋਟ ਤੇ ਸਾਬਕਾ ਸਰਪੰਚ ਤੀਰਥ ਰਾਮ ਖੇਪੜ ਦੀ ਪ੍ਰਧਾਨਗੀ ਹੇਠ ਹੋਈ, ਜਿਸ ਨੂੰ ਸੰਬੋਧਨ ਕਰਦਿਆਂ ਕੰਢੀ ਸੰਘਰਸ਼ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਮਹਾਂ ਸਿੰਘ ਰੋੜੀ ਤੇ ਜ਼ਿਲ੍ਹਾ ਪ੍ਰਧਾਨ ਹੁਸਨ ਚੰਦ ਮਝੋਟ ਨੇ ਕਿਹਾ ਕਿ ਪਿੰਡ ਰੋੜੀ, ਟੋਰੋਵਾਲ, ਪੋਜੇਵਾਲ, ਕਰੀਮਪੁਰ ਚਾਹਵਾਲਾ, ਚਾਂਦਪੁਰ ਰੁੜਕੀ, ਆਦਿ ਪਿੰਡਾਂ 'ਚ ਰਾਜਨੀਤਕ ਲੀਡਰਾਂ ਤੇ ਮਾਈਨਿੰਗ ਮਾਫ਼ੀਆ ਵੱਲੋਂ ਓਵਰਲੋਡ ਟਿੱਪਰ ਟ੍ਰਾਲੀਆਂ ਰਾਹੀਂ ਸ਼ਿਵਾਲਿਕ ਦੀਆਂ ਪਹਾੜੀਆਂ ਨੂੰ ਤਬਾਹ ਕਰਕੇ ਹਵਾ ਪਾਣੀ ਧਰਤੀ ਨੂੰ ਪ੍ਰਦੂਸ਼ਤ ਕੀਤਾ ਜਾ ਰਿਹਾ ਹੈ। ਉਡ ਰਹੀ ਧੂੜ ਮਿੱਟੀ ਨੇ ਲੋਕਾਂ ਦਾ ਜਿਊਣਾ ਮੁਸ਼ਕਿਲ ਕੀਤਾ ਹੋਇਆ ਹੈ। ਬ੍ਰਹਮ ਕੁਮਾਰ ਕਰੀਮਪੁਰ ਚਾਹਵਾਲਾ, ਚਾਨਣ ਸਿੰਘ ਸਾਬਕਾ ਸਰਪੰਚ, ਜਸਵੰਤ ਰਾਏ, ਅੱਛਰ ਸਿੰਘ ਟੋਰੋਵਾਲ ਨੇ ਕਿਹਾ ਕਿ ਹਲਕੇ 'ਚ ਹੋ ਰਹੀ ਨਜਾਇਜ਼ ਮਾਈਨਿੰਗ ਮਾਫ਼ੀਆ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪਿੰਡ ਨਵਾਗਰਾ 'ਚ ਬਣੇ ਆਦਰਸ਼ ਸਕੂਲ 'ਚ ਪੜ੍ਹਦੇ 2000 ਦੇ ਕਰੀਬ ਬੱਚਿਆਂ ਨੂੰ ਸਟੋਨ ਕਰੈਸ਼ਰ ਦੀ ਖੜ ਖੜ ਪ੍ਰੇਸ਼ਾਨ ਕਰਦੀ ਹੈ, ਜਿਸ ਨਾਲ ਸਰਕਾਰ ਨੂੰ ਲੱਖਾਂ ਰੁਪਏ ਦਾ ਚੂਨਾ ਲਗਾਇਆ ਜਾ ਰਿਹਾ ਹੈ। ਮੀਟਿੰਗ ਵਿੱਚ ਸਰਬਸੰਮਤੀ ਨਾਲ ਪਾਸ ਕੀਤੇ ਗਏ ਮਤੇ ਵਿੱਚ ਫੈਸਲਾ ਲਿਆ ਗਿਆ ਕਿ ਕੰਢੀ ਸੰਘਰਸ਼ ਕਮੇਟੀ ਦਾ ਵਫ਼ਦ 26 ਮਈ ਨੂੰ ਡਿਪਟੀ ਕਮਿਸ਼ਨਰ ਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪੁਲਸ ਮੁਖੀ ਨੂੰ ਮਿਲੇਗਾ। ਜੇਕਰ ਪ੍ਰਸ਼ਾਸਨ ਵੱਲੋਂ ਸਟੋਨ ਕਰੈਸ਼ਰ ਨੂੰ ਬੰਦ ਨਾ ਕਰਵਾਇਆ ਗਿਆ ਤਾਂ ਕੰਢੀ ਸੰਘਰਸ਼ ਕਮੇਟੀ ਵੱਲੋਂ ਹਲਕੇ ਦੇ ਪਿੰਡ ਦੇ ਲੋਕਾਂ ਨੂੰ ਨਾਲ ਲੈ ਕੇ ਸੰਘਰਸ਼ ਤੇਜ਼ ਕੀਤਾ ਜਾਵੇਗਾ। ਮੀਟਿੰਗ ਵਿੱਚ ਬੇਅੰਤ ਰੋੜੀ, ਪਵਨ ਕੁਮਾਰ, ਪਰਮਜੀਤ, ਸ਼ੰਮੀ ਜੀਤਪੁਰ, ਗੁਰਦੇਵ ਟੋਰੋਵਾਲ, ਨੀਲੂ ਬਾਂਠ, ਰਜਿੰਦਰ ਕੁਮਾਰ ਭੂੰਬਲਾ, ਮਾਸਟਰ ਰਤਨ, ਨੰਦ ਲਾਲ ਨੇ ਸੰਬੋਧਨ ਕੀਤਾ।



# ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਛੋਟੀ ਉਮਰ ਦੇਸ਼ ਦੀ ਆਜ਼ਾਦੀ ਖਾਤਰ ਲਾਈ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸ਼ਹੀਦ ਕਰਤਾਰ ਸਿੰਘ ਸਰਾਭੇ ਦੇ ਜਨਮ ਦਿਨ ਦੇ ਮੌਕੇ 'ਤੇ ਦੁਆਬਾ ਜੋਨ ਜਲੰਧਰ ਕਪੂਰਥਲਾ ਨਵਾਂ ਸ਼ਹਿਰ ਅਤੇ ਹੁਸ਼ਿਆਰਪੁਰ ਦੇ ਪਾਰਟੀ ਵਰਕਰਾਂ ਦੀ ਸਕੂਲਿੰਗ



ਕੀਤੀ ਗਈ। ਸਕੂਲਿੰਗ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਸਾਰੇ ਸਾਥੀਆਂ ਨੇ ਸ਼ਹੀਦ ਕਰਤਾਰ ਸਿੰਘ ਸਰਾਭੇ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਇਸ ਸਕੂਲਿੰਗ ਦੇ ਪ੍ਰਿੰਸੀਪਲ ਦਾ ਰੋਲ ਸੂਬਾ ਸਕੱਤਰੇਤ ਮੈਂਬਰ ਸਾਥੀ ਗਰਨੇਕ ਸਿੰਘ ਭੱਜਲ ਨੇ ਨਿਭਾਇਆ। ਇਸ ਮੌਕੇ ਤੇ ਸੀਪੀਆਈ ਐਮ ਦੇ ਸੂਬਾ ਸਕੱਤਰ ਸਾਥੀ ਸੁਖਵਿੰਦਰ ਸਿੰਘ ਸੇਖੋਂ ਨੇ ਪਿਛਲੇ ਦਿਨੀ ਤਾਮਿਲਨਾਡੂ ਵਿਖੇ ਹੋਈ ਪਾਰਟੀ ਦੀ 24ਵੀਂ ਕਾਂਗਰਸ ਵਿੱਚ ਪੇਸ਼ ਕੀਤੇ ਗਏ ਰਾਜਨੀਤਿਕ ਮਤੇ ਦੀ ਵਿਆਖਿਆ ਕੀਤੀ ਉਹਨਾਂ ਨੇ ਕਿਹਾ ਕਿ ਪਾਰਟੀ ਨੇ ਬਹਿਸ ਵਿਚਾਰਾਂ ਕਰਕੇ ਦੁਨੀਆ ਅਤੇ ਦੇਸ਼ ਦੀ ਰਾਜਨੀਤੀ 'ਤੇ ਅਹਿਮ ਭੂਮਿਕਾ ਨਿਭਾਉਣ ਦਾ ਫੈਸਲਾ ਕੀਤਾ ਹੈ। ਉਹਨਾਂ ਨੇ ਕਿਹਾ ਕਿ ਹਰ ਪਾਰਟੀ ਮੈਂਬਰ ਪਾਰਟੀ ਦੇ ਰਾਜਨੀਤਿਕ ਮਤੇ ਨੂੰ ਪੜ੍ਹੇ ਅਤੇ ਲੋਕਾਂ ਵਿੱਚ ਉਸ ਦੀ ਵਿਆਖਿਆ ਕਰੇ। ਇਸ ਮੌਕੇ 'ਤੇ ਪਹਿਲੇ ਲੈਕਚਰ 'ਚ ਪੁਰਾਣੇ ਟੀਚਰ ਸਾਥੀ ਗੁਰਮੇਸ਼ ਸਿੰਘ ਨੇ ਪਾਰਟੀ ਬਰਾਂਚ ਨੂੰ ਤਕੜਾ ਕਰਨ ਲਈ ਅਹਿਮ ਭੂਮਿਕਾ ਬਾਰੇ ਦੱਸਿਆ। ਇਸ ਮੌਕੇ 'ਤੇ ਸੂਬਾ ਕਮੇਟੀ ਮੈਂਬਰ ਰਾਮ ਸਿੰਘ ਨੂਰਪੁਰੀ,ਮਹਿੰਦਰ ਕੁਮਾਰ ਅਤੇ ਜ਼ਿਲ੍ਹਾ ਸਕੱਤਰ ਚਰਨਜੀਤ ਸਿੰਘ ਦੌਲਤਪੁਰ ਵੀ ਹਾਜ਼ਰ ਸਨ।

# ਮੁੱਖ ਸੂਚਨਾ ਕਮਿਸ਼ਨਰ ਸਮੇਤ 5 ਸੂਚਨਾ ਕਮਿਸ਼ਨਰਾਂ ਦਾ ਸਹੁੰ ਚੁੱਕ ਸਮਾਰੋਹ ਅੱਜ

**ਚੰਡੀਗੜ੍ਹ** : ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ ਸੋਮਵਾਰ ਸ਼ਾਮ 5 ਵਜੇ ਹਰਿਆਣਾ ਰਾਜਭਵਨ, ਚੰਡੀਗੜ੍ਹ ਵਿੱਚ ਮੁੱਖ ਸੂਚਨਾ ਕਮਿਸ਼ਨਰ ਸਮੇਤ 5 ਸੂਚਨਾ ਕਮਿਸ਼ਨਰਾਂ ਦਾ ਅਹੁਦਾ ਅਤੇ ਭੇਦ ਗੁਪਤਾ ਰੱਖਣ ਦੀ ਸਹੁੰ ਦਿਵਾਉਣਗੇ। ਇਸ ਮੌਕੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਸਮੇਤ ਕੈਬਨਿਟ ਦੇ ਹੋਰ ਮੈਂਬਰ ਤੇ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਵੀ ਮੌਜੂਦ ਰਹਿਣਗੇ।

ਪੰਜਾਬ ਪਬਲਿਕ ਸਕੂਲ ਦੀ ਦਸਵੀਂ ਜਮਾਤ ਦੀ ਵਿਦਿਆਰਥਣ ਜਸਮੀਨ ਸਪੁੱਤਰੀ ਮੱਖਣ



ਸ਼ੇਰਪੁਰੀ ਰਾਜਵਿੰਦਰ ਕੌਰ ਪਿੰਡ ਸ਼ੇਰਪੁਰ ਨੇ 914 ਪ੍ਰਤੀਸ਼ਤ 593/650 ਅੰਕ ਪ੍ਰਾਪਤ ਕਰਕੇ ਆਪਣੇ ਸਕੂਲ ਵਿੱਚੋਂ ਪਹਿਲਾ ਤੇ ਬਲਾਕ ਵਿੱਚੋਂ ਦੂਜਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਦਾ ਅਤੇ ਮਾਤਾ ਪਿਤਾ ਦਾ ਨਾਂਅ ਰੋਸ਼ਨ ਕੀਤਾ।

**ਫੋਟੋ ਤੇ ਵੇਰਵਾ: ਬਾਲ ਕ੍ਰਿਸ਼ਨ ਬਾਲੀ, ਨੂਰਮਹਿਲ**

# ਸਕੂਲ ਦੇ ਕਮਰਿਆਂ ਦੀ ਉਸਾਰੀ ਸੰਬੰਧੀ ਭੂਮੀ ਪੂਜਨ ਕਰਵਾਇਆ



**ਫਗਵਾੜਾ (ਡਾ. ਰਮਨ)**— ਸਰਕਾਰੀ ਕੰਨਿਆ ਸੀਨੀਅਰ ਸਕੂਲ ਫਗਵਾੜਾ ਵਿਖੇ ਪ੍ਰਿੰਸੀਪਲ ਮੀਨੂ ਗੁਪਤਾ ਅਤੇ ਰਕੇਸ਼ ਅਗਰਵਾਲ ਬਾਂਸਲ ,ਪ੍ਰਧਾਨ ਅਗਰਵਾਲ ਸਭਾ ਫਗਵਾੜਾ ਵਲੋਂ ਸਕੂਲ ਦੇ ਵਿੱਚ ਚਾਰ ਕਮਰਿਆਂ ਦੀ ਉਸਾਰੀ ਸਬੰਧੀ ਭੂਮੀ ਪੂਜਨ ਕਰਵਾਇਆ ਗਿਆ। ਬਾਂਸਲ ਪਰਵਾਰ ਨੇ ਦੱਸਿਆ ਕਿ ਧਰਮਪਾਲ ਭੂਸ਼ਣ ਅਗਰਵਾਲ ਸਕਾਲਰਸ਼ਿਪ ਵਲੋਂ ਉਹਨਾਂ ਦੇ ਸਪੁੱਤਰ ਯੁਵਰਾਜ ਅਗਰਵਾਲ ਅਤੇ ਸੰਜੀਵ ਅਗਰਵਾਲ ਅਤੇ ਉਹਨਾਂ ਦੇ ਪੂਰੇ ਬਾਂਸਲ ਪਰਵਾਰ ਵੱਲੋਂ ਇਹ ਸਕੂਲ ਵਿੱਚ ਚਾਰ ਕਮਰਿਆਂ ਦੀ ਉਸਾਰੀ ਕੀਤੀ ਜਾ ਰਹੀ ਹੈ। ਜਿਸ ਦੀ ਅਨੁਮਾਨਤ ਲਾਗਤ 30 ਤੋਂ 35 ਲੱਖ ਰੁਪਏ ਆਵੇਗੀ ਅਤੇ ਇਸ ਮੌਕੇ ਪਰਮ ਪਿਤਾ ਪਰਮਾਤਮਾ ਦਾ ਨਾਮ ਲੈਂਦਿਆਂ ਹੋਇਆਂ ਭੂਮੀ ਪੂਜਨ ਕਰਵਾਇਆ ਗਿਆ। ਇਸ ਮੌਕੇ ਸਮੂਹ ਅਗਰਵਾਲ ਪਰਵਾਰ ਐਡਵੋਕੇਟ ਐਸ ਐਨ ਅਗਰਵਾਲ ,ਨੀਰਜ ਅਗਰਵਾਲ ,ਸਪਰਸ਼ ਅਗਰਵਾਲ, ਦਿਵਿਆਂਸ਼ ਅਗਰਵਾਲ, ਸਵਿਤਾ ਅਗਰਵਾਲ, ਨਿਸ਼ਾ ਅਗਰਵਾਲ ਤੋਂ ਇਲਾਵਾ ਉੱਘੇ ਸਮਾਜ ਸੇਵਕ ਮਲਕੀਤ ਸਿੰਘ ਰਘਬੋਤਰਾ ,ਸਕੂਲ ਦੇ ਸੀਨੀਅਰ ਲੈਕਚਰਾਰ ਬੰਦਨਾ ਸ਼ਰਮਾ, ਲੈਕਚਰਾਰ ਵਰਿੰਦਰ ਸਿੰਘ ਕੰਬੋਜ, ਲੈਕਚਰਾਰ ਮਨਜੀਤ ਸਿੰਘ, ਲੈਕਚਰਾਰ ਸੁਮੇਦਾ ਬਜਾਜ , ਪ੍ਰਦੀਪ ਕੁਮਾਰ ਸਮੇਤ ਸਮੂਹ ਸਟਾਫ ਮੈਂਬਰ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ । ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੀਨੂ ਗੁਪਤਾ ਵੱਲੋਂ ਸਮੂਹ ਬਾਂਸਲ ਪਰਵਾਰ ਅਤੇ ਸਹਯੋਗੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਵੀ ਕੀਤਾ ਗਿਆ।

# ਕੌਮੀ ਲੋਕ ਅਦਾਲਤ 'ਚ 8867 ਕੇਸਾਂ ਦਾ ਮੌਕੇ 'ਤੇ ਨਿਪਟਾਰਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ, ਮਨੋਜ ਲਾਡੀ)** - ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ. ਐਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਦੀ ਅਗਵਾਈ ਹੇਠ ਅਤੇ ਸੀ.ਜੇ.ਐਮ-ਕਮ- ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਡਾ.ਅਮਨਦੀਪ ਦੀ ਦੇਖ-ਰੇਖ ਹੇਠ ਜ਼ਿਲ੍ਹਾ ਕੋਰਟ ਕੰਪਲੈਕਸ, ਸ.ਭ.ਸ ਨਗਰ ਅਤੇ ਸਬ-ਡਵੀਜ਼ਨ ਕੋਰਟ, ਤਹਿਸੀਲ ਬਲਾਚੌਰ ਵਿਖੇ ਮਿਤੀ 24 ਮਈ ਨੂੰ ਕੌਮੀ ਲੋਕ ਅਦਾਲਤ ਲਗਾਈ ਗਈ। 11 ਬੈਚਾਂ ਵੱਲੋਂ ਵੱਖ ਵੱਖ ਤਰ੍ਹਾਂ ਦੇ 9842 ਕੇਸਾਂ ਵਿੱਚੋਂ 8867 ਕੇਸਾਂ ਦਾ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਮੌਕੇ 'ਤੇ ਨਿਪਟਾਰਾ ਕਰਦਿਆਂ 08 ਕਰੋੜ 64 ਲੱਖ 16 ਹਜ਼ਾਰ 255 ਰੁਪਏ ਦੇ ਅਵਾਰਡ ਸੁਣਾਏ ਗਏ । ਜ਼ਿਲ੍ਹਾ ਕੋਰਟ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਪੱਧਰ 'ਤੇ 10 ਬੈਂਚ ਅਤੇ ਕੋਰਟ, ਸਬ-ਡਵੀਜ਼ਨ, ਬਲਾਚੌਰ ਵਿਖੇ 01 ਬੈਂਚ ਲਗਾਏ ਗਏ । ਇਸ ਕੌਮੀ ਨੈਸ਼ਨਲ ਅਦਾਲਤ ਦੌਰਾਨ ਜ਼ਿਲ੍ਹਾ ਅਤੇ ਸ਼ੈਸਨ ਜੱਜ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ, ਚੇਅਰਮੈਨ ਸਥਾਈ ਲੋਕ ਅਦਾਲਤ (ਜਨ-ਉਪਯੋਗੀ ਸੇਵਾਵਾਂ) ਅਸ਼ੋਕ ਕਪੂਰ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ-1 ਹਰੀਸ਼ ਆਨੰਦ, ਪ੍ਰਿੰਸੀਪਲ ਜੱਜ, ਫੈਮਿਲੀ ਕੋਰਟ, ਸ਼ਹੀਦ ਭਗਤ ਸਿੰਘ ਨਗਰ ਬਲਜਿੰਦਰ ਸਿੰਘ ਮਾਨ, ਸਿਵਲ ਜੱਜ ( ਸੀਨੀਅਰ ਡੀਵੀਜ਼ਨ) ਮਿਸ ਪਰਵਿੰਦਰ ਕੌਰ, ਸੀ.ਜੇ.ਐਮ ਸ੍ਰੀ ਮਹੇਸ਼ ਕੁਮਾਰ, ਵਧੀਕ ਸਿਵਲ ਜੱਜ (ਸੀਨੀਅਰ ਡੀਵੀਜ਼ਨ) ਮਿਸ ਕੋਂਪਲ ਧੰਜਲ, ਐਸ.ਡੀ.ਜੇ.ਐਮ ਬਲਾਚੌਰ ਮਿਸ. ਲਵਜਿੰਦਰ ਕੌਰ, ਸਿਵਲ ਜੱਜ ( ਜੂਨੀਅਰ ਡੀਵੀਜ਼ਨ) ਸਿਮਰਨ ਚਲਾਨਾ, ਸਿਵਲ ਜੱਜ ( ਜੂਨੀਅਰ ਡੀਵੀਜ਼ਨ) ਤਰਨਦੀਪ ਕੌਰ, ਸਿਵਲ ਜੱਜ ( ਜੂਨੀਅਰ ਡੀਵੀਜ਼ਨ) ਆਂਚਲ ਧੀਰ ਦੀਆਂ ਅਦਾਲਤਾਂ ਵੱਲੋ ਇਸ ਕੌਮੀ ਲੋਕ ਅਦਾਲਤ ਵਿੱਚ ਲੱਗੇ ਵੱਖ-ਵੱਖ ਤਰ੍ਹਾਂ ਦੇ ਕੇਸਾਂ ਦਾ ਦੋਵੇ ਧਿਰਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਗਿਆ ਅਤੇ ਇਸ ਤੋਂ ਇਲਾਵਾ ਇਨ੍ਹਾਂ ਬੈਚਾਂ ਦੇ ਨਾਲ ਮੈਂਬਰ ਦੇ ਤੌਰ ਐਡਵੋਕੇਟ, ਐਨ.ਜੀ.ਓ ਮੈਬਰ ਅਤੇ ਨੋਮੀਨੇਸ਼ਨ ਮੈਬਰ, ਡੀ.ਐਲ.ਐਸ.ਏ ਸ਼ਾਮਲ ਸਨ।



# ਸੇਂਟ ਸੋਲਜਰ ਲਾਅ ਕਾਲਜ ਦੇ ਸਮਾਗਮ 'ਚ ਐਡਵੋਕੇਟ ਰੋਹਿਤ ਸ਼ਰਮਾ ਗੈਸਟ ਆਫ ਆਨਰ ਬਣੇ

**ਫਗਵਾੜਾ (ਡਾ. ਰਮਨ, ਢੱਡਾ)**- ਫਗਵਾੜਾ ਦੇ ਨੌਜਵਾਨ ਵਕੀਲ ਅਤੇ ਬਾਰ ਐਸੋਸੀਏਸ਼ਨ ਫਗਵਾੜਾ ਦੇ ਉਪ ਪ੍ਰਧਾਨ ਐਡਵੋਕੇਟ ਰੋਹਿਤ ਸ਼ਰਮਾ ਨੂੰ ਸੇਂਟ ਸੋਲਜਰ ਲਾਅ ਕਾਲਜ, ਜਲੰਧਰ ਵਿਖੇ



ਐਲੂਮਨੀ ਐਸੋਸੀਏਸ਼ਨ ਵੱਲੋਂ ਸ਼ਨੀਵਾਰ ਨੂੰ ਆਯੋਜਿਤ ਇੱਕ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਐਡਵੋਕੇਟ ਰੋਹਿਤ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਕਾਨੂੰਨੀ ਸਿੱਖਿਆ ਸੇਂਟ ਸੋਲਜਰ ਲਾਅ ਕਾਲਜ ਜਲੰਧਰ ਤੋਂ ਪ੍ਰਾਪਤ ਕੀਤੀ ਹੈ। ਉਨ੍ਹਾਂ ਨੂੰ ਉਕਤ ਸਮਾਗਮ 'ਚ ਗੈਸਟ ਆਫ ਆਨਰ ਵਜੋਂ ਸੱਦਾ ਦਿੱਤਾ ਗਿਆ ਸੀ। ਇਹ ਸਮਾਗਮ ਐਲੂਮਨੀ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਸ਼ੁਕਰਗੁਜ਼ਾਰ, ਜਨਰਲ ਸਕੱਤਰ ਐਡਵੋਕੇਟ ਰਾਹੁਲ ਰਾਮਪਾਲ, ਐਲੂਮਨੀ ਡੀਨ ਸੰਦੀਪ ਰਾਣੀ, ਐਸੋਸੀਏਟ ਡੀਨ ਐਲੂਮਨੀ ਐਸੋਸੀਏਸ਼ਨ ਰਿੰਕਾ ਰਾਣੀ ਦੀ ਸਾਂਝੀ ਪ੍ਰਧਾਨਗੀ ਹੇਠ ਆਯੋਜਿਤ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਡਾ. ਸੁਭਾਸ਼ ਚੰਦਰ ਸ਼ਰਮਾ ਸਾਬਕਾ ਐਚ.ਓ.ਡੀ. ਗੁਰੂ ਨਾਨਕ ਦੇਵ ਯੂਨੀਵਰਸਿਟੀ ਬ੍ਰਾਂਚ ਰੀਜਨਲ ਕੈਂਪਸ ਲੱਧੇਵਾਲੀ ਜਲੰਧਰ ਅਤੇ ਮੌਜੂਦਾ ਡਾਇਰੈਕਟਰ ਸੇਂਟ ਸੋਲਜਰ ਲਾਅ ਕਾਲਜ ਜਲੰਧਰ ਨੇ ਉਨ੍ਹਾਂ ਨੂੰ ਕਾਨੂੰਨ ਦਾ ਚੰਗਾ ਜਾਣਕਾਰ ਹੋਣ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ। ਸਮਾਗਮ ਵਿੱਚ ਪ੍ਰੋਫੈਸਰ ਅੰਮ੍ਰਿਤ ਕੌਰ, ਐਡਵੋਕੇਟ ਤਰਸੇਮ ਸਿੰਘ ਟਕ, ਐਡਵੋਕੇਟ ਹਰਪ੍ਰੀਤ ਸਿੰਘ, ਐਡਵੋਕੇਟ ਵਿਕਾਸ ਅਰੋੜਾ, ਐਡਵੋਕੇਟ ਦਮਨ, ਨਵਦੀਪ ਚੌਧਰੀ, ਸੰਗੀਤਾ, ਐਡਵੋਕੇਟ ਅਮਨ ਵਲਜੋਤ ਪਠਾਨਕੋਟ, ਪਵਨਦੀਪ ਕੌਰ ਲਾਅ ਅਫ਼ਸਰ ਪੰਜਾਬ ਪੁਲਸ ਵੀ ਮੌਜੂਦ ਸਨ।

# ਹਨੇਰੀ ਕਾਰਨ ਕਾਰ 'ਤੇ ਡਿੱਗਾ ਦਰੱਖਤ



**ਫਿਲੌਰ (ਨਿਰਮਲ)**- ਦੇਰ ਸ਼ਾਮ ਚੱਲੀ ਹਨੇਰੀ ਕਾਰਨ ਡੀ ਐੱਸ ਪੀ ਦਫ਼ਤਰ ਫਿਲੌਰ ਦੇ ਬਿਲਕੁਲ ਨੇੜੇ ਇਕ ਚਿੱਟੇ ਰੰਗ ਦੀ ਕਰੇਟਾ ਜਾ ਰਹੀ ਸੀ, ਜਿਸ 'ਤੇ ਇਕ ਵੱਡਾ ਭਾਰੀ ਦਰੱਖ਼ਤ ਡਿੱਗ ਗਿਆ, ਜਿਸ ਕਾਰਨ ਕਰੇਟਾ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਗਿਆ। ਪਰ ਗੱਡੀ 'ਚ ਸਵਾਰ ਲੋਕਾਂ ਦੀ ਜਾਨ ਬਚ ਗਈ ਤੇ ਸੜਕ ਵਿਚਾਲੇ ਦਰੱਖ਼ਤ ਡਿੱਗਣ ਕਾਰਨ ਆਉਣ-ਜਾਣ ਵਾਲੇ ਵਾਹਨਾਂ ਨੂੰ ਕਾਫੀ ਦਿੱਕਤ ਦਾ ਸਾਹਮਣਾ ਕਰਨਾ ਪਿਆ।

# ਕੰਧਾਲਾ ਜੱਟਾਂ 'ਚ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਵੇਗਾ ਸ਼ਹੀਦੀ ਦਿਹਾੜਾ

**ਅੱਡਾ ਸਰਾਂ (ਜਸਵੀਰ ਕਾਜਲ)**- ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਗੁਰਦੁਆਰਾ ਧੰਨ ਧੰਨ ਬਾਬਾ ਬਿਸ਼ਨ ਸਿੰਘ ਜੀ ਚੜ੍ਹਦੀ ਪੱਤੀ ਕੰਧਾਲਾ ਜੱਟਾਂ ਵਿਖੇ 30 ਮਈ ਨੂੰ ਸਮੂਹ ਸੰਗਤ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਵੇਗਾ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਬਾਬਾ ਅਵਤਾਰ ਸਿੰਘ, ਪ੍ਰਧਾਨ ਗੁਰਵਿੰਦਰ ਸਿੰਘ ਗਿੱਤਾ ਨੇ ਦੱਸਿਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਨਗਰ ਨਿਵਾਸੀ ਸੰਗਤ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਦੇ ਸਬੰਧ ਵਿੱਚ 28 ਮਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਆਰੰਭ ਹੋਣਗੇ, ਜਿਨ੍ਹਾ ਦੇ ਭੋਗ 30 ਮਈ ਨੂੰ ਸਵੇਰੇ ਠੀਕ 11 ਵਜੇ ਪਾਏ ਜਾਣਗੇ । ਇਸ ਉਪਰੰਤ ਭਾਈ ਜੋਗਿੰਦਰ ਸਿੰਘ ਬੈਂਚ ਖੁਰਦ ਵਾਲਿਆਂ ਦਾ ਕੀਰਤਨੀ ਜੱਥਾ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰੇਗਾ । ਇਸ ਦਿਨ ਠੰਢੇ ਮਿੱਠੇ ਜਲ ਦੀ ਛਬੀਲ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ।



# ਸੀ ਟੀ ਮਕਸੂਦਾਂ ਕੈਂਪਸ 'ਚ ਸ਼ਾਇਨਿੰਗ ਸਟਾਰਸ ਸਮਾਰੋਹ

**ਜਲੰਧਰ (ਸ਼ੈਲੀ ਐਲਬਰਟ)**- ਮਕਸੂਦਾਂ ਸਥਿਤ ਸੀ.ਟੀ. ਗਰੁੱਪ ਆਫ਼ ਇੰਸਟੀਚਿਊਸ਼ਨਜ਼, ਨਾਰਥ ਕੈਂਪਸ ਵੱਲੋਂ ਦੋ ਦਿਨਾਂ ਤੱਕ ਚੱਲਣ ਵਾਲਾ ਸਾਲਾਨਾ ਸਨਮਾਨ ਸਮਾਰੋਹ ਸ਼ਾਇਨਿੰਗ ਸਟਾਰਸ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਵਿੱਚ ਪੰਜਾਬ ਦੇ 70+ ਸਕੂਲਾਂ ਦੇ 800+ ਮੇਧਾਵੀ ਵਿਦਿਆਰਥੀਆਂ ਦੀਆਂ ਸ਼ਾਨਦਾਰ ਅਕਾਦਮਿਕ ਪ੍ਰਾਪਤੀਆਂ ਨੂੰ ਸਨਮਾਨਤ ਕੀਤਾ ਗਿਆ। ਜਲੰਧਰ, ਟਾਂਡਾ, ਹੁਸ਼ਿਆਰਪੁਰ, ਮੋਗਾ, ਮੁਕੇਰੀਆਂ, ਦਸੂਹਾ, ਕਪੂਰਥਲਾ, ਅੰਮ੍ਰਿਤਸਰ ਅਤੇ ਮਾਨਸਾ ਤੋਂ ਵਿਦਿਆਰਥੀ ਇਸ ਸਮਾਰੋਹ ਵਿੱਚ ਸ਼ਾਮਲ ਹੋਏ। ਵਿਦਿਆਰਥੀਆਂ ਨੂੰ 12ਵੀਂ ਕਲਾਸ ਵਿੱਚ ਉਨ੍ਹਾਂ ਦੇ ਸ਼ਾਨਦਾਰ ਨਤੀਜਿਆਂ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਧਿਆਪਕਾਂ, ਸਕੂਲ ਮੁਖੀਆਂ, ਮਾਪਿਆਂ ਅਤੇ ਗਣਮਾਨਿਤ ਮਹਿਮਾਨਾਂ ਦੀ ਉਪਸਥਿਤੀ ਰਹੀ। ਸਮਾਰੋਹ ਵਿੱਚ ਮੌਜੂਦ ਗਣਮਾਨਿਤ ਮਹਿਮਾਨਾਂ ਵਿੱਚ ਕਰਨਲ ਵਿਨੋਦ ਜੋਸ਼ੀ, ਏ.ਸੀ.ਪੀ ਨਾਰਥ ਆਤਿਸ਼ ਭਾਟੀਆ, ਡਿਪਟੀ ਜ਼ਿਲ੍ਹਾ ਸਿੱਖਿਆ ਅਧਿਕਾਰੀ ਕਪੂਰਥਲਾ ਰਾਕੇਸ਼ ਕੁਮਾਰ, ਸੀ.ਟੀ. ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਐਗਜ਼ੀਕਿਊਟਿਵ ਡਾਇਰੈਕਟਰ ਡਾ. ਨਿਤਿਨ ਟੰਡਨ ਅਤੇ ਕੈਂਪਸ ਡਾਇਰੈਕਟਰ ਡਾ. ਅਨੁਰਾਗ ਸ਼ਰਮਾ ਸ਼ਾਮਲ ਹੋਏ।ਚੇਅਰਮੈਨ ਚਰਨਜੀਤ ਸਿੰਘ ਸੈਣੀ ਨੇ ਮੇਧਾਵੀ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਅੱਜ ਅਸੀਂ ਸਿਰਫ਼ ਨੰਬਰਾਂ ਨੂੰ ਨਹੀਂ, ਸਗੋਂ ਯੁਵਾਵਾਂ ਦੇ ਚਰਿੱਤਰ, ਅਨੁਸ਼ਾਸਨ ਅਤੇ ਸੰਭਾਵਨਾਵਾਂ ਨੂੰ ਸਨਮਾਨਤ ਕਰ ਰਹੇ ਹਾਂ। ਇਹ ਵਿਦਿਆਰਥੀ ਸਾਡੇ ਦੇਸ਼ ਦਾ ਭਵਿੱਖ ਹਨ, ਅਤੇ ਸੀ.ਟੀ. ਗਰੁੱਪ ਹਮੇਸ਼ਾਂ ਉਨ੍ਹਾਂ ਦੇ ਨਾਲ ਖੜ੍ਹਾ ਰਹੇਗਾ।ਰੇਡੀਓ ਸਿਟੀ ਦੇ ਆਰ.ਜੇ. ਵੈੱਲਾ ਵਿਕਰਾਂਤ ਅਤੇ ਆਰ.ਜੇ. ਐਵੀ ਨੇ ਸਮਾਰੋਹ ਨੂੰ ਹੋਰ ਵੀ ਰੋਮਾਂਚਕ ਬਣਾਇਆ।




# ਕੁਲਬੀਰ ਕੌਰ ਦੇ ਅਕਾਲ ਚਲਾਣੇ 'ਤੇ ਬਾਦਲ ਨੇ ਕੀਤਾ ਦੁੱਖ ਸਾਂਝਾ

**ਮੋਹਾਲੀ (ਗੁਰਜੀਤ ਬਿੱਲਾ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਰਾਮਗੜ੍ਹੀਆ ਸਭਾ ਦੀ ਧਾਰਮਿਕ ਕਮੇਟੀ ਦੇ ਚੈਅਰਮੇਨ, ਗੁਰਦੁਆਰਾ ਤਾਲਮੇਲ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਭਾ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਮਾਨ ਦੀ ਧਰਮ ਪਤਨੀ ਕੁਲਬੀਰ ਕੌਰ ਦੇ ਅਕਾਲ ਚਲਾਣਾ ਕਰ ਜਾਣ ਤੇ ਉਹਨਾਂ ਦੇ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਹਨਾਂ ਦੇ ਗ੍ਰਹਿ ਵਿਖੇ ਪਹੁੰਚੇ।ਬਾਦਲ ਨੇ ਕਿਹਾ ਕਿ ਕੁਲਬੀਰ ਕੌਰ ਇਕ ਸੰਸਕਾਰਵਾਨ, ਧੀਰਜਵਾਨ ਅਤੇ ਪਰਮ ਧਾਰਮਿਕ ਸ਼ਖ਼ਸੀਅਤ ਸਨ। ਉਹ ਇਕ ਵਧੀਆ ਜੀਵਨ ਸਾਥੀ ਦੇ ਨਾਤੇ ਆਪਣੇ ਪਰਵਾਰ ਦੀ ਰੀੜ੍ਹ ਦੀ ਹੱਡੀ ਬਣੇ ਰਹੇ। ਉਨ੍ਹਾਂ ਦੀ ਕਮੀ ਸਦਾ ਮਹਿਸੂਸ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਮਨਜੀਤ ਸਿੰਘ ਮਾਨ ਨੇ ਹਮੇਸ਼ਾ ਇਮਾਨਦਾਰੀ, ਨਿਸ਼ਠਾ ਅਤੇ ਸੇਵਾ ਨੂੰ ਆਪਣਾ ਮੰਤਰ ਬਣਾਇਆ, ਅਤੇ ਉਹਨਾਂ ਦੀ ਧਰਮ ਪਤਨੀ ਨੇ ਹਮੇਸ਼ਾ ਉਨ੍ਹਾਂ ਦੇ ਸਫਰ ਵਿੱਚ ਭਰਪੂਰ ਸਾਥ ਦਿੱਤਾ। ਅਸੀਂ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਉਨ੍ਹਾਂ ਦੀ ਆਤਮਾ ਨੂੰ ਆਪਣਾ ਚਰਣ ਸ਼ਰਨ ਬਖ਼ਸ਼ੇ ਅਤੇ ਪਰਿਵਾਰ ਨੂੰ ਇਹ ਭਾਰੀ ਦੁੱਖ ਸਹਿਣ ਦੀ ਸ਼ਕਤੀ ਦੇਵੇ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਰਮਨ ਅਰੋੜਾ ਦੀ ਗ੍ਰਿਫਤਾਰੀ ਸਿਰਫ ਇੱਕ ਡਰਾਮਾ ਹੈ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਇਹ ਲੱਗਦਾ ਹੈ ਕਿ ਉਹ ਇਸ ਤਰ੍ਹਾਂ ਦੇ ਡਰਾਮੇ ਕਰਕੇ ਲੋਕਾਂ ਨੂੰ ਸਵੇਰ ਤੋਂ ਗੁਮਰਾਹ ਕਰ ਲਏਗੀ ਪਰ ਹੁਣ ਅਜਿਹਾ ਨਹੀਂ ਹੋਵੇਗਾ। ਉਹਨਾਂ ਕਿਹਾ ਕਿ ਕੋਈ ਕਾਰਵਾਈ ਨਹੀਂ ਹੋਈ, ਪਹਿਲਾਂ ਵੀ ਸਾਰਿਆਂ ਨੇ ਵੇਖਿਆ ਹੈ ਕਿ ਜਿਨਾਂ ਉੱਤੇ ਕਾਰਵਾਈ ਕੀਤੀ ਉਹ ਸਾਰੇ ਇਹਨਾਂ ਦੇ ਨਾਲ ਤੁਰੇ ਫਿਰਦੇ ਹਨ।ਉਹਨਾਂ ਲੁਧਿਆਣਾ ਵਿੱਚ ਜ਼ਮੀਨ ਅਕਵਾਇਰ ਹੋਣ ਸਬੰਧੀ 31 ਮਈ ਨੂੰ ਦਿੱਤੇ ਜਾਣ ਵਾਲੇ ਧਰਨੇ ਬਾਰੇ ਕਿਹਾ ਕਿ ਸੂਬੇ ਦੇ ਇਤਿਹਾਸ ਵਿਚ ਪਹਿਲਾਂ ਕਦੇ ਵੀ ਅਜਿਹਾ ਨਹੀਂ ਹੋਇਆ। ਉਹਨਾਂ ਕਿਹਾ ਕਿ ਕਰੋੜਾਂ ਰੁਪਏ ਦਾ ਘਪਲਾ ਹੈ ਅਤੇ ਉਹਨਾਂ ਕਿਹਾ ਕਿ ਅਸੀਂ ਦਿਨ ਦਿਹਾੜੇ ਇਹ ਡਾਕਾ ਨਹੀਂ ਪੈਣ ਦਿਆਂਗੇ। ਇਸ ਮੌਕੇ ਹਲਕਾ ਇੰਚਾਰਜ ਪਰਵਿੰਦਰ ਸਿੰਘ ਸੋਹਾਣਾ, ਪ੍ਰਦੀਪ ਸਿੰਘ ਭਾਰਜ, ਕਮਲਜੀਤ ਸਿੰਘ ਰੂਬੀ ਹਰਮਨਪ੍ਰੀਤ ਸਿੰਘ ਪ੍ਰਿੰਸ, ਕੁਲਦੀਪ ਕੌਰ ਕੰਗ, ਦਰਸ਼ਨ ਸਿੰਘ ਕਲਸੀ, ਜਸਵੰਤ ਸਿੰਘ ਭੁੱਲਰ, ਨਰਿੰਦਰ ਸਿੰਘ ਸੰਧੂ, ਚਰਨਜੀਤ ਸਿੰਘ ਮਾਨ, ਭੁਪਿੰਦਰ ਸਿੰਘ ਮਾਨ, ਜੋਗਿੰਦਰ ਸਿੰਘ ਸੋਂਧੀ, ਅਮਰਜੀਤ ਸਿੰਘ ਪਾਹਵਾ, ਕਰਮ ਸਿੰਘ ਬਬਰਾ, ਗੁਰਚਰਨ ਸਿੰਘ ਨੰਨੜਾ, ਪਰਮਜੀਤ ਸਿੰਘ ਗਿੱਲ, ਬਹਾਦਰ ਸਿੰਘ, ਗੁਰਮੀਤ ਸਿੰਘ ਜੰਡੂ, ਸਰਬਜੀਤ ਸਿੰਘ ਬਾਜਵਾ, ਰਮਨਦੀਪ ਸਿੰਘ ਬਾਵਾ, ਸ਼ਮਸ਼ੇਰ ਸਿੰਘ ਪੁਰਖਾਲਵੀ, ਜਸਵੀਰ ਸਿੰਘ ਜੱਸਾ, ਅਮਨ ਪੂਨੀਆਂ ਬਲਜੀਤ ਸਿੰਘ ਦੈੜੀ, ਨੰਬਰਦਾਰ ਹਰਿੰਦਰ ਸਿੰਘ, ਕਰਮਜੀਤ ਸਿੰਘ ਨੰਬਰਦਾਰ ਮੌਲੀ, ਕੁਲਦੀਪ ਸਿੰਘ ਬੈਰਮਪੁਰ, ਸਮੇਤ ਹੋਰ ਪਤਵੰਤੇ ਤੇ ਸੱਜਣ ਹਾਜ਼ਰ ਸਨ।

